# ਆਸਾ ਦੀ ਵਾਰ ਵਿਚ ਸਮਾਜਕ ਚੇਤਨਾ

# ASA DI VAR VICH SAMAJAK CHETNA

**THESIS**

SUBMITTED TO THE PANJAB UNIVERSITY, CHANDIGARH

FOR THE DEGREE OF

**DOCTOR OF PHILOSOPHY**

IN THE FACULTY OF LANGUAGES

**1992**

**Amrit Kaur**

PANJAB UNIVERSITY LIBRARY

Sri Satguru Jagjit Singh Ji eLibrary NamdhariElibrary@gmail.com

# ਤਤਕਰਾ


| | | |
|---|---|---|
| | | ਪੰਨਾ |
| ਭੂਮਿਕਾ | | 1-4 |
| ਅਧਿਆਇ ਪਹਿਲਾ : | ਸਮਾਜਕ ਚੇਤਨਾ ਦਾ ਸਿਧਾਂਤਕ - ਵਿਵੇਚਨ | 5-45 |
| | (ੳ) ਸਮਾਜਕ ਚੇਤਨਾ ਦੀ ਪਰਿਭਾਸ਼ਾ | |
| | (ਅ) ਸਾਹਿਤ ਵਿਚ ਸਮਾਜਕ ਚੇਤਨਾ ਦਾ ਸਥਾਨ | |
| | (ੲ) ਮੱਧਕਾਲੀਨ ਧਰਮ ਸਾਧਨਾ ਅਤੇ ਸਮਾਜਕ ਚੇਤਨਾ | |
| ਅਧਿਆਇ ਦੂਜਾ : | ਆਸਾ ਦੀ ਵਾਰ ਵਿਚ ਸਮਾਜਕ ਸਥਿਤੀ ਦੀ ਚੇਤਨਾ | 46-93 |
| | (ੳ) ਮਾਨਵਵਾਦ: ਪਰਿਭਾਸ਼ਾ | |
| | (ਅ) ਗੁਰੂ ਨਾਨਕ ਦਾ ਮਾਨਵਵਾਦ | |
| | (ੲ) ਸਮਾਜਕ ਨੈਤਿਕਤਾ ਅਤੇ ਕਿਰਤ | |
| | (ਸ) ਸਮਾਜਕ ਰਸਮਾਂ ਅਤੇ ਵਹਿਮਾਂ ਭਰਮਾਂ ਦਾ ਖੰਡਨ | |
| | (ਹ) ਇਸਤਰੀ ਦਾ ਸਥਾਨ | |
| ਅਧਿਆਇ ਤੀਜਾ : | ਆਸਾ ਦੀ ਵਾਰ ਵਿਚ ਰਾਜਨੀਤਿਕ ਤੇ ਇਤਿਹਾਸਕ ਸਥਿਤੀ ਦੀ ਚੇਤਨਾ | 94-109 |
| ਅਧਿਆਇ ਚੌਥਾ : | ਆਸਾ ਦੀ ਵਾਰ ਵਿਚ ਧਾਰਮਿਕ ਸਥਿਤੀ ਦੀ ਚੇਤਨਾ | 110-129 |
| ਅਧਿਆਇ ਪੰਜਵਾਂ : | ਆਸਾ ਦੀ ਵਾਰ ਵਿਚ ਸਭਿਆਚਾਰਕ ਸਥਿਤੀ ਦੀ ਚੇਤਨਾ | [illegible]0-1[illegible] |
| ਨਿਸ਼ਕਰਸ਼ | | 150-156 |
| ਪੁਸਤਕ ਸੂਚੀ | | 157-167 |

# ਭੂਮਿਕਾ

ਗੁਰੂ ਨਾਨਕ ਦੇਵ ਜੀ ਦੀ ਬਾਣੀ ਬਹੁ-ਪੱਖੀ ਵਿਸ਼ਿਆਂ ਤੇ ਭਾਵਾਂ ਨਾਲ ਭਰਪੂਰ ਹੈ। ਗੁਰੂ ਸਾਹਿਬ ਦੀ ਵਿਚਾਰਧਾਰਾ ਆਸਤਕ ਮਾਨਵਵਾਦ ਦੀ ਸਰਬ ਵਿਆਪਕਤਾ ਨੂੰ ਸਥਾਪਿਤ ਤੇ ਉਜਾਗਰ ਕਰਨ ਵਾਲੀ ਸਦੀਵੀ ਕਰਾਂਤੀਕਾਰੀ ਵਿਚਾਰਧਾਰਾ ਹੈ। ਗੁਰੂ ਨਾਨਕ ਬਾਣੀ ਜਿਥੇ ਮਨੁੱਖ ਨੂੰ ਅਧਿਆਤਮਕ ਮਾਰਗ ਤੇ ਚਲਣ ਦੀ ਇਕ ਸੁਚੱਜੀ ਜੀਵਨ ਜਾਚ ਪ੍ਰਦਾਨ ਕਰਦੀ ਹੈ ਉਥੇ ਸਮ-ਕਾਲੀਨ ਸਮਾਜਕ, ਧਾਰਮਕ ਤੇ ਰਾਜਨੀਤਿਕ ਵਰਤਾਰਿਆਂ ਨੂੰ ਸਮਝਣ ਦਾ ਉਪਦੇਸ਼ ਵੀ ਦਿੰਦੀ ਹੈ। ਉਂਝ ਤਾਂ ਗੁਰੂ ਨਾਨਕ ਦੀ ਸੰਪੂਰਣ ਰਚਨਾ ਵਿਚ ਹੀ ਤਤਕਾਲੀਨ ਪਰਿਸਥਿਤੀਆਂ ਦਾ ਵਰਨਣ ਮਿਲਦਾ ਹੈ ਪਰ 'ਆਸਾ ਦੀ ਵਾਰ' ਵਿਚ ਇਹ ਚਿਤ੍ਰਣ ਅਨੁਪਮ ਹੈ। ਮੇਰੇ ਸੋਧ-ਪ੍ਰਬੰਧ ਦਾ ਵਿਸ਼ਾ 'ਆਸਾ ਦੀ ਵਾਰ ਵਿਚ ਸਮਾਜਕ ਚੇਤਨਾ' ਹੈ। ਇਸ ਵਿਚਾਰਧਾਰਾ ਦੇ ਅੰਤਰਗਤ ਗੁਰੂ ਸਾਹਿਬ ਨੇ ਵਿਅਕਤੀ ਤੇ ਸਮਾਜ ਦੇ ਦਵੰਦਾਤਮਕ ਸੰਬੰਧਾਂ ਨੂੰ ਵਿਸ਼ੇਸ਼ ਮਹੱਤਤਾ ਦਿਤੀ ਹੈ। ਇਕ ਪਾਸੇ ਲੋਕ ਵਿਰੋਧੀ, ਲੁਟੇਰੀ ਅਤੇ ਹਿੰਸਕ ਰਾਜ ਵਿਵਸਥਾ ਦਾ ਵਰਨਣ ਹੈ ਜੋ ਸਧਾਰਣ ਮਨੁੱਖ ਦੇ ਨੈਤਿਕ ਪਤਨ ਦਾ ਕਾਰਣ ਬਣਦੀ ਹੈ ਤੇ ਦੂਜੇ ਪਾਸੇ ਧਾਰਮਕ ਪਾਖੰਡ ਹੈ ਜੋ ਧਰਮ ਦੇ ਸਜੀਵੀ ਸਰੋਕਾਰਾਂ, ਸੰਸਕਾਰਾਂ, ਭਾਵ, ਸੱਚ ਦੀ ਖੋਜ, ਮਨੁੱਖੀ ਅਕਾਂਖਿਆਵਾਂ ਦਾ ਉਦਾਤੀਕਰਣ ਅਤੇ ਮਨੁੱਖ-ਮਨੁੱਖ ਵਿਚਾਲੇ ਭਰਾਤਰੀ-ਭਾਵਨਾ ਦਾ ਸੰਚਾਰ ਇਹਨਾਂ ਦੀਆਂ ਨੀਹਾਂ ਨੂੰ ਖੋਰਦਾ ਹੈ। ਗੁਰੂ ਨਾਨਕ ਨੇ ਰਾਜ ਵਿਵਸਥਾ ਦੇ ਆਤੰਕ ਅਤੇ ਸਮਾਜਕ ਵਿਵਸਥਾ ਦੇ ਵਿਘਟਨ ਵਿਚ ਇਨ੍ਹਾਂ ਦੋਹਾਂ ਰੁਚੀਆਂ ਨੂੰ ਕਾਰਜਸ਼ੀਲ ਦਰਸਾਇਆ ਹੈ।

ਮੈਂ ਇਹ ਵਿਸ਼ਾ ਇਸ ਲਈ ਚੁਣਿਆ ਹੈ ਕਿਉਂਕਿ ਇਕ ਤਾਂ ਮੇਰੀ ਗੁਰਬਾਣੀ ਵਿਚ ਬਾਕੀ ਸਾਹਿਤ ਰੂਪਾਂ ਨਾਲੋਂ ਵਧੇਰੇ ਦਿਲਚਸਪੀ ਹੈ ਦੂਜਾ ਮੇਰੇ ਅਵਚੇਤਨ ਤਕ ਉਤਰੇ ਧਾਰਮਿਕਤਾ ਦੇ ਸੰਸਕਾਰ ਹਨ ਜਿਨ੍ਹਾਂ ਕਰਕੇ ਮੈਂ ਇਸ ਵਿਸ਼ੇ ਉਤੇ ਸੋਧ-ਪ੍ਰਬੰਧ ਲਿਖਣ ਦਾ ਨਿਮਾਣਾ ਜਿਹਾ ਯਤਨ ਕੀਤਾ ਹੈ।

ਆਪਣੇ ਵਿਸ਼ੇ ਦੇ ਨਿਭਾਅ ਲਈ ਮੈਂ ਇਸ ਦੀ ਰੂਪ ਰੇਖਾ ਨਿਮਨ ਢੰਗ ਨਾਲ ਬਣਾਈ ਹੈ।

ਪਹਿਲਾ ਅਧਿਆਇ ਸਮਾਜਕ ਚੇਤਨਾ ਦੇ ਸਿਧਾਂਤਕ ਵਿਵੇਚਨ ਨਾਲ ਸੰਬੰਧਿਤ ਹੈ । ਇਸ ਵਿਚ ਪਹਿਲਾਂ ਸਮਾਜਕ ਚੇਤਨਾ ਦੀ ਪਰਿਭਾਸ਼ਾ ਦੱਸੀ ਗਈ ਹੈ, ਸਾਹਿਤ ਵਿਚ ਸਮਾਜਕ ਚੇਤਨਾ ਦਾ ਸਥਾਨ ਦਸਿਆ ਹੈ ਉਸ ਤੋਂ ਬਾਅਦ ਮੱਧਕਾਲੀਨ ਧਰਮ ਸਾਧਨਾ ਅਤੇ ਮੱਧਕਾਲੀਨ ਸਮਾਜਕ ਚੇਤਨਾ ਬਾਰੇ ਵਿਸਤਾਰ ਸਹਿਤ ਚਰਚਾ ਕੀਤੀ ਗਈ ਹੈ।

ਦੂਜਾ ਅਧਿਆਇ ਆਸਾ ਦੀ ਵਾਰ ਵਿਚ ਸਮਾਜਕ ਸਥਿਤੀ ਦੀ ਚੇਤਨਾ ਦੇ ਸੰਬੰਧ ਵਿਚ ਹੈ । ਇਸ ਅਧਿਆਇ ਨੂੰ ਅਗੋਂ ਪੰਜ ਹਿਸਿਆਂ ਵਿਚ ਵੰਡਿਆ ਹੈ ਪਹਿਲਾਂ ਮਾਨਵਵਾਦ ਦੀ ਪਰਿਭਾਸ਼ਾ ਦੱਸੀ ਹੈ। ਦੂਜੇ ਭਾਗ ਵਿਚ ਗੁਰੂ ਨਾਨਕ ਦੀਆਂ ਮਾਨਵਵਾਦੀ ਰੁਚੀਆਂ ਨੂੰ ਦਰਸਾਇਆ ਗਿਆ ਹੈ ਕਿ ਕਿਸ ਤਰ੍ਹਾਂ ਗੁਰੂ ਨਾਨਕ ਨੇ ਪ੍ਰਾਣੀ ਮਾਤਰ ਨੂੰ ਮਾਨਵ ਜੀਵਨ ਦੀ ਸ੍ਰੇਸ਼ਟਤਾ ਦੱਸਦਿਆਂ ਹੋਇਆਂ ਉਸ ਨੂੰ ਸ਼ੁਭ ਗੁਣਾਂ ਲਈ ਪ੍ਰੇਰਿਤ ਕੀਤਾ ਹੈ। ਤੀਜੇ ਹਿੱਸੇ ਵਿਚ ਗੁਰੂ ਸਾਹਿਬ ਮਨੁੱਖ ਨੂੰ ਨੈਤਿਕ ਗੁਣਾਂ ਨੂੰ ਅਪਨਾਉਣ ਦੀ ਪ੍ਰੇਰਨਾ ਦਿੰਦੇ ਹਨ। ਉਹਨਾਂ ਅਨੁਸਾਰ ਅਨੈਤਿਕ ਕੰਮ ਦੁੱਖ ਦੀ ਕਾਰਣ ਬਣਦੇ ਹਨ। ਮਨੁੱਖ ਨੂੰ ਪਾਖੰਡਾਂ ਨੂੰ ਤਿਆਗ ਕੇ ਸੁਧਤਾ ਰੂਪੀ ਨੈਤਿਕ ਗੁਣ ਨੂੰ ਅਪਨਾਉਣ ਦਾ ਮਾਰਗ ਦਰਸਾਇਆ ਹੈ ਤਾਂਹੀ ਪ੍ਰਭੂ ਦੀ ਪ੍ਰਾਪਤੀ ਸੰਭਵ ਹੈ। ਚੌਥੇ ਹਿੱਸੇ ਵਿਚ ਪਰੰਪਰਕ ਸਮਾਜਕ ਰਸਮਾਂ ਤੇ ਵਹਿਮਾਂ-ਭਰਮਾਂ ਦਾ ਖੰਡਨ ਕੀਤਾ ਗਿਆ ਹੈ ਅਤੇ ਨਾਲ ਹੀ ਅੰਤਿਮ ਭਾਗ ਵਿਚ ਸਮਾਜ ਵਿਚ ਇਸਤਰੀ ਦੇ ਸਥਾਨ ਬਾਰੇ ਚਰਚਾ ਕੀਤੀ ਗਈ ਹੈ।

ਤੀਜਾ ਅਧਿਆਇ ਰਾਜਨੀਤਿਕ ਤੇ ਇਤਿਹਾਸਕ ਸਥਿਤੀ ਦੀ ਚੇਤਨਾ ਨਾਲ ਸੰਬੰਧਿਤ ਹੈ। ਇਸ ਵਿਚ ਤਤਕਾਲੀਨ ਰਾਜਿਆਂ ਬਾਰੇ ਗੁਰੂ ਸਾਹਿਬ ਦੇ ਵਿਚਾਰ ਅਤੇ ਆਮ ਲੋਕਾਈ ਦੀ ਦਸ਼ਾ ਦਸਣ ਦੀ ਕੋਸ਼ਿਸ਼ ਕੀਤੀ ਹੈ।

ਚੌਥਾ ਅਧਿਆਇ ਧਾਰਮਿਕ ਸਥਿਤੀ ਦੀ ਚੇਤਨਾ ਨਾਲ ਸੰਬੰਧਿਤ ਹੈ । ਤਤਕਾਲੀ ਸਮੇਂ ਵਿਚ ਧਰਮ ਦਾ ਅਸਲੀ ਰੂਪ ਮਿਟ ਗਿਆ ਸੀ। ਫੋਕੇ ਕਰਮ-ਕਾਂਡਾਂ ਤੇ ਪਾਖੰਡਾਂ ਨੇ ਧਰਮ ਦੀ ਥਾਂ

ਲੈ ਲਈ ਸੀ। ਗੁਰੂ ਨਾਨਕ ਨੇ ਇਨ੍ਹਾਂ ਥੋਥੇ ਪਾਖੰਡਾਂ ਦੇ ਪਾਜ ਨੂੰ ਕਿਸ ਤਰ੍ਹਾਂ ਉਘਾੜਿਆ, ਇਸ ਅਧਿਆਇ ਵਿਚ ਇਹ ਦਰਸਾਉਣ ਦਾ ਉਪਰਾਲਾ ਕੀਤਾ ਹੈ।

ਪੰਜਵਾਂ ਅਧਿਆਇ ਆਸਾ ਦੀ ਵਾਰ ਵਿਚ ਸਭਿਆਚਾਰਕ ਸਥਿਤੀ ਦੀ ਚੇਤਨਾ ਨਾਲ ਸੰਬੰਧਿਤ ਹੈ। ਤੱਤਕਾਲੀਨ ਲੋਕਾਈ ਦੇ ਰਸਮੋ - ਰਿਵਾਜ, ਪੂਜਾ ਵਿਧੀਆਂ ਬਾਰੇ ਦਸਣ ਦੀ ਕੋਸ਼ਿਸ਼ ਕੀਤੀ ਹੈ।ਬੋਲੀ, ਪਹਿਰਾਵਾ, ਖਾਣ ਪੀਣ, ਰਹਿਣ ਸਹਿਣ, ਹਰਖ-ਸੋਗ ਆਦਿ ਦਾ ਲੇਖਾ ਜੋਖਾ ਜੋ ਆਸਾ ਦੀ ਵਾਰ ਵਿਚ ਦ੍ਰਿਸ਼ਟੀ ਗੋਚਰ ਹੁੰਦਾ ਹੈ ਉਹ ਹੋਰ ਕਿਸੇ ਤਤਕਾਲੀਨ ਸਾਹਿਤਕ ਕਿਰਤ ਵਿਚੋਂ ਨਹੀਂ ਮਿਲਦਾ।

ਛੇਵਾਂ ਅਧਿਆਇ ਸ਼ੋਧ-ਪ੍ਰਬੰਧ ਦੇ ਨਿਸ਼ਕਰਸ਼ ਸੰਬੰਧੀ ਹੈ। ਜਿਸ ਵਿਚ ਸਮੁੱਚੇ ਸ਼ੋਧ-ਪ੍ਰਬੰਧ ਦੀ ਪ੍ਰਾਪਤੀ ਨੂੰ ਸੰਖੇਪ ਰੂਪ ਵਿਚ ਅਨੁਬੰਧ ਕਰਨ ਦਾ ਯਤਨ ਕੀਤਾ ਹੈ। ਸਭ ਤੋਂ ਬਾਅਦ ਸਹਾਇਕ ਪੁਸਤਕ ਸੂਚੀ ਦਿਤੀ ਗਈ ਹੈ।

ਮੈਂ ਆਪਣੇ ਨਿਗਰਾਨ ਸਮਰਿਧ ਵਿਦਵਾਨ ਸਤਿਕਾਰਯੋਗ ਪ੍ਰੋਫ਼ੈਸਰ ਅਤਰ ਸਿੰਘ ਜੀ ਦੀ ਤਹਿ ਦਿਲੋਂ ਧੰਨਵਾਦੀ ਹਾਂ ਜਿਨ੍ਹਾਂ ਦੀ ਪ੍ਰੇਰਨਾ ਲਗਨ ਤੇ ਮਿਹਨਤ ਨੇ ਮੇਰੇ ਸ਼ੋਧ-ਪ੍ਰਬੰਧ ਨੂੰ ਉਚਿਤ ਦਿਸ਼ਾ ਪ੍ਰਦਾਨ ਕੀਤੀ ਅਤੇ ਮੇਰੀ ਹਰ ਸਮੱਸਿਆ ਨੂੰ ਹਲ ਕੀਤਾ। ਸ਼ਬਦਾਂ ਰਾਹੀਂ ਧੰਨਵਾਦ ਕਰਕੇ ਸ਼ਾਇਦ ਮੈਂ ਉਨ੍ਹਾਂ ਪ੍ਰਤਿ ਰਿਣ ਮੁਕਤ ਨਾ ਹੋ ਸਕਾਂ ਅਤੇ ਨਾ ਹੀ ਮੇਰੀ ਕੋਈ ਅਜੇਹੀ ਚੇਸ਼ਟਾ ਹੀ ਹੈ । ਮੈਂ ਸਿਰਫ ਮੂਕ ਭਾਵਨਾ ਰਾਹੀਂ ਹੀ ਉਨ੍ਹਾਂ ਵਲੋਂ ਮਿਲੀ ਸਿਖਿਆ ਦੀਖਿਆ ਅੱਗੇ ਨਤਮਸਤਕ ਕਰਦੀ ਹਾਂ।

ਮੈਂ ਆਪਣੇ ਵਿਭਾਗ ਦੇ ਚੇਅਰਮੈਨ ਸਤਿਕਾਰਯੋਗ ਡਾ. ਰਘਬੀਰ ਸਿੰਘ ਜੀ ਦੀ ਅਤੇ ਬਾਕੀ ਸਾਰੇ ਅਧਿਆਪਕ ਸਾਹਿਬਾਨ ਦੀ ਅਤਿ ਧੰਨਵਾਦੀ ਹਾਂ ਜਿਨ੍ਹਾਂ ਨੇ ਸਮੇਂ ਸਮੇਂ ਆਪਣੇ ਬਹੁ ਮੁੱਲੇ ਵਿਚਾਰ ਦਿੱਤੇ।

ਮੈਂ ਆਪਣੇ ਵਿਭਾਗ ਦੇ ਸਾਰੇ ਸਹਿਯੋਗੀਆਂ ਦਾ ਧੰਨਵਾਦ ਕਰਨਾ ਆਪਣਾ ਨੈਤਿਕ ਫਰਜ ਸਮਝਦੀ ਹਾਂ ਜਿਨ੍ਹਾਂ ਨੇ ਮੇਰੀ ਸਿਧੇ ਜਾਂ ਅਸਿਧੇ ਰੂਪ ਵਿਚ ਮਦਦ ਕੀਤੀ।

ਮੈਂ ਆਪਣੀ ਸਹੇਲੀ ਕੁਲਜੀਤ ਦੀ ਵੀ ਤਹਿ ਦਿਲੋਂ ਧੰਨਵਾਦੀ ਹਾਂ ਜਿਹੜੀ ਹਰ ਔਕੜ ਸਮੇਂ ਮੇਰੇ ਲਈ ਆਪਣਿਆਂ ਵਾਂਗ ਬਹੁੜੀ।

ਮੈਂ ਕੁਤਾਹੀ ਕਰ ਰਹੀ ਹੋਵਾਂਗੀ ਜੇਕਰ ਮੈਂ ਆਪਣੇ ਪਰਿਵਾਰ ਦੇ ਮੈਂਬਰਾਂ ਦਾ ਧੰਨਵਾਦ ਨਾ ਕਰਾਂ, ਜਿਨ੍ਹਾਂ ਨੇ ਪਰਿਵਾਰਕ ਉਲਝਣਾਂ ਤੇ ਦੁੱਖਾਂ-ਸੁੱਖਾਂ ਵਿਚ ਵੀ ਮੇਰੇ ਲਈ ਅਨੁਕੂਲ ਵਾਤਾਵਰਣ ਬਣਾਈ ਰੱਖਿਆ।

ਅੰਮ੍ਰਿਤ ਕੌਰ

( ਅੰਮ੍ਰਿਤ ਕੌਰ )

Sri Satguru Jagjit Singh Ji eLibrary NamdhariElibrary@gmail.com

ਅਧਿਆਇ ਪਹਿਲਾ :

*
*
*
*
*
*

## ਸਮਾਜਕ ਚੇਤਨਾ ਦਾ ਸਿਧਾਂਤਕ-ਵਿਵੇਚਨ

www.archive.org/details/namdhari



## ਸਮਾਜਕ ਚੇਤਨਾ ਦਾ ਸਿਧਾਂਤਕ-ਵਿਵੇਚਨ

### ਸਮਾਜਕ ਚੇਤਨਾ ਦੀ ਪਰਿਭਾਸ਼ਾ :

ਸਮਾਜਕ ਚੇਤਨਾ ਦਾ ਸੰਬੰਧ ਸਮਾਜ ਦੇ ਵਿਹਾਰਕ ਗਿਆਨ ਅਤੇ ਮਨੁੱਖ ਦੇ ਸਮਾਜਕ ਰੋਲ ਨਾਲ ਹੈ। ਸਮਾਜ ਵਿਚ ਵਿਚਰਦਿਆਂ ਹੀ ਮਨੁੱਖ ਨੂੰ ਇਕ ਵਿਅਕਤੀ ਦੇ ਤੌਰ ਤੇ ਅਤੇ ਕਿਸੇ ਜਮਾਤ ਦਾ ਅੰਗ ਹੋਣ ਦੇ ਨਾਤੇ ਜੋ ਅਨੁਭਵੀ ਸੋਝੀ ਹੁੰਦੀ ਹੈ, ਉਹ ਉਸ ਦੀ ਸਮਾਜਕ ਚੇਤਨਾ ਹੁੰਦੀ ਹੈ। ਇਸ ਦੇ ਅੰਤਰਗਤ ਸਮਾਜਕ ਪ੍ਰਬੰਧ ਦੀ ਸਮਝ, ਸਮਾਜ ਵਿਚ ਵਿਭਿੰਨ ਸਮਾਜਕ ਸੰਸਥਾਵਾਂ ਦੇ ਰੂਪ ਮੂਲਕ ਵਿਵੇਕ ਅਤੇ ਉਹਨਾਂ ਦੇ ਪ੍ਰਕਾਰਜ, ਸਮਾਜ ਦੀਆਂ ਵਿਭਿੰਨ ਇਕਾਈਆਂ ਦੇ ਦਰਮਿਆਨ ਉਤਪੰਨ ਹੋਏ ਸੰਬੰਧਾਂ, ਸਮਾਜ ਦੀ ਤਬਦੀਲੀ ਦੇ ਵੇਗ ਵਿਭਿੰਨ ਜਮਾਤਾਂ, ਵਰਗਾਂ ਸੰਸਥਾਵਾਂ ਅਤੇ ਹੋਰਨਾ ਤੱਤਾਂ ਦੇ ਆਪਸੀ ਸੰਬੰਧਾਂ ਅਤੇ ਕਾਰਜਾਂ ਸੰਬੰਧੀ ਪ੍ਰਯੋਜਨ ਮੁੱਖ ਗਿਆਨ ਦਾ ਨਾਂ ਸਮਾਜਕ ਚੇਤਨਾ ਹੈ। ਸਮਾਜਕ-ਚੇਤਨਾ ਦਾ ਸੰਬੰਧ ਸਮਾਜਕ ਜੀਵਨ ਦੇ ਹਰ ਖੇਤਰ ਵਿਚ ਹੁੰਦਾ ਹੈ।

ਸਾਡੀ ਚੇਤਨਤਾ ਸਮੇਂ ਦੀ ਪ੍ਰਸਥਿਤੀਆਂ ਦੇ ਪ੍ਰਤੀਕਰਮ ਦਾ ਨਾਮ-ਮਾਤਰ ਹੁੰਦੀ ਹੈ। ਚੇਤਨਾ ਦਾ ਸੰਬੰਧ ਸਿੱਧਾ ਮਨੁੱਖ ਦੀਆਂ ਪ੍ਰਾਪਤੀਆਂ/ਅਤੇ ਅਪ੍ਰਾਪਤੀਆਂ ਨਾਲ ਜੁੜਦਾ ਹੈ। ਚੇਤਨਾ ਵਿਕਾਸ ਦਾ ਮੂਲ ਅਤੇ ਪ੍ਰਗਤੀ ਦਾ ਕੇਂਦਰ ਹੈ। ਵਿਕਾਸ ਮਨੁੱਖ ਦਾ ਸੁਭਾਅ ਤੇ ਜੀਵਨ ਹੈ। ਇਸ ਲਈ ਚੇਤਨਾ ਅਤੇ ਵਿਕਾਸ ਆਪਸ ਵਿਚ ਸੰਬੰਧਤ ਹਨ। ਸਮੇਂ ਦੇ ਵਿਕਾਸ ਦੇ ਨਾਲ ਨਾਲ ਮਨੁੱਖੀ ਚੇਤਨਾ ਵੀ ਆਪਣਾ ਰੂਪ ਬਦਲਦੀ ਗਈ। ਮਨੁੱਖੀ ਚੇਤਨਾ ਬਾਰੇ ਖੁਰਸ਼ੀਦ ਦੇ ਵਿਚਾਰ:

> ਮਨੁੱਖੀ ਚੇਤਨਾ ਇਕ ਛਿਣ ਤੋਂ ਦੂਜੇ ਛਿਣ ਦੇ ਸਫ਼ਰ ਤਕ ਬਦਲਦੀ ਜਾ ਰਹੀ ਹੈ ਅਤੇ ਏਨੀ ਛੇਤੀ ਹੀ ਸਾਡੀ ਪਰੰਪਰਾ ਵਿਚ ਪਰਿਵਰਤਨ ਆ ਰਿਹਾ ਹੈ।[1]

Sri Satguru Jagjit Singh Ji eLibrary NamdhariElibrary@gmail.com

> ਚੇਤਨਾ, ਇਕ ਸੰਗਠਿਤ ਪਦਾਰਥ ਦੀ ਉਪਜ ਹੈ, ਦਿਮਾਗੀ ਸਰਗਰਮੀ ਦੀ ਉਪਜ। ਚੇਤਨਾ, ਸਰੀਰ ਜਾਂ ਗਿਆਨ ਤੰਤੂਆਂ ਵਿਚ ਵਾਪਰ ਰਹੇ ਪਦਾਰਥਕ ਅਮਲ ਉਤੇ ਨਿਰਭਰ ਹੈ। ਚੇਤਨਾ ਵਸਤਾਂ ਦਾ ਤਸੱਵਰ ਤੇ ਦ੍ਰਿਸ਼ਟੀ-ਵਿਸ਼ਾ ਹੈ, ਜਿਹੜਾ ਸਾਡੇ ਦਿਮਾਗ ਵਿਚ ਹੈ।[2]

ਜਿਸ ਤਰ੍ਹਾਂ ਪ੍ਰਕ੍ਰਿਤੀ ਦੀ ਹਰ ਚੀਜ਼ ਲਗਾਤਾਰ ਹਰਕਤ ਕਰ ਰਹੀ ਹੈ, ਇਸੀ ਤਰ੍ਹਾਂ ਸਮਾਜੀ ਜ਼ਿੰਦਗੀ ਵੀ ਇਕ ਥਾਂ ਨਹੀਂ ਠਹਿਰਦੀ । ਇਸੀ ਤਰ੍ਹਾਂ ਮਨੁੱਖੀ ਚੇਤਨਾ ਵੀ ਲਗਾਤਾਰ ਵਧਦੀ ਰਹਿੰਦੀ ਹੈ। ਸਮਾਜੀ ਚੇਤਨਾ ਵਿਅਕਤੀ ਹੋਂਦ ਤੋਂ ਪਿਛੇ ਰਹਿ ਜਾਂਦੀ ਹੈ, ਕਿਉਂਕਿ ਪਹਿਲਾਂ ਲੋਕਾਂ ਦੀ ਸਮਾਜੀ ਹੋਂਦ ਤਬਦੀਲ ਹੁੰਦੀ ਹੈ। ਸਭ ਤੋਂ ਪਹਿਲਾਂ ਸਾਨੂੰ ਸਮਾਜੀ ਅਤੇ ਵਿਅਕਤੀਗਤ ਚੇਤਨਤਾ, ਸਮਾਜੀ ਮਾਨਸਕ ਅਵਸਥਾ ਅਤੇ ਵਿਚਾਰਧਾਰਾ ਵਿਚ ਫਰਕ ਕਰਨਾ ਚਾਹੀਦਾ ਹੈ। ਸਮਾਜੀ ਚੇਤਨਤਾ ਦੇ ਭਿੰਨ ਭਿੰਨ ਰੂਪ ਹਨ। ਰਾਜਸੀ ਅਤੇ ਕਾਨੂੰਨੀ ਵਿਚਾਰ, ਸਦਾਚਾਰ, ਕਲਾ, ਦਰਸ਼ਨ ਅਤੇ ਧਰਮ। ਵਿਗਿਆਨ ਵੀ ਸਮਾਜਕ ਚੇਤਨਤਾ ਦਾ ਰੂਪ ਹੈ ਪਰ ਇਹ ਸਮਾਜ ਦੀ ਉਤਪਾਦਕ ਸ਼ਕਤੀ ਦੇ ਰੂਪ ਵਿਚ ਬਦਲਦਾ ਜਾ ਰਿਹਾ ਹੈ। ਸਮਾਜੀ ਚੇਤਨਾ ਦੇ ਵੱਖ-ਵੱਖ ਰੂਪ ਆਪਣੇ ਢੰਗ ਨਾਲ ਉਭਰਦੇ ਅਤੇ ਪ੍ਰਫੁਲਤ ਹੁੰਦੇ ਹਨ ਅਤੇ ਸਮਾਜੀ ਹੋਂਦ ਦੇ ਵੱਖ-ਵੱਖ ਹਿੱਸਿਆਂ ਨੂੰ ਪ੍ਰਤਿਬਿੰਬਤ ਕਰਦੇ ਹਨ।

ਲੋਕਾਂ ਦੀ ਸਮਾਜੀ ਚੇਤਨਾ ਉਹਨਾਂ ਦੀ ਸਮਾਜੀ ਹੋਂਦ ਦੀ ਉਪਜ ਹੈ। ਸਮਾਜ ਦੇ ਇਤਿਹਾਸ ਤੋਂ ਪਤਾ ਲਗਦਾ ਹੈ ਕਿ ਸਮਾਜੀ ਹੋਂਦ ਉਹਨਾਂ ਦੇ ਪਦਾਰਥਕ ਉਤਪਾਦਨ ਸੰਬੰਧ ਤਬਦੀਲ ਹੁੰਦੇ ਹਨ ਉਸੀ ਤਰ੍ਹਾਂ ਹੌਲੀ ਹੌਲੀ ਉਹਨਾਂ ਦੀ ਚੇਤਨਾ ਵੀ ਤਬਦੀਲ ਹੁੰਦੀ ਰਹਿੰਦੀ ਹੈ। ਪੁਰਾਣੇ ਵਿਚਾਰ ਲੋਪ ਹੋ ਜਾਂਦੇ ਹਨ ਅਤੇ ਨਵੇਂ ਉਭਰਦੇ ਹਨ ਜਿਹੜੇ ਨਵੀਆਂ ਪਰਿਸਥਿਤੀਆਂ ਅਤੇ ਨਵੀਆਂ ਸਮਾਜ ਦੀਆਂ ਲੋੜਾਂ ਮੁਤਾਬਕ ਹੁੰਦੇ ਹਨ। ਉਦਾਹਰਣ ਦੀ ਤੌਰ ਤੇ ਸੋਸ਼ਲਿਜ਼ਮ ਦੀ ਜਿਤ ਨਾਲ ਲੋਕਾਂ ਦੀ ਸਮਾਜੀ ਹੋਂਦ ਵਿਚ ਬੁਨਿਆਦੀ ਪਰਿਵਰਤਨ ਆਇਆ। ਸੋਸ਼ਲਿਸਟ ਮਾਲਕੀ ਨੇ ਸਰਮਾਏਦਾਰੀ ਨਿਜੀ ਮਾਲਕੀ ਦੀ ਥਾਂ ਲੈ ਲਈ ਅਤੇ ਇਸ ਤਰ੍ਹਾਂ ਸਮੂਹਕਤਾਵਾਦ

ਦੀ ਸਥਾਪਨਾ ਹੋਈ। ਇਸੀ ਤਰ੍ਹਾਂ ਸਮਾਜੀ ਚੇਤਨਤਾ ਦੇ ਕਿਸੇ ਰੂਪ ਦਾ ਵੀ ਵਿਸ਼ਲੇਸ਼ਣ ਕਰੀਏ ਤਾਂ ਪਤਾ ਲਗਦਾ ਹੈ ਕਿ ਇਹਦਾ ਅੰਤਮ ਸੋਮਾ ਸਮਾਜ ਦਾ ਪਦਾਰਥਕ ਜੀਵਨ ਹੈ।

ਸਮਜੀ ਅਤੇ ਵਿਅਕਤੀਗਤ ਚੇਤਨਾ ਇਕ ਹੈ ਉਹਨਾਂ ਦਾ ਇਕ ਸਾਝਾਂ ਸੋਮਾ ਤੇ ਅਧਾਰ ਹੈ। ਲੋਕਾਂ ਦੀ ਹੋਂਦ ਅਤੇ ਅਮਲ ਅਤੇ ਇਕ ਸਾਂਝਾ ਰੂਪ ਪ੍ਰਗਟਾਅ ਦਾ ਸਾਧਨ ਬੋਲੀ ਹੈ। ਵਿਅਕਤੀਗਤ ਚੇਤਨਤਾ ਦੇ ਮੁਕਾਬਲੇ ਸਮਾਜੀ ਚੇਤਨਤਾ ਯਥਾਰਥ ਨੂੰ ਵਧੇਰੇ ਡੂੰਘੀ ਤਰ੍ਹਾਂ ਅਤੇ ਮੁਕੰਮਲ ਤੌਰ ਤੇ ਪ੍ਰਤੀਬਿੰਬਤ ਕਰਦੀ ਹੈ।

ਸੰਸਾਰ ਪ੍ਰਕਿਰਤੀ, ਸਮਾਜ, ਮਨੁੱਖ, ਦੀ ਪ੍ਰਯੋਗਕ ਨਿਤ ਦੇ ਗਿਆਨ ਦੇ ਨਾਲ ਨਾਲ ਸਮਜੀ ਮਾਨਸਕ ਅਵਸਥਾ ਯਥਾਰਥ ਦੇ ਪ੍ਰਤਿਬਿੰਬ ਦੀ ਸਭ ਤੋਂ ਨੀਵੀਂ ਪਧਰ ਹੈ। ਜਿਸਨੂੰ ਸਧਾਰਨ ਚੇਤਨਾ ਕਿਹਾ ਜਾਂਦਾ ਹੈ। ਇਹ ਚੇਤਨਾ ਸੋਹੇਲ ਅਤੇ ਵੱਖ ਵੱਖ ਰੂਪਾਂ ਵਿਚ ਵੰਡੀ ਹੋਈ ਨਹੀਂ ਹੁੰਦੀ। ਇਸ ਵਿਚ ਰਾਜਸੀ, ਸਦਾਚਾਰਕ, ਧਾਰਮਕ ਵਿਚਾਰਾਂ ਅਤੇ ਗਿਆਨ ਦੀ ਲੜੀ ਬੱਝੀ ਹੁੰਦੀ ਹੈ। ਇਸ ਲਈ ਸਾਧਾਰਨ ਚੇਤਨਤਾ ਵਿਅਕਤੀਗਤ ਚੇਤਨਤਾ ਦੇ ਬਹੁਤ ਨੇੜੇ ਹੈ। ਸਮੂਹਕ ਚੇਤਨਤਾ ਲੋਕਾਂ ਦੀ ਵੱਡੀ ਗਿਣਤੀ ਵਿਚ ਉਹਨਾਂ ਦੇ ਜੀਵਨ ਦੀਆਂ ਪ੍ਰਸਥਿਤੀਆਂ ਦੇ ਸਿੱਧੇ ਪ੍ਰਭਾਵ ਹੇਠ ਆਪ ਮੁਹਾਰੇ ਤੌਰ ਤੇ ਪੈਦਾ ਹੁੰਦੀ ਹੈ। ਚੇਤਨਤਾ ਦਾ ਮਨੁੱਖ ਦੇ ਪਦਾਰਥਕ ਆਲੇ-ਦੁਆਲੇ ਨਾਲ ਅਨਿਖੜਵਾਂ ਸੰਬੰਧ ਹੈ।

ਚੇਤਨਤਾ ਪਦਾਰਥ ਦੇ ਲੰਮੀ ਵਿਕਾਸ ਦੀ ਉਪਜ ਹੈ। ਮਨੁੱਖ ਦੀ ਸਾਰੀ ਚੇਤੰਨ, ਆਤਮਕ ਸਰਗਰਮੀ ਵਿਚ ਉਹਦੀਆਂ ਸੋਚਾਂ ਅਤੇ ਜਜ਼ਬੇ, ਇੱਛਾ ਅਤੇ ਆਚਰਣ, ਅਨੁਭਵ, ਵਿਚਾਰ ਦ੍ਰਿਸ਼ਟੀਕੋਣ ਆਦਿ ਸ਼ਾਮਲ ਹਨ।

ਚੇਤਨਤਾ ਬਾਰੇ ਅਫ਼ਾਨਾ ਸਾਇਵ ਦੇ ਕਥਨ :

> ਮਨੁੱਖ ਦੀ ਚੇਤਨਤਾ ਉਚ੍ਹੀ ਤਰ੍ਹਾਂ ਜਥੇਬੰਦ ਪਦਾਰਥ, ਦਿਮਾਗ, ਦੀ ਪਦਾਰਥਕ, ਯਥਾਰਥ ਨੂੰ ਪ੍ਰਤਿਬਿੰਬਤ ਕਰਨ ਦੀ ਯੋਗਤਾ ਹੈ।[3]

ਇਸ ਤਰ੍ਹਾਂ ਸਮੁੱਚੇ ਤੌਰ ਤੇ ਸਭਿਆਚਾਰ ਜਾਂ ਸਭਿਆਚਾਰਕ ਕੀਮਤਾਂ ਮਨੁੱਖ ਨੂੰ ਵਿਰਸੇ ਵਿਚ ਮਿਲਦੀਆਂ ਹਨ ਅਤੇ ਜਿੰਨਾ ਪ੍ਰਸਥਿਤੀਆਂ ਵਿਚ ਉਸ ਨੂੰ ਵਿਚਰਨਾ ਪੈਂਦਾ ਹੈ ਉਹਨਾਂ ਦੇ ਅੰਤਰਗਤ ਹੀ ਮਨੁੱਖ ਆਪਣੀ ਆਤਮ ਪੂਰਤੀ ਦੀ ਤਲਾਸ਼ ਕਰਦਾ ਹੈ । ਜਦੋਂ ਇਹ ਮੂਲ ਤੇ ਪਰਸਥਿਤੀਆਂ ਇਤਨੀਆਂ ਪ੍ਰਤੀਕੂਲ ਹੋਣ ਕਿ ਮਨੁੱਖ ਦੀ ਆਤਮ ਪੂਰਤੀ ਅਸੰਭਵ ਹੋ ਜਾਵੇ ਤਾਂ ਪੁਰਾਣੀਆਂ ਰੀਤਾਂ ਤੇ ਕੀਮਤਾਂ ਨੂੰ ਤਜ ਕੇ ਨਵੀਆਂ ਕੀਮਤਾਂ ਉਤੇ ਸਵੈ ਨੈਤਿਕ ਸਰੋਕਾਰ ਉਭਰਨ ਲਗਦੇ ਹਨ। ਇਸ ਤਰ੍ਹਾਂ ਸਮਾਜਕ ਚੇਤਨਾ ਦਾ ਆਰੰਭ ਹੁੰਦਾ ਹੈ। ਸਮਾਜਕ ਚੇਤਨਾ ਨਾਲ ਮਨੁੱਖ ਨੂੰ ਜ਼ਰੂਰੀ ਗਿਆਨ, ਸੰਸਕ੍ਰਿਤੀ ਵਿਚਾਰਧਾਰਾ ਆਦਿ ਪ੍ਰਾਪਤ ਹੁੰਦੀ ਹੈ।

ਸਾਹਿਤ ਵਿਚ ਸਮਾਜਕ ਚੇਤਨਾ ਦਾ ਸਥਾਨ :

ਮਨੁੱਖ ਦੀ ਕੋਈ ਵੀ ਰਚਨਾ ਭਾਵੇਂ ਧਰਮ ਹੈ ਭਾਵੇਂ ਦਰਸ਼ਨ ਜਾਂ ਕਲਾ ਇਹਨਾਂ ਵਿਚੋਂ ਕੋਈ ਵੀ ਸਮੁੱਚੇ ਤੌਰ ਤੇ ਸਮਾਜਕ ਚੇਤਨਾਤੋਂ ਨਿਰਲੇਪ ਨਹੀਂ ਹੋ ਸਕਦੀ ਕਿਉਂਕਿ ਮਨੁੱਖ ਆਪਣੇ ਜਨਮ ਤੋਂ ਹੀ ਸਮਾਜ ਵਿਚ ਪ੍ਰਵੇਸ਼ ਕਰਦਾ ਹੈ ਅਤੇ ਸਮਾਜ ਵਿਚ ਹੀ ਆਪਣੀ ਥਾਂ ਲਭਦਾ ਹੈ। ਸਮਾਜ ਦੇ ਅੰਤਰਗਤ ਹੀ ਉਹ ਆਪਣੀ ਹਸਤੀ ਪ੍ਰਾਪਤ ਕਰਦਾ ਹੈ। ਸਾਹਿਤ, ਸਮਾਜਕ ਚੇਤਨਾ ਦਾ ਇਕ ਰੂਪ ਹੈ ਇਸਦਾ ਆਪਣਾ ਇਕ ਇਤਿਹਾਸ ਤੇ ਵਿਕਾਸ ਹੈ ਜੋ ਸਮਾਜ ਦੇ ਵਿਕਾਸ ਦੇ ਨਿਯਮਾਂ ਰਾਹੀਂ ਹੀ ਨਿਸ਼ਚਿਤ ਹੁੰਦਾ ਹੈ। ਸਮਾਜਕ ਚੇਤਨਾਦੇ ਹੋਰ ਰੂਪਾਂ ਵਾਂਗ ਹੀ ਇਹ ਮਨੁੱਖ ਦੇ ਜੀਵਨ ਦੀਆਂ ਪਦਾਰਥਕ ਹਾਲਤਾਂ ਅਤੇ ਇਤਿਹਾਸਕ ਪ੍ਰਗਤੀ ਦੇ ਰੁਝਾਨਾਂ ਨੂੰ ਪ੍ਰਤੀਬਿੰਬਤ ਕਰਦਾ ਹੈ। ਸਾਹਿਤ ਮਨੁੱਖੀ ਜੀਵਨ ਦੇ ਸਾਰੇ ਖੇਤਰਾਂ ਨੂੰ ਆਪਣੇ ਕਲੇਵਰ ਵਿਚ ਲੈਂਦਾ ਹੈ। ਇਸੀ ਤਰ੍ਹਾਂ ਨਾਟਕ ਬਾਣੀ ਨੇ ਜ਼ਿੰਦਗੀ ਦੇ ਸਾਰੇ ਪੱਖਾਂ ਨੂੰ ਅਭਿਵਿਅਕਤ ਕੀਤਾ ਹੈ। ਸਾਹਿਤ ਮਨੁੱਖੀ ਜ਼ਿੰਦਗੀ ਦੇ ਯਥਾਰਥ ਨੂੰ ਹੂ-ਬ-ਹੂ ਪੇਸ਼ ਨਹੀਂ ਕਰਦਾ ਬਲਕਿ ਉਸਦਾ ਪ੍ਰਤੀਬਿੰਬਣ ਕਰਦਾ ਹੈ। ਸਾਹਿਤ ਅਤੇ ਯਥਾਰਥ ਬਾਰੇ ਗੁਰਬਖਸ਼ ਸਿੰਘ ਫਰੈਂਕ ਦਾ ਵਿਚਾਰ ਹੈ ਕਿ:

ਸਾਹਿਤ ਯਥਾਰਥ ਨਹੀਂ ਹੁੰਦਾ ਸਗੋਂ ਯਥਾਰਥ ਦੀ ਪੁਨਰ
ਸਿਰਜਣਾ ਹੁੰਦਾ ਹੈ।[4]

ਇਸ ਤਰ੍ਹਾਂ ਗੁਰੂ ਨਾਨਕ ਨੇ ਆਪਣੀ ਬਾਣੀ 'ਆਸਾ ਦੀ ਵਾਰ' ਵਿਚ ਉਸ ਸਮੇਂ ਦੀ ਯਥਾਰਥਕ ਸਥਿਤੀ ਦੀ ਪੁਨਰ ਸਿਰਜਨਾ ਕੀਤੀ ਹੈ। ਸਾਹਿਤ ਦੀ ਸਿਰਜਨ ਪ੍ਰਕ੍ਰਿਆ ਵਿਚ ਉਥਾ ਰੋਲ ਉਸ ਸਮੇਂ ਦੀਆਂ ਪਰਿਸਥਿਤੀਆਂ ਤੋਂ ਲੈ ਕੇ ਵਿਸ਼ਵ ਦ੍ਰਿਸ਼ਟੀਕੋਣ ਤਕ ਦਾ ਹੁੰਦਾ ਹੈ। ਸਾਹਿਤ ਦਾ ਵਿਸ਼ਾ-ਵਸਤੂ ਬਹੁਤ ਵਿਸ਼ਾਲ ਹੈ। ਇਹ ਵਿਸ਼ਾ-ਵਸਤੂ ਤਤਕਾਲੀਨ ਸਮਾਜ ਵਿਚੋਂ ਮਿਲਦਾ ਹੈ। ਗੁਰੂ ਸਾਹਿਬ ਨੇ ਵੀ ਅਪਣੀਆਂ ਰਚਨਾਵਾਂ ਦਾ ਵਿਸ਼ਾ ਤਤਕਾਲੀਨ ਸਮਾਜ ਵਿਚੋਂ ਲਿਆ ਹੈ ਜਿਸ ਵਿਚ ਲਗਾਤਾਰ ਮਨੁੱਖੀ ਚੇਤਨਾ ਦੇ ਵਾਧੇ ਅਤੇ ਵਿਕਾਸ ਦੀ ਤਸਵੀਰ ਮਿਲਦੀ ਹੈ।

ਗੁਰੂ ਨਾਨਕ ਨੇ ਆਪਣੀ ਬਾਣੀ ਖਾਸ ਕਰ 'ਆਸਾ ਦੀ ਵਾਰ' ਵਿਚ ਉਸ ਸਮੇਂ ਦੀ ਸਮਾਜਕ ਸਥਿਤੀ ਪ੍ਰਤੀ ਲੋਕਾਂ ਵਿਚ ਚੇਤਨਾ ਪੈਦਾ ਕੀਤੀ। ਉਸ ਸਮੇਂ ਹਿੰਦੂ ਸਮਾਜ ਕਈ ਤਰ੍ਹਾਂ ਦੀਆਂ ਜਾਤੀਆਂ, ਉਪਜਾਤੀਆਂ ਵਿਚ ਵੰਡਿਆ ਹੋਇਆ ਸੀ। ਹਿੰਦੂ ਅਤੇ ਮੁਸਲਮਾਨ ਦੋਵਾਂ ਵਿਚ ਸਮਾਜਕ ਘੋਲ ਹੋ ਰਿਹਾ ਸੀ, ਅਜਿਹੀ ਹਾਲਤ ਵਿਚ ਗੁਰੂ ਨਾਨਕ ਨੇ ਮਨੁੱਖ ਮਾਤ੍ਰ ਦੀ ਏਕਤਾ ਦੀ ਘੋਸ਼ਣਾ ਕੀਤੀ ਅਤੇ ਹਿੰਦੂ ਤੁਰਕ ਦੇ ਭੇਦ ਭਾਵ ਨੂੰ ਦੂਰ ਕਰਨ ਦੀ ਲੋੜ ਤੇ ਜ਼ੋਰ ਦਿੱਤਾ। ਉਸ ਸਮੇਂ ਬ੍ਰਾਹਮਣ ਵਾਦ ਦਾ ਬੋਲ ਬਾਲਾ ਸੀ। ਇਹ ਅਸਲੀ ਬ੍ਰਹਮ ਗਿਆਨ ਤੋਂ ਊਣੇ ਸਨ। ਗੁਰੂ ਅੰਗਦ ਨੇ ਉਹਨਾਂ ਦੇ ਕਰਮਾਂ ਅਤੇ ਸਰੂਪ ਦੀ ਆਲੋਚਨਾ ਕਰਦਿਆਂ ਕਿਹਾ:

ਜੋਗ ਸਬਦੰ ਗਿਆਨ ਸਬਦੰ ਬੇਦ ਸਬਦੰ ਬ੍ਰਾਹਮਣਹ।।
ਖਤ੍ਰੀ ਸਬਦੰ ਸੂਰ ਸਬਦੰ ਸੂਦ੍ਰ ਸਬਦੰ ਪਰਾਕ੍ਰਿਤਹ।।
ਸਰਬ ਸਬਦੰ ਏਕ ਸਬਦੰ ਜੇ ਕੋ ਜਾਣੈ ਭੇਉ।।
ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ।।[5]

ਕੋਈ ਵੀ ਸਾਹਿਤਕਾਰ ਆਪਣੇ ਸਮੇਂ ਦੇ ਸਮਾਜ ਵਿਚ ਵਾਪਰ ਰਹੀਆਂ ਘਟਨਾਵਾਂ ਅਤੇ ਸਮਸਿਆਵਾਂ ਤੋਂ ਅਲਗ ਰਹਿ ਕੇ ਰਚਨਾ ਨਹੀਂ ਕਰ ਸਕਦਾ ਕਿਉਂਕਿ ਉਹਨਾਂ ਪਰਿਸਥਿਤੀਆਂ ਦਾ ਪ੍ਰਭਾਵ ਸਾਹਿਤਕਾਰ ਉਤੇ ਅਵੱਸ਼ ਪੈਂਦਾ ਹੈ। ਸਾਹਿਤਕਾਰ ਸਮਾਜ ਦੇ ਅੰਦਰਲੇ ਅਨੁਭਵਾਂ ਨਾਲ ਸਾਂਝ ਪਾਉਂਦਾ ਹੈ। ਗੁਰੂ ਨਾਨਕ ਨੇ ਵੀ ਲੋਕਾਈ ਦੇ ਦੁੱਖਾਂ ਨੂੰ ਮਹਿਸੂਸ ਕੀਤਾ ਅਤੇ ਤਤਕਾਲੀਨ ਜੀਵਨ ਲਈ ਸਾਰਥਕ ਅੰਦਰਲੀਆਂ ਘਾੜਤਾਂ ਨੂੰ ਸਾਕਾਰ ਕੀਤਾ। ਸਾਹਿਤਕ ਪ੍ਰਾਪਤੀਆਂ ਮਨੁੱਖੀ ਚੇਤਨਾ ਦਾ ਵਿਰਸਾ ਬਣਦੀਆਂ ਹਨ ਪਰ ਇਹ ਵਿਰਸਾ ਵਿਅਕਤੀਗਤ ਰੂਪ ਵਿਚ ਹੁੰਦਾ ਹੈ। ਜਦੋਂ ਕਿ ਵਿਗਿਆਨਕਪ੍ਰਾਪਤੀਆਂ ਸਮਾਜ ਦਾ ਵਿਰਸਾ ਬਣਦੀਆਂ ਹਨ।

ਸਾਹਿਤ ਜੋ ਸਮਾਜਕ ਚੇਤਨਤਾ ਦੇ ਮੁੱਖ ਰੂਪ ਦੀ ਪ੍ਰਤੀਨਿਧਤਾ ਕਰਦਾ ਹੈ, ਸਮਾਜ ਦੇ ਆਤਮਕ ਵਿਕਾਸ ਵਿਚ ਸਰਗਰਮੀ ਦਾ ਰੋਲ ਅਦਾ ਕਰਦਾ ਹੈ। ਗੁਰੂ ਸਾਹਿਬ ਨੇ ਬਾਣੀ ਦੁਆਰਾ ਲੋਕਾਈ ਵਿਚ ਸਵੈਮਾਨ ਨੂੰ ਝੰਜੋੜਿਆ । ਉਸ ਸਮੇਂ ਇਸਤਰੀ ਦਾ ਤ੍ਰਿਸਕਾਰ ਵੇਖ ਕੇ ਗੁਰੂ ਨਾਨਕ ਨੇ ਮਨੁੱਖੀ ਮਨਾਂ ਨੂੰ ਜਾਗ੍ਰਿਤ ਕਰਦਿਆਂ ਫੁਰਮਾਇਆ :

> ਸੋ ਕਿਉ ਮੰਦਾ ਆਖੀਐ
> ਜਿਤੁ ਜੰਮਹਿ ਰਾਜਾਨ।[6]

ਕਲਾ ਨੂੰ ਇਕ ਸਮਾਜਕ ਵਰਤਾਰਾ ਮੰਨਦੇ ਹੋਏ ਇਸਦੇ ਬਾਹਰ ਮੁਖੀ ਅਧਿਐਨ ਤੋਂ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਇਹ ਉਸ ਲੋੜ ਦੇ ਹੁੰਗਾਰੇ ਵਿਚੋਂ ਪੈਦਾ ਤੇ ਵਿਕਸਿਤ ਹੁੰਦੀ ਹੈ, ਜਿਹੜੀ ਲੋੜ ਮਨੁੱਖਾਂ ਵਿਚਾਲੇ ਸੁਹਜਾਤਮਕ ਖੁਸ਼ੀ ਜਾਂ ਆਨੰਦ ਪ੍ਰਾਪਤ ਕਰਨ ਲਈ ਪੈਦਾ ਹੋਈ। ਇਸ ਲਈ ਇਹ ਵਿਅਕਤੀਗਤ ਹੀ ਨਹੀਂ ਸਗੋਂ ਸਮਾਜਕ ਲੋੜ ਵੀ ਹੈ। ਸੁਹਜਾਤਮਕ ਲੋੜ ਸਮਾਜਕ ਲੋੜ ਹੁੰਦੀ ਹੈ। ਸਾਹਿਤ ਸਿੱਧਾ ਤੇ ਸਪਸ਼ਟ ਬਿਆਨ ਨਹੀਂ ਇਹ ਖਾਸਾ ਜਟਿਲ ਹੈ। ਇਹ ਸਮੁੱਚੇ ਤੌਰ ਤੇ ਯਥਾਰਥ ਦਾ ਹੀ ਪ੍ਰਤੀਬਿੰਬ ਨਹੀਂ, ਸਗੋਂ ਵਿਸ਼ੇਸ਼ ਕਿਸਮ ਦੀ ਸੁਹਜਾਤਮਕ ਸਭਿਆਚਾਰਕ ਸਰਗਰਮੀ, ਸਰਗਰਮ ਸਿਰਜਨਾ ਅਤੇ ਕਲਾਤਮਿਕ ਉਸਾਰੀ ਵੀ ਹੈ। ਕਲਾ

Sri Satguru Jagjit Singh Ji eLibrary NamdhariElibrary@gmail.com

ਦਵੰਦਾਤਮਕ ਵਿਰੋਧਾਂ ਦੀ ਏਕਤਾ ਹੈ। ਕਲਾ ਦੇ ਸਮਾਜਕ ਮਹੱਤਵ ਵੀ ਹਨ। ਜਿਹੜੇ ਅਖੋਂ ਪਰੋਖੇ ਨਹੀਂ ਕੀਤੇ ਜਾ ਸਕਦੇ। ਕਲਾ ਬਾਰੇ ਅਵਨੇਰ ਜਿਸ ਲਖਦਾ ਹੈ:

> ਕਲਾ ਸਭ ਤੋਂ ਪਹਿਲਾਂ ਸਮਾਜਕ ਚੇਤਨਤਾ ਦਾ ਇਕ ਰੂਪ ਬੌਧਿਕ ਅਤੇ ਭਾਵਨਾ ਦੀ ਉਪਜ ਦਾ ਇਕ ਰੂਪ ਸੋਚਣ ਦਾ ਇਕ ਵਿਸ਼ੇਸ਼ ਅਤੇ ਸੁਹਜਾਤਮਿਕ ਅਭਿਵਿਅਕਤੀ ਦਾ ਢੰਗ ਹੈ।[7]

ਕਲਾ ਦੀ ਵਿਸ਼ਾ ਵਸਤੂ ਵਿਸ਼ਾਲ ਹੈ। ਇਹ ਮਨੁੱਖੀ ਜੀਵਨ ਦੇ ਸਾਰੇ ਖੇਤਰਾਂ ਨੂੰ ਆਪਣੇ ਕਲਾਵੇ ਵਿਚ ਲੈਂਦੀ ਹੈ। ਕਲਾ ਕਿਸੇ ਨੂੰ ਉਸੀ ਤਰ੍ਹਾਂ ਪ੍ਰਤੀਬਿੰਬਤ ਨਹੀਂ ਕਰਦੀ ਜਿਸ ਤਰ੍ਹਾਂ ਉਹ ਜੀਵਨ ਵਿਚ ਹੁੰਦਾ ਹੈ ਬਲਕਿ ਵਿਅਕਤੀ ਅਤੇ ਸਮਾਜ ਨਾਲ ਉਸਦੇ ਅਸਲ ਸੰਬੰਧ ਵਿਚ ਪੇਸ਼ ਕਰਦੀ ਹੈ। ਕਲਾ ਸੁੰਦਰਤਾ ਨੂੰ ਪ੍ਰਤੀਬਿੰਬਤ ਕਰਦੀ ਹੈ। ਅਤੇ ਸੁਹਜ ਦੀ ਤ੍ਰਿਪਤੀ ਕਰਦੀ ਹੈ। ਇਹ ਯਥਾਰਥ ਅਤੇ ਸੁੰਦਰਤਾ ਨੂੰ ਕਲਾਤਮਕ ਬਿੰਬਾਂ ਰਾਹੀਂ ਪੇਸ਼ ਕਰਦੀ ਹੈ। ਕਲਾਤਮਕ ਬਿੰਬ ਕਲਾ ਦਾ ਮੁਖ ਪਹਿਲੂ ਹੈ ਜਿਹੜਾ ਕਲਾ ਨੂੰ ਬਾਕੀ ਸਮਾਜਕ ਚੇਤਨਤਾ ਦੇ ਰੂਪਾਂ ਨਾਲੋਂ ਅਲਗ ਕਰਦਾ ਹੈ। ਕਲਾ ਵਿਚ ਕੋਈ ਵੀ ਚੀਜ਼ ਪ੍ਰਤੀਬਿੰਬਤ ਕੀਤੀ ਜਾਵੇ, ਮਾੜੀ ਜਾਂ ਚੰਗੀ ਪਰੰਤੂ ਬਿੰਬ ਸੁਹਜਾਤਮਕ ਹੋਣਾ ਚਾਹੀਦਾ ਹੈ। ਵਿਚਾਰ ਕਲਾ ਕ੍ਰਿਤ ਲਈ ਜ਼ਰੂਰੀ ਹੈ। ਵਿਚਾਰਾਂ ਤੋਂ ਬਿਨਾਂ ਕਲਾ ਕ੍ਰਿਤ ਦੀ ਕੋਈ ਸਾਰਥਕਤਾ ਨਹੀਂ।

**ਪਲੈਖਾਨੋਵ ਅਨੁਸਾਰ:**

> ਵਿਚਾਰ ਤੋਂ ਵਾਂਝੀ ਕੋਈ ਕਲਾਤਮਕ ਰਚਨਾ ਹੋ ਹੀ ਨਹੀਂ ਸਕਦੀ।[8]

ਕਲਾ ਨਿਰੋਲ ਯਥਾਰਥ ਨੂੰ ਨਾ ਕੇਵਲ ਪ੍ਰਤੀਬਿੰਬਤ ਹੀ ਕਰਦੀ ਹੈ ਸਗੋਂ ਉਸਦਾ ਮੁਲਾਂਕਣ ਵੀ ਕਰਦੀ ਹੈ ਅਤੇ ਉਸ ਪ੍ਰਤੀ ਨਿਸ਼ਚਿਤ ਇਕ ਰੁਖ ਵੀ ਅਖਤਿਆਰ ਕਰਦੀ ਹੈ।

ਸਾਹਿਤ ਨੂੰ ਸਮਾਜਕ ਚੇਤਨਤਾ ਦੇ ਰੂਪ ਵਜੋਂ ਸਿਧਾਂਤਕ ਪਰਿਪੇਖ ਵਿਚ ਰਖ ਕੇ ਸਮਝਣ

Sri Satguru Jagjit Singh Ji eLibrary NamdhariElibrary@gmail.com

ਲਈ ਜਿਥੇ ਚੇਤਨਾ ਦੇ ਵੱਖ-ਵੱਖ ਪੜਾਵਾਂ ਨੂੰ ਸਮਝਣ ਦੀ ਲੋੜ ਹੈ, ਉਥੇ ਸਾਹਿਤ ਨੂੰ ਸਮਾਜਕ ਚੇਤਨਤਾ ਦੇ ਬਾਕੀ ਰੂਪਾਂ ਨਾਲੋਂ ਨਿਖੇੜਨਾ ਅਤਿ ਜ਼ਰੂਰੀ ਹੈ, ਤਾਂ ਜੋ ਸਾਹਿਤ ਦੀ ਵੱਖਰੀ ਅਤੇ ਵਿਲੱਖਣ ਹੋਂਦ ਉਜਾਗਰ ਹੋ ਜਾਵੇ। ਸਭ ਤੋਂ ਪਹਿਲਾਂ ਅਸੀਂ ਸਾਹਿਤ ਵਿਚ ਸਮਾਜਕ ਚੇਤਨਾ ਦਾ ਸਥਾਨ ਦੇਖਾਂਗੇ।

ਗੁਰੂ ਨਾਨਕ ਨੇ ਗੁਰਮਤ ਸਾਹਿਤ ਦੁਆਰਾ ਲੋਕਾਈ ਵਿਚ ਚੇਤਨਤਾ ਜਗਾਈ:

> ਸਮਾਜਕ ਚੇਤਨਾ ਦੇ ਸੂਰਜ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਮਾਜ ਨੂੰ ਵਹਿਮਾਂ, ਰਸਮਾਂ, ਅਡੰਬਰਾਂ, ਅਤੇ ਪਾਖੰਡਾਂ ਰਹਿਤ ਵਾਯੂ-ਮੰਡਲ ਵਿਚ ਸੱਚ ਅਤੇ ਕਿਰਤ ਦੇ ਸਹਾਰੇ ਜਿਉਂਦਾ-ਜਾਗਦਾ, ਖੁਸ਼ੀਆਂ ਵਿਚ ਵਿਚਰਦਾ ਅਤੇ ਵੰਡ ਛਕਣ ਦੀ ਸੁੰਦਰਤਾ ਵਿਚ ਲਿਸ਼ਕਦਾ ਵੇਖਣ ਲਈ ਕਿਤੇ ਪਰਬਤੀ ਲੁਕੇ ਸਿਧਾਂ ਅਤੇ ਜੋਗੀਆਂ-ਨਾਥਾਂ ਦੀਆਂ ਸਮਾਧੀਆਂ ਨੂੰ ਹਲੂਣਿਆ ਕਿਤੇ ਰਸਮਾਂਵਾਦ ਅਤੇ ਕਰਮ-ਕਾਂਡ ਦੀਆਂ ਜੰਜੀਰਾਂ ਨੂੰ ਮਰੋੜਿਆ, ਕਿਤੇ ਬਹੁ-ਦੇਵ ਪੂਜਾ ਅਤੇ ਬੁੱਤ ਪ੍ਰਸਤੀ ਦੇ ਪੈਮਾਨਿਆਂ ਨੂੰ ਤੋੜਿਆ, ਕਿਤੇ ਤੁਅੱਸਬੀਆਂ ਨੂੰ ਰੱਬੀ ਨੂਰ ਦਾ ਪ੍ਰੇਮ ਮਈ ਜਲਵਾ ਵਿਖਾਇਆ, ਕਿਤੇ ਮਲਕ ਭਾਗੋ ਦੇ ਸ਼ਾਹੀ ਭੋਜਨ ਨੂੰ ਠੁਕਰਾਉਂਦਿਆਂ ਕਿਰਤੀ ਅਤੇ ਨੀਵੇਂ ਵਰਗ ਦੇ ਭਾਈ ਲਾਲੋ ਦੀ ਸਾਦਾ ਰੋਟੀ ਨੂੰ ਸਤਿਕਾਰਿਆ, ਕਿਤੇ ਤੀਰਥਾਂ ਜਾਂ ਮਨ ਦੇ ਨੂਰ ਦੀ ਪਛਾਣ ਕਰਾਈ ਅਤੇ ਕਿਤੇ ਇਕੋ ਸਰਬ-ਵਿਆਪੀ ਰੱਬੀ ਨੂਰ ਦੀ ਜੋਤ ਪ੍ਰਗਟਾਈ।[9]

ਮਨੁੱਖ ਇਕ ਸਮਾਜਕ ਪ੍ਰਾਣੀ ਹੈ ਤੇ ਚੇਤਨਾ ਵੀ ਨਿਰਸੰਦੇਹ ਸਮਾਜਕ ਹੀ ਹੋਵੇਗੀ। ਸਮਾਜ ਤੋਂ ਬਾਹਰ ਰਹਿ ਕੇ ਚੇਤਨਤਾ ਦਾ ਵਧਣਾ ਫੁਲਣਾ ਮੁਨਾਸਿਬ ਨਹੀਂ। ਮਨੁੱਖੀ ਇਤਿਹਾਸ ਤੇ ਨਜ਼ਰ ਮਾਰਿਆਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਮਨੁੱਖ ਨੂੰ ਜੀਉਂਦਿਆਂ ਰਹਿਣ ਲਈ ਕੁੱਲੀ, ਗੁੱਲੀ ਤੇ ਜੁੱਲੀ ਦੀ ਲੋੜ ਹੈ। ਮਨੁੱਖ ਨੂੰ ਆਪਣੀ ਹੋਂਦ ਨੂੰ ਬਰਕਰਾਰ ਰੱਖਣ ਅਤੇ ਇਹਨਾਂ ਲੋੜਾਂ ਦੀ ਪੂਰਤੀ ਲਈ ਪ੍ਰਕ੍ਰਿਤੀ ਕੋਲ ਜਾਣਾ ਪਿਆ ਅਤੇ ਦੂਸਰੇ ਲੋਕਾਂ ਨਾਲ ਸੰਬੰਧ ਸਥਾਪਿਤ

Sri Satguru Jagjit Singh Ji eLibrary NamdhariElibrary@gmail.com

ਕਰਨਾ ਪਿਆ। ਮਨੁੱਖੀ ਇਤਿਹਾਸ ਵਿਚ ਇਹ ਕਿਰਤ ਦੀ ਪਹਿਲੀ ਕਿਸਮ ਸੀ ਜਿਸ ਨਾਲ ਸਮਾਜਕ ਜੀਵਨ ਸ਼ੁਰੂ ਹੋਇਆ। ਮਨੁੱਖ ਨੇ ਆਪਣੀ ਪੈਦਾਵਾਰੀ ਉਪਜ ਨੂੰ ਵਧਾਉਣ ਲਈ ਨਿਰੰਤਰ ਪੈਦਾਵਾਰੀ ਔਜ਼ਾਰਾਂ ਵਿਚ ਤਬਦੀਲੀ ਤੇ ਵਿਕਾਸ ਲਿਆਂਦਾ, ਜਿਸ ਨਾਲ ਉਸ ਦੀ ਕਿਰਤ ਦੀ ਦਸ਼ਾ ਸੁਧਰੀ ਜਿਵੇਂ ਕਿ ਲੈਨਿਨ ਨੇ ਆਪਣੀ ਦਾਰਸ਼ਨਿਕ ਨੋਟ ਬੁਕਸ ਵਿਚ ਕਿਹਾ ਹੈ:

> ਮਾਨਵੀ ਸੋਚ ਲਗਾਤਾਰ ਡੂੰਘੀ ਹੁੰਦੀ ਜਾਂਦੀ ਹੈ ਅਤੇ ਇਹ ਦ੍ਰਿਸ਼ਟਮਾਨ ਜਗਤ ਤੋਂ ਯਥਾਰਥ ਵੱਲ ਪਹਿਲੇ ਕਿਸਮ ਦੇ ਯਥਾਰਥ ਤੋਂ ਦੂਜੇ ਕਿਸਮ ਦੇ ਯਥਾਰਥ ਤੱਕ ਅਤੇ ਇਸ ਤਰ੍ਹਾਂ ਅਗੋਂ ਜੰਤਰ ਹੋਣ ਕ੍ਰਮ - ਨਾਲ ਚਲਦੀ ਰਹਿੰਦੀ ਹੈ।

ਇਸ ਤਰ੍ਹਾਂ ਸਮਾਜਕ ਜੀਵਨ ਦਾ ਪ੍ਰਫੁੱਲਤ ਹੋਣਾ ਸਮਾਜਕ ਚੇਤਨਤਾ ਦਾ ਪ੍ਰਗਾਵਾਂ ਸੀ। ਸਮਾਜਕ ਚੇਤਨਤਾ ਦੇ ਹੋਰ ਰੂਪ ਦਰਸ਼ਨ ਵਿਗਿਆਨ ਅਤੇ ਧਰਮ ਹਨ।

ਚੇਤਨਤਾ ਮਨੁੱਖੀ ਦਿਮਾਗ ਦੀ ਉਪਜ ਹੈ। ਜਿਸਦਾ ਪ੍ਰਕ੍ਰਿਤੀ ਦੇ ਨਾਲ ਨਾਲ ਵਿਕਾਸ ਹੋਇਆ। ਚੇਤਨਤਾ ਦਰਸ਼ਨ ਸ਼ਾਸਤਰ ਦਾ ਬੁਨਿਆਦੀ ਸਵਾਲ ਹੈ। ਜਿਸ ਉਤੇ ਵੱਖ ਵੱਖ ਵਿਦਵਾਨਾਂ ਨੇ ਵੱਖ ਵੱਖ ਵਿਚਾਰ ਦਿੱਤੇ ਹਨ। ਚੇਤਨਤਾ ਨੂੰ ਪ੍ਰਥਮ ਮੰਨ ਕੇ ਕੀਤੀ ਗਈ ਸੰਸਾਰ ਅਤੇ ਕੁਦਰਤ ਬਾਰੇ ਵਿਆਖਿਆ ਆਦਰਸ਼ਵਾਦੀ ਪਰਿਪਾਟੀ ਕਹਾਉਂਦੀ ਹੈ। ਜਿਹੜੀ ਇਸਦੇ ਸੰਸਾਰ ਨੂ ਚੇਤਨਤਾ ਵਲੋਂ ਸਿਰਜਿਆ ਹੋਇਆ ਮੰਨਦੀ ਹੈ। ਇਸ ਅਨੁਸਾਰ ਸੰਸਾਰ ਨੂੰ ਇੱਛਾ ਰੱਖਣ ਵਾਲੇ ਲੋਕ ਬਣਾਉਂਦੇ ਹਨ ਜਿਹੜੇ ਅਮਲ ਕਰਦੇ ਅਤੇ ਆਪਣੇ ਸਾਹਮਣੇ ਮਨੋਰਥ ਰਖਦੇ ਹਨ, ਇਨ੍ਹਾਂ ਮਨੋਰਥਾਂ ਦੀ ਪੂਰਤੀ ਲਈ ਘਾਲਣਾ ਘਾਲਦੇ ਹਨ ਇਉਂ ਆਦਰਸ਼ਵਾਦੀ ਪ੍ਰਵਿਰਤੀ ਦੇ ਅਨੁਸਾਰ ਮਨੁੱਖ ਦੀ ਅਕਲ, ਵਿਚਾਰ ਅਤੇ ਮਨੋਰਥ ਹੀ ਸਮਾਜ ਦੇ ਜੀਵਨ ਨੂੰ ਮਿਥਦੇ ਹਨ। ਦੂਜੀ ਪਰਿਪਾਟੀ ਦਵੰਦਵਾਦੀ ਪਦਾਰਥ ਦੀ ਹੈ, ਜਿਹੜੀ ਇਸਦੇ ਉਲਟ ਪਦਾਰਥ ਨੂੰ ਬੁਨਿਆਦੀ ਮੰਨ ਕੇ ਪ੍ਰਾਕ੍ਰਿਤੀ ਅਤੇ ਸਮਾਜ ਦੀ ਵਿਆਖਿਆ ਕਰਦੀ ਹੈ। ਇਸ ਪ੍ਰਵਿਰਤੀ ਅਨੁਸਾਰ ਪਦਾਰਥ ਤੋਂ ਬਿਨ੍ਹਾਂ ਚੇਤਨਤਾ ਹੋ ਹੀ ਨਹੀਂ ਸਕਦੀ, ਕਿਉਂਕਿ ਚੇਤਨਤਾ ਤਾਂ ਵਿਕਸਿਤ ਪਦਾਰਥ ਦਾ ਗੁਣ

Sri Satguru Jagjit Singh Ji eLibrary NamdhariElibrary@gmail.com

ਹੈ। ਪਦਾਰਥ ਪ੍ਰਥਮ ਅਤੇ ਚੇਤਨਤਾ ਦੂਜੈਲੀ ਹੈ। ਜਿਸ ਕਰਕੇ ਜੀਵਨ ਹੈ ਜੋਚੇਤਨਤਾ ਨੂੰ ਮਿਲਦਾ ਹੈ। ਇਹੀ ਮੂਲ ਨਿਯਮ ਇਤਿਹਾਸ ਦੀ ਪਦਾਰਥ ਵਾਦੀ ਪਛਾਣ ਦਾ ਮੁੱਖ ਸਾਰ ਹੈ।

ਸਮਾਜਕ ਚੇਤਨਤਾ ਦੇ ਵੇਵੇਂ ਰੂਪ ਸਾਹਿਤ ਅਤੇ ਦਰਸ਼ਨ ਇਕ ਦੂਜੇ ਨਾਲ ਨੇੜੇ ਦਾ ਸੰਬੰਧ ਰੱਖਦੇ ਹਨ। ਉਪਰੀ ਨਜ਼ਰੇ ਬਹੁਤੀਆਂ ਰਚਨਾਵਾਂ ਵਿਚ ਕਲਾ ਦਾ ਦਰਸ਼ਨ ਨਾਲ ਕੋਈ ਸੰਬੰਧ ਨਜ਼ਰ ਨਹੀਂ ਆਉਂਦਾ ਪਰ ਕਲਾ ਹਮੇਸ਼ਾ ਹੀ ਦਰਸ਼ਨ ਨਾਲ ਬੱਝੀ ਹੁੰਦੀ ਹੈ। ਕਲਾ ਵਿਚ ਡੂੰਘੀ ਦਾਰਸ਼ਨਿਕਤਾ ਕਲਾਕਾਰ ਦੇ ਜੀਵਨ ਦਰਸ਼ਨ ਦ੍ਰਿਸ਼ਟੀਕੋਣ ਦੇ ਪ੍ਰਭਾਵ ਹੇਠ ਕਲਾ ਹਮੇਸ਼ਾ ਆਪਣੇ ਯੁੱਗ ਦਰਸ਼ਨ ਨੂੰ ਪੇਸ਼ ਕਰਦੀ ਹੈ। ਦਰਸ਼ਨ ਕਿਸੇ ਨਾ ਕਿਸੇ ਰੂਪ ਵਿਚ ਕਲਾ ਤੇ ਪ੍ਰਭਾਵ ਪਾਉਂਦਾ ਹੈ ਤੇ ਕਲਾ ਵੀ ਦਰਸ਼ਨ ਨੂੰ ਪ੍ਰਭਾਵਿਤ ਕਰਦੀ ਹੈ ਪਰ ਕਲਾ ਦਾਰਸ਼ਨਿਕ ਵਿਚਾਰਾਂ ਦਾ ਸੁਹਜਾਤਮਕ ਚਿਤਰਣ ਕਰਦੀ ਹੈ ਜਿਹੜਾ ਇਸ ਨੂੰ ਦਰਸ਼ਨ ਨਾਲੋਂ ਨਿਖੇੜਦਾ ਹੈ।

ਸਾਹਿਤ ਇਕ ਸਮਾਜਕ ਵਸਤੂ ਹੋਣ ਕਾਰਨ ਸੰਚਾਰ ਦਾ ਮਾਧਿਅਮ ਹੈ। ਹਰੇਕ ਸੰਚਾਰ ਪ੍ਰਚਾਰਵਾਦੀ ਹੁੰਦਾ ਹੈ। ਸਾਹਿਤ ਭਾਸ਼ਾ ਦਾ ਉਹ ਵਿਲਖਣ ਰੂਪ ਹੈ ਜਿਸ ਵਿਚ ਮਨੁੱਖ ਜਾਤੀ, ਮਨੁੱਖੀ ਅਨੁਭਵ ਨੂੰ ਬਿੰਬਾਂ ਵਿਚ ਬੰਨ੍ਹ ਕੇ ਸਦੀਆਂ ਤੋਂ ਹੀ ਅਭਿਵਿਅਕਤ ਕਰਦੀਹੈ। ਸੁਹਜ ਸ਼ਾਸਤਰ ਦੇ ਘੇਰੇ ਵਿਚ ਹਰ ਬੋਲੀ ਦੇ ਸਾਹਿਤ ਵਿਚਾਰ ਚਰਚਾ ਦਾ ਆਧਾਰ ਬਣਦੇ ਹਨ। ਸੁਹਜ ਸ਼ਾਸਤਰ ਦੇ ਘੇਰੇ ਵਿਚ ਸਾਹਿਤ ਵਾਦ ਵਿਵਾਦ ਦਾ ਸਵਾਲ ਬਣਾ ਰਿਹਾ ਹੈ ਕਿਉਂਕਿ ਕਲਾ ਨੂੰ ਸਮਾਜਕ ਜੀਵਨ ਦੇ ਸਾਰਥਕ ਪਹਿਲੂਆਂ ਨਈ ਵਰਤਿਆ ਜਾਣ ਕਰਕੇ ਇਸ ਦੇ ਰੋਲ ਪ੍ਰਤੀ ਦੁਨੀਆਂ ਦੇ ਅਲਗ - ਅਲਗ ਚਿੰਤਕਾਂ ਦੇ ਅਲਗ ਅਲਗ ਵਿਚਾਰ ਹਨ ਜਿਨ੍ਹਾਂ ਕਰਕੇ ਵਖਰੀਆਂ ਵਖਰੀਆਂ ਪਾਰਟੀਆਂ ਹੋਂਦ ਵਿਚ ਆਈਆਂ ਹਨ, ਪਰ ਫੇਰ ਵੀ ਪ੍ਰਚਾਰ ਤਦ ਹੀ ਸਾਰਥਕ ਹੋਵੇਗਾ ਜਦੋਂ ਇਹ ਕਲਾਤਮਕ ਢੰਗ ਨਾਲ ਪੇਸ਼ ਹੋਵੇਗਾ। ਡਾ. ਅਤਰ ਸਿੰਘ ਦਾ ਵਿਚਾਰ ਇਸ ਪ੍ਰਸੰਗ ਵਿਚ:

> ਸਾਹਿਤ ਵਿਚ ਮੰਤਵ ਜਾਂ ਦ੍ਰਿਸ਼ਟੀਕੋਣ ਕਲਾਮਈ ਢੰਗ ਨਾਲ ਹੀ ਬੰਨ੍ਹਣਾ ਹੋਵੇਗਾ, ਨਹੀਂ ਤਾਂ ਸਾਹਿਤ ਭੂਗੋਲ, ਵਿਗਿਆਨ, ਦਰਸ਼ਨ ਜਾਂ ਗਣਿਤ

Sri Satguru Jagjit Singh Ji eLibrary NamdhariElibrary@gmail.com

ਵਿਦਿਆ ਦੀ ਪੱਧਰ ਤੇ ਨਹਿ ਆਏਗਾ।[10]

ਵਿਚਾਰਧਾਰਾ ਹਰ ਯੁੱਗ ਵਿਚ ਇਤਿਹਾਸ ਦੀ ਗਤੀ ਨੂੰ ਕਿਸੇ ਮੰਤਵ ਲਈ ਜਾਂ ਆਦਰਸ਼ ਵਲ ਸੇਧਦੀ ਹੈ। ਵਿਚਾਰਧਾਰਾ ਯੁੱਗ ਸਾਪੇਖ ਹੁੰਦੀ ਹੈ। ਇਸੀ ਕਾਰਣ ਇਹ ਯੁੱਗ ਦੇ ਆਦਰਸ਼ ਜਾਂ ਇਤਿਹਾਸਕ ਵਿਵੇਕ ਨਾਲ ਜੁੜੀ ਹੁੰਦੀ ਹੈ, ਜਿਸ ਕਰਕੇ ਇਤਿਹਾਸਕ ਗਤੀ ਵਿਚ ਆਪਣੇ ਯੁੱਗ ਦੇ ਸੰਦਰਭ ਵਿਚ ਆਤਮ ਸੰਗਠਨ ਜਾਂ ਸੰਰਚਨਾ ਹੋਣ ਦੇ ਬਾਵਜੂਦ ਵਿਚਾਰਧਾਰਾ ਯੁੱਗ ਦੇ ਇਤਿਹਾਸਕ ਪਰਿਪੇਖ ਵਿਚ ਸਮਾਜਕ ਚੇਤਨਤਾ ਦੇ ਰੂਪ ਧਰਮ, ਦਰਸ਼ਨ ਵਿਗਿਆਨ, ਕਲਾ ਨੂੰ ਵੀ ਪ੍ਰਭਾਵਿਤ ਕਰਦੀ ਹੈ।

ਸਾਹਿਤਕਾਰ ਦੇ ਗਿਆਨ ਅਨੁਭਵ ਨੂੰ ਧਰਮ, ਸਾਹਿਤ, ਇਤਿਹਾਸ, ਕਲਾ, ਦਰਸ਼ਨ ਵਿਗਿਆਨ ਟੈਕਨਾਲੋਜੀ ਆਦਿ ਬਹੁਤ ਸਾਰੀਆਂ ਚੀਜ਼ਾਂ ਪ੍ਰਭਾਵਿਤ ਕਰਦੀਆਂ ਹਨ। ਗੁਰੂ ਸਾਹਿਬ ਦੀਆਂ ਰਚਨਾਵਾਂ ਉਪਰ ਵੀ ਤਤਕਾਲੀਨ ਪਰਿਸਥਿਤੀਆਂ ਦਾ ਪ੍ਰਭਾਵ ਦ੍ਰਿਸ਼ਟੀਗੋਚਰ ਹੁੰਦਾ ਹੈ। ਜਿੰਨਾਂ ਵੀ ਕੋਈ ਵਿਦਵਾਨ ਸਾਹਿਤ ਅਤੇ ਇਤਿਹਾਸ ਦਾ ਪਾਰਖੂ ਹੋਵੇਗਾ, ਉਸਦਾ ਅਨੁਭਵ ਉਤਨਾ ਹੀ ਬਲਵਾਨ ਹੋਵੇਗਾ। ਰਚਨਾ ਵਿਚ ਜਦੋਂ ਵਿਚਾਰ ਪ੍ਰਵੇਸ਼ ਕਰਦੇ ਹਨ ਤਾਂ ਕਾਵਿ ਬਿੰਬ ਵਿਚ ਢਲ ਕੇ ਪੇਸ਼ ਹੁੰਦੇ ਹਨ। ਸਾਹਿਤ ਦਾ ਸੁਆਦ ਇਹ ਨਹੀਂ ਹੁੰਦਾ ਕਿ ਉਹ ਪ੍ਰਗਤੀਵਾਦੀ ਹੈ ਜਾਂ ਪ੍ਰਯੋਗਵਾਦੀ ਜਾਂ ਕਲਾਸਿਕ ਹੈ ਜਾਂ ਰੋਮਾਂਟਿਕ । ਅਸਲ ਸਵਾਲ ਸਾਹਿਤ ਦੇ ਵਿਚ ਵਿਚਾਰ ਅਤੇ ਸੁਹਜ ਦਾ ਹੁੰਦਾ ਹੈ। ਡਾ. ਅਤਰ ਸਿੰਘ ਦਾ ਵਿਚਾਰ ਹੈ ਕਿ।

> ਸਾਹਿਤਕਾਰ ਨਿਰਾ ਬਾਹਰਲੇ ਸੰਬੰਧਾਂ ਨੂੰ ਰੂਪਮਾਨ ਹੀ ਨਹੀਂ ਕਰਦਾ ਜਾਂ ਅੰਦਰਲੇ ਭਾਵਾਂ ਦੀ ਬਾਹਰੀ ਕਰਣ ਹੀ ਨਹੀਂ ਕਰਦਾ ਸਗੋਂ ਉਹ ਦੋਹਾਂ ਦਾ ਸਮਾਜੀਕਰਣ ਵੀ ਕਰਦਾ ਹੈ।[11]

ਇਹੀ ਕਾਰਣ ਹੈ ਕਿ ਸਾਹਿਤ ਨੂੰ ਵਰਤਮਾਨ ਵਿਚ ਗਤੀਸ਼ੀਲ ਹੋਣ ਲਈ ਇਕ ਜਾਂ ਦੂਜੀ ਵਿਚਾਰਧਾਰਾ ਦਾ ਪ੍ਰਚਾਰਕ ਬਣਨਾ ਪੈਂਦਾ ਹੈ।

Sri Satguru Jagjit Singh Ji eLibrary NamdhariElibrary@gmail.com

ਸਾਹਿਤ ਸਮਾਜਕ ਚੇਤਨਤਾ ਦੇ ਹੋਰ ਰੂਪਾਂ ਵਾਂਗ ਜਿਸ ਸਮਾਜਕ ਯਥਾਰਥ ਦੀ ਉਹ ਪੈਦਾਇਸ਼ ਹੁੰਦਾ ਹੈ, ਉਸ ਨੂੰ ਪ੍ਰਭਾਵਿਤ ਕਰਦਾ ਹੈ। ਇਸ ਕਰਕੇ ਸਾਹਿਤ ਸਿਰਜਨ ਪ੍ਰਕ੍ਰਿਆ ਸਮਾਜਕ ਵਿਕਾਸ ਦੇ ਆਮ ਨਿਯਮਾਂ ਅਧੀਨ ਹੈ। ਸਮਾਜਕ ਚੇਤਨਤਾ ਦਾ ਇਹ ਖਾਸ ਰੂਪ ਵਿਧਾਨ ਹੈ। ਇਸ ਲਈ ਇਹ ਯਥਾਰਥ ਦੇ ਪ੍ਰਗਟਾਅ ਦਾ ਵਿਲਖਣ ਤਰੀਕਾ ਹੈ। ਇਸਨੂੰ ਸਮਝਣ ਜਾਣਨ ਤੇ ਇਸ ਅਧਿਅਨ ਰਾਹੀਂ ਪੇਸ਼ ਯਥਾਰਥਕ ਤਕ ਪਹੁੰਚਣ ਲਈ ਰਸਤੇ ਵੀ ਅਲਗ ਅਲਗ ਅਪਨਾਉਣੇ ਚਾਹੀਦੇ ਹਨ।

ਕਾਵਿ ਮਨੁੱਖ ਦੀ ਚੇਤਨਤਾ ਨਿਰੰਤਰ ਤੌਰ ਤੇ ਉਭਾਰਦਾ ਹੈ। ਉਸਦੀ ਸੂਝ ਨੂੰ ਪ੍ਰਚੰਡ ਕਰਦਾ ਹੈ ਅਤੇ ਉਸਦੀ ਵਿਵੇਕ ਸ਼ਕਤੀ ਵਿਚ ਵਾਧਾ ਕਰਦਾ ਹੈ। ਗੁਰੂ ਸਾਹਿਬ ਦੀ ਕਾਵਿ ਚੇਤਨਤਾ ਦੀਆਂ ਉਦਾਹਰਣਾਂ :

(ੳ) ਜਿਨ੍ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ।
ਸੇ ਸਿਰ ਕਾਤੀ ਮੁੰਨੀਅਨਿ ਗਲ ਵਿਚਿ ਆਵੈ ਧੂੜਿ।
ਮਹਲਾ ਅੰਦਰਿ ਹੋਦੀਆ ਹੁਣਿ ਬਹਣਿ ਨ ਮਿਲਨਿ ਹਦੂਰਿ।
ਆਦੇਸੁ ਬਾਬਾ ਆਦੇਸੁ ।।[12]

(ਅ) ਮਾਣਸ ਖਾਣੇ ਕਰਹਿ ਨਿਵਾਜ।।
ਛੁਰੀ ਵਗਾਇਨਿ ਤਿਨ ਗਲਿ ਤਾਗ।।
ਤਿਨ ਘਰਿ ਬ੍ਰਾਹਮਣ ਪੂਰਹਿ ਨਾਦ।।
ਉਨ੍ਹਾ ਭਿ ਆਵਹਿ ਓਈ ਸਾਦ।।[13]

ਜਦੋਂ ਸਾਹਿਤ ਯਥਾਰਥ ਦਾ ਸੁੰਦਰ ਝਲਕਾਰਾ ਦਿੰਦਾ ਹੋਇਆ ਗਿਆਨ ਦੀ ਚਿਣਗ ਦਿੰਦਾ ਹੈ, ਉਦੋਂ ਸਾਹਿਤ ਦਾ ਮੰਤਵ ਸੁਹਜ ਅਤੇ ਗਿਆਨ ਵਿਚ ਵਾਧਾ ਪੂਰਾ ਹੋ ਜਾਂਦਾ ਹੈ।

Sri Satguru Jagjit Singh Ji eLibrary NamdhariElibrary@gmail.com

ਸਮਾਜਕ ਚੇਤਨਤਾ ਦੇ ਪ੍ਰਮੁਖ ਰੂਪਾਂ ਵਿਚੋਂ ਧਰਮ ਵੀ ਇਕ ਰੂਪ ਹੈ ਜਿਹੜਾ ਸਮਾਜਕ ਮਨੁੱਖ ਦੀ ਚੇਤਨਤਾ ਵਿਚ ਯਥਾਰਥ ਦਾ ਅਨੁਪਮ ਪ੍ਰਤੀਬਿੰਬ ਹੈ। ਧਰਮ ਦੈਵੀ ਜਾਂ ਅਲੌਕਿਕ ਨਹੀਂ ਬਲਕਿ ਸਮਾਜ ਦੀ ਉਪਜ ਹੈ। ਇਹ ਕਿਸੇ ਦੀ ਜਮਾਂਦਰੂ ਵਿਸ਼ੇਸ਼ਤਾ ਨਹੀਂ। ਧਰਮ ਮਨੁੱਖਾਂ ਦੀ ਚੇਤਨਤਾ ਵਿਚ ਬਾਹਰਲੀਆਂ ਤਾਕਤਾਂ ਦਾ ਜੋ ਉਨ੍ਹਾਂ ਤੇ ਭਾਰੂ ਹੈ, ਇਕ ਅਨੁਪਮ ਤੇਭਰਮ ਪਾਉਣ ਵਾਲਾ ਪ੍ਰਤੀਬਿੰਬ ਹੈ। ਧਰਮ ਦੈਵੀ ਦੇਵਤਿਆਂ ਅਤੇ ਧਾਰਮਿਕ ਰਹੁ ਰੀਤਾਂ ਅਦਾ ਕਰਨ ਵਿਚ ਵਿਸ਼ਵਾਸ਼ਾਂ ਨਾਲ ਜੁੜਿਆ ਹੋਇਆ ਹੈ। ਧਰਮ ਮਨੁੱਖੀ ਸਮਾਜ ਦੀ ਬਣਤਰ ਦੇ ਪਹਿਲੇ ਪੜਾਵਾਂ ਤੋਂ ਹੋਂਦ ਵਿਚ ਆਇਆ। ਉਸ ਸਮੇਂ ਪੈਦਾਵਾਰੀ ਸ਼ਕਤੀਆਂ ਦੀ ਪੱਧਰ ਨੀਵੀਂ ਸੀ। ਇਸ ਨੀਵੀਂ ਪੱਧਰ ਦੇ ਕਾਰਣ ਪ੍ਰਕ੍ਰਿਤੀ ਦੀਆਂ ਆਪ ਮੁਹਾਰੀ ਸ਼ਕਤੀਆਂ ਉਤੇ ਨਿਰਭਰਤਾ ਅਤੇ ਉਨ੍ਹਾਂ ਦੇ ਗਿਆਨ ਦੀ ਕਮੀ ਕਾਰਣ ਧਰਮ ਦਾ ਉਦੈ ਹੋਇਆ। ਇਸ ਸੰਦਰਭ ਵਿਚ ਦੋ ਵਿਦਵਾਨਾਂ ਵ. ਕੇਲੇ ਅਤੇ ਮ. ਕੋਵਾਲਜ਼ੋਨ ਦੇ ਕਥਨ :

> ਚੇਤਨਾ ਦੇ ਅਨਯ ਰੂਪਾਂ ਦੀ ਭਾਂਤਿ ਧਰਮ, ਸਮਾਜਿਕ ਮਾਨਵ ਦੀ ਚੇਤਨਾ ਵਿਚ ਯਥਾਰਥ ਦਾ ਪ੍ਰਤੀਬਿੰਬ ਹੈ ਔਰ ਆਕਾਸ਼ ਦੀ ਨਹੀਂ। ਇਸੀ ਧਰਤੀ ਕੀ ਉਪਜ ਹੈ।[14]

ਮਨੁੱਖ ਉਨ੍ਹਾਂ ਪ੍ਰਕ੍ਰਿਤਕ ਸ਼ਕਤੀਆਂ ਨੂੰ ਖ਼ੁਸ਼ ਰੱਖਣਾ ਚਾਹੁੰਦਾ ਹੈ, ਜਿਨ੍ਹਾਂ ਦੇ ਉਹ ਅਧੀਨ ਹੈ, ਉਹ ਉਨ੍ਹਾਂ ਦੀ ਪੂਜਾ ਕਰਦਾ ਹੈ, ਤਾਂ ਜੋ ਉਹ ਸ਼ਕਤੀਆਂ ਉਸ ਨੂੰ ਦੁਖ ਤਕਲੀਫ਼ਾਂ ਤੋਂ ਬਚਾਈ ਰੱਖਣ। ਸਮਾਜਕ ਚੇਤਨਤਾ ਦੇ ਰੂਪ ਵਜੋਂ ਧਰਮ ਦੀ ਕਲਾ ਨਾਲ ਸਾਂਝ ਵੀ ਹੈ ਤੇ ਵਖਰਤਾ ਵੀ। ਮੱਧ ਕਾਲ ਵਿਚ ਧਰਮ ਮੂਲ ਚੇਤਨਾ ਕਾਰਣ ਹੀ ਧਾਰਮਿਕ ਚੇਤਨਾ ਵਾਲਾ ਸਾਹਿਤ ਰਚਿਆ ਗਿਆ ਹੈ।

ਸਾਹਿਤ ਚੇਤਨਤਾ ਦੇ ਬਦਲਦੇ ਰੂਪਾਂ ਦੇ ਨਾਲ ਨਾਲ ਸਾਹਿਤ ਵਿਚ ਵੀ ਪਰਿਵਰਤਨ ਆਉਂਦੇ ਰਹੇ ਹਨ। ਲਗਾਤਾਰ ਪਰਿਵਰਤਨ ਦੇ ਨਾਲ ਮਾਨਵੀ ਚਿੰਤਨ ਧਾਰਾ ਦੇ ਸ਼ੁਰੂ ਤੋਂ

ਲੈ ਕੇ ਹੁਣ ਤਕ ਤਿੰਨ ਚੇਤਨਾ ਦੇ ਪੜਾਅ ਸਾਹਮਣੇ ਆਉਂਦੇ ਹਨ, ਜੋ ਆਪਣੇ ਆਪ ਵਿਚ ਇਕਲੀ ਯੁਗ ਚੇਤਨਾ ਹੈ। ਇਨ੍ਹਾਂ ਤਿੰਨਾਂ ਵਿਚ ਵਖਰਤਾ ਹੁੰਦੇ ਹੋਏ ਵੀ ਤਿੰਨੇ ਇਕ ਵਿਕਾਸ ਰੇਖਾ ਵਿਚ ਬੱਝੇ ਹੋਏ ਹਨ। ਮਨੁੱਖੀ ਚਿੰਤਨ ਧਾਰਾ ਦੇ ਆਰੰਭ ਵਿਚ ਸਭ ਤੋਂ ਪਹਿਲਾਂ ਜਾਦੂ ਚੇਤਨਾ ਆਈ। ਦੂਸਰਾ ਯੁਗ ਧਾਰਮਕ ਚੇਤਨਾ ਦਾ ਸੀ। ਇਨ੍ਹਾਂ ਦੋਹਾਂ ਪੜਾਵਾਂ ਤੋਂ ਬਾਦ ਆਉਂਦੀ ਹੈ। ਵਿਗਿਆਨਕ ਚੇਤਨਤਾ। ਇਨ੍ਹਾਂ ਤਿੰਨਾਂ ਪੜਾਵਾਂ ਵਿਚ ਸਾਹਿਤ ਦੀ ਸੁਰ ਵਖਰੀ ਸੀ।

ਜਾਦੂ ਚੇਤਨਾ ਸਮਾਜ ਦੀ ਆਰੰਭਕ ਚੇਤਨਾ ਸੀ। ਮਨੁੱਖਾਂ ਦੇ ਹੋਂਦ ਵਿਚ ਆਉਣ ਨਾਲ ਸਮਾਜ ਦਾ ਨਿਰਮਾਣ ਹੁੰਦਾ ਹੈ। ਇਨ੍ਹਾਂ ਮਨੁੱਖਾਂ ਦੇ ਸਮੂਹ ਨਾਲ ਸਮਾਜਕ ਹੋਂਦ ਦੀ ਸਮਝ ਅਤੇ ਸਮਾਜਕ ਜੀਵਨ ਦੀਆਂ ਦਰਪੇਸ਼ ਮੁਸ਼ਕਿਲਾਂ ਅਤੇ ਉਨ੍ਹਾਂ ਵਿਚ ਸੰਚਿਤ ਹੋਈ ਮਨੁੱਖੀ ਕਿਰਤ ਉਸ ਸਮੇਂ ਦੀ ਧੁੰਦਲੀ ਚੇਤਨਾ ਸੀ। ਇਸ ਚੇਤਨਾ ਵਿਚ ਸਾਹਿਤ ਦਾ ਰੂਪ ਮਿਥਿਹਾਸ ਸੀ। ਮਿਥਿਹਾਸ ਪ੍ਰਾਚੀਨ ਮਨੁੱਖ ਦੀ ਕਲਾਤਮਕ ਸਿਰਜਣਾ ਸ਼ਕਤੀ ਨੂੰ ਜਾਹਿਰ ਕਰਦਾ ਹੈ। ਇਸ ਚੇਤਨਾ ਵਾਲੇ ਸਾਹਿਤ ਨੂੰ ਸਾਹਿਤ ਕਲਾ ਦਾ ਆਰੰਭਕ ਪੜਾਅ ਮੰਨਿਆ ਹੈ। ਡਾ. ਹਰਿਭਜਨ ਸਿੰਘ ਅਨੁਸਾਰ:

> ਕਲਾ ਰਚਨਾ ਨੂੰ ਵੀ ਪ੍ਰੇਰਣਾ, ਆਵੇਸ਼ ਜਾਂ ਫੁਰਨੇ ਦੀ ਲੋੜ ਹੈ ਪਰ
> ਇਸ ਫੁਰਨੇ ਦਾ ਕੇਂਦਰ ਮਨੁੱਖੀ ਸੁਖਸ਼ੇਖਤ ਹੈ, ਮਨੁੱਖ ਬਾਹਰੀ
> ਅਧਿਆਤਮਕ ਹਸਤੀ ਨਹੀਂ।[15]

ਸਮਾਜ ਦੇ ਇਤਿਹਾਸਕ ਵਿਕਾਸ ਵਿਚ ਲਗਾਤਾਰ ਉਤਪਾਦਕ ਸ਼ਕਤੀਆਂ ਦਾ ਵਿਕਾਸ ਹੋਇਆ। ਪਰੰਤੂ ਮਨੁੱਖ ਵਿਚ ਗਿਆਨ ਦੀ ਘਾਟ ਸੀ, ਇਸ ਘਾਟ ਦੇ ਕਾਰਣ ਮਨੁੱਖ ਦਾ ਵਿਸ਼ਵਾਸ ਦ੍ਰਿੜ ਹੁੰਦਾ ਗਿਆ, ਇਸ ਵਿਸ਼ਵਾਸ ਦੀ ਦ੍ਰਿੜਤਾ ਦੇ ਕਾਰਣ ਮਨੁੱਖ ਦੀ ਸੋਚ ਵਿਚ ਅਲੌਕਿਕ ਅਤੇ ਪਰਾਪ੍ਰਕ੍ਰਿਤੀ ਸ਼ਕਤੀਆਂ ਅਦਭੁਤ ਰੂਪ ਧਾਰਣ ਕਰ ਗਈਆਂ, ਜਿਨ੍ਹਾਂ ਵਿਚ ਮਨੁੱਖ ਦਾ ਵਿਸ਼ਵਾਸ ਬੱਝ ਗਿਆ ਅਤੇ ਮਨੁੱਖ ਇਨ੍ਹਾਂ ਦੀ ਪੂਜਾ ਕਰਨ ਲਗ ਪਿਆ। ਇਹ ਪੂਜਾ ਜਾਦੂ ਚੇਤਨਾ ਵਾਲੇ ਯੁਗ ਨਾਲੋਂ ਵੱਖਰੀ ਸੀ ਅਤੇ ਇਸ ਨੂੰ ਧਾਰਮਕ ਚੇਤਨਤਾ ਦਾ ਨਾਂ ਦਿੱਤਾ ਗਿਆ। ਇਸ ਸਮੇਂ ਸਿਰਜਿਆ ਹੋਇਆ ਸਾਹਿਤ ਧਾਰਮਕ ਚੇਤਨਤਾ ਦੀ ਤਰਜਮਾਨੀ ਕਰਦਾ

Sri Satguru Jagjit Singh Ji eLibrary NamdhariElibrary@gmail.com

ਸੀ। ਧਾਰਮਕ ਚੇਤਨਤਾ ਅੰਤਰਗਤ ਪੈਦਾ ਹੋਏ ਸਾਹਿਤ ਨੂੰ 'ਪਵਿੱਤਰ ਸਾਹਿਤ' ਵਜੋਂ ਪਰਵਾਨਿਆ ਗਿਆ ਹੈ। ਮੱਧ ਕਾਲ ਵਿਚ ਸਾਹਿਤ ਦਾ ਦ੍ਰਿਸ਼ਟੀਕੋਣ ਧਰਮ ਸੀ, ਜਿਹੜਾ ਰਾਜਨੀਤੀ, ਸਾਹਿਤ ਸੰਸਕ੍ਰਿਤਕ ਆਦਿ ਦੇ ਸੰਯੁਕਤ ਰੂਪ ਵਿਚ ਪੇਸ਼ ਹੋਇਆ ਪੰਜਾਬੀ ਸਾਹਿਤ ਵਿਚ ਗੁਰੂ ਗ੍ਰੰਥ ਸਾਹਿਬ ਇਸ ਦ੍ਰਿਸ਼ਟੀਕੋਣ ਹੇਠ ਰਚਿਤ ਇਕ ਸ੍ਰੇਸ਼ਟ ਉਦਾਹਰਣ ਹੈ ਇਸ ਵਿਚ ਧਰਮ ਦੀ ਚੇਤਨਾ ਰਾਹੀਂ ਸਮਾਜਕ ਜੀਵਨ ਦੀ ਪੇਸ਼ਕਾਰੀ ਹੋਈ ਹੈ। 'ਆਸਾ ਦੀ ਵਾਰ' ਵਿਚ ਗੁਰੂ ਨਾਨਕ ਨੇ ਵੀ ਲੋਕਾਂ ਵਿਚ ਧਾਰਮਕ ਚੇਤਨਾ ਰਾਹੀਂ ਸਮਾਜਕ ਜੀਵਨ ਦੀ ਪੇਸ਼ਕਾਰੀ ਕੀਤੀ ਹੈ:

ਵਾਇਨਿ ਚੇਲੇ ਨਚਨਿ ਗੁਰ।।
ਪੈਰ ਹਲਾਇਨਿ ਫੇਰਨਿ ਸਿਰ।।
ਉਡਿ ਉਡਿ ਰਾਵਾ ਝਾਟੈ ਪਾਇ।।
ਵੇਖੈ ਲੋਕੁ ਹਸੈ ਘਰਿ ਜਾਇ।।
ਰੋਟੀਆ ਕਾਰਣਿ ਪੂਰਹਿ ਤਾਲ।।
ਆਪੁ ਪਛਾੜਹਿ ਧਰਤੀ ਨਾਲਿ।।
ਗਾਵਨਿ ਗੋਪੀਆ ਗਾਵਨਿ ਕਾਨ੍।।
ਗਾਵਨਿ ਸੀਤਾ ਰਾਜੇ ਰਾਮ।।
ਨਿਰਭਉ ਨਿਰੰਕਾਰੁ ਸਚੁ ਨਾਮੁ।।
ਜਾ ਕਾ ਕੀਆ ਸਗਲ ਜਹਾਨੁ।।[16]

ਇਸ ਤੋਂ ਬਾਦ ਹੌਲੀ ਹੌਲੀ ਸਮਾਜ ਵਿਚ ਜਦੋਂ ਵਿਗਿਆਨ ਨੇ ਥਾਂ ਲੈਣੀ ਸ਼ੁਰੂ ਕਰ ਦਿੱਤੀ ਤਾਂ ਜੀਵਨ ਦੇ ਹਰ ਖੇਤਰ ਵਿਚ ਅਤੇ ਜੀਵਨ ਦੀਆਂ ਗਤੀਵਿਧੀਆਂ ਉਪਰ ਸ਼ਕਤੀਸ਼ਾਲੀ ਪ੍ਰਭਾਵ ਪਿਆ। ਇਹ ਚੇਤਨਤਾ ਭਾਰਤ ਵਿਚ ਬਰਤਾਨਵੀ ਸਾਮਰਾਜ ਦੀ ਦੇਣ ਹੈ। ਇਸ ਪ੍ਰਭਾਵ ਅਧੀਨ ਆਧੁਨਿਕ ਚੇਤਨਾ ਵਾਲਾ ਸਾਹਿਤ ਰਚਿਆ ਗਿਆ। ਇਸ ਵਿਗਿਆਨਕ ਚੇਤਨਤਾ ਨਾਲ ਸਾਹਿਤ ਦਾ ਰੂਪ ਆਧੁਨਿਕ ਹੋ ਗਿਆ।

ਆਧੁਨਿਕ ਸਾਹਿਤ ਰਾਜਨੀਤਿਕ ਚੇਤਨਤਾ ਨੂੰ ਸਮਾਜਕ ਚੇਤਨਤਾ ਦੀ ਇਕ ਪ੍ਰਮੁੱਖ ਪਸਾਰ ਦੇ ਤੌਰ ਤੇ ਪੇਸ਼ ਕਰਦਾ ਹੈ। ਇਸ ਯੁੱਗ ਦੇ ਸਾਹਿਤ ਉਤੇ ਰਾਜਨੀਤਿਕ ਚੇਤਨਤਾ ਦਾ ਅਸਰ ਤਿਖੇ ਰੂਪ ਵਿਚ ਪੈ ਰਿਹਾ ਹੈ। ਸਮਾਜਕ ਜੀਵਨ ਵਿਚ ਰਾਜਨੀਤੀ ਦੇ ਪ੍ਰਭਾਵ ਵਧਣ ਨਾਲ ਆਧੁਨਿਕ ਯੁਗ ਵਿਚ ਰਾਜਨੀਤੀ ਸਮਾਜਕ ਯਥਾਰਥ ਦਾ ਪ੍ਰਮੁੱਖ ਹਿੱਸਾ ਬਣ ਗਈ ਹੈ। ਸਾਹਿਤ ਵਿਚ ਰਾਜਨੀਤਿਕ ਚੇਤਨਤਾ ਨੂੰ ਪ੍ਰਚਾਰਵਾਦੀ ਸਾਹਿਤ ਕਹਿੰਦੇ ਹਨ।

ਸਾਹਿਤਕਾਰ ਦੀ ਰਾਜਨੀਤਿਕ ਸਥਿਤੀ ਤਿੰਨ ਪ੍ਰਕਾਰ ਦੀ ਹੋ ਸਕਦੀ ਹੈ: ਇਕ ਸਥਿਤੀ ਅਨੁਸਾਰ ਉਹ ਰਾਜ ਦਾ ਸਮਰਥਕ ਹੋ ਸਕਦਾ ਹੈ, ਦੂਜੀ ਮੁਤਾਬਕ ਉਹ ਰਾਜ ਦਾ ਵਿਰੋਧੀ ਤੇ ਤੀਜੀ ਮੁਤਾਬਕ ਰਾਜ ਤੋਂ ਨਿਰਲੇਪ ਰਹਿ ਕੇ ਰਚਨਾ ਕਰ ਸਕਦਾ ਹੈ। ਪੂੰਜੀਵਾਦੀ ਦੇਸ਼ਾਂ ਵਿਚ ਰਾਜ ਲੋਕਾਂ ਦਾ ਸ਼ੋਸ਼ਣ ਕਰਦਾ ਹੈ ਤਾਂ ਸਾਹਿਤਕਾਰ ਉਸਦਾ ਵਿਰੋਧ ਕਰਦਾ ਹੈ। ਸਮਾਜਵਾਦੀ ਦੇਸ਼ਾਂ ਵਿਚ ਸਾਹਿਤਕਾਰ ਰਾਜ ਦੇ ਪੱਖ ਵਿਚ ਹੁੰਦੇ ਹਨ। ਤੀਜੀ ਹਾਲਤ ਵਿਚ ਸਾਹਿਤਕਾਰ ਰਾਜ ਤੋਂ ਨਿਰਲੇਪ ਰਹਿੰਦਾ ਹੈ, ਅਜਿਹਾ ਕਰਦਾ ਹੋਇਆ ਵੀ ਉਹ ਕਿਸੇ ਨਾ ਕਿਸੇ ਵਰਗ ਦੀ ਰਾਜਨੀਤੀ ਦੀ ਪ੍ਰੋੜਤਾ ਕਰਦਾ ਹੈ।

ਇਸ ਤਰ੍ਹਾਂ ਇਹ ਸਪਸ਼ਟ ਹੁੰਦਾ ਹੈ ਕਿ ਕੋਈ ਵੀ ਸਾਹਿਤਕਾਰ ਆਪਣੇ ਸਮੇਂ ਦੀ ਰਾਜਨੀਤੀ ਤੋਂ ਅਲਗ ਨਹੀਂ, ਉਹ ਆਪਣੀਆਂ ਰਚਨਾਵਾਂ ਵਿਚ ਰਾਜਨੀਤਿਕ ਚੇਤਨਤਾ ਅਤੇ ਵਿਚਾਰਾਂ ਦੀ ਅਭਿਵਿਅਕਤੀ ਕਰਦਾ ਰਹਿੰਦਾ ਹੈ।

ਵਿਅਕਤੀਗਤ ਚੇਤਨਤਾ ਸਮਾਜਕ ਯਥਾਰਥ ਹੈ। ਵਿਅਕਤੀਗਤ ਚੇਤਨਤਾ ਰਾਹੀਂ ਹੀ ਸਮਾਜਕ ਚੇਤਨਤਾ ਪੇਸ਼ ਹੁੰਦੀ ਹੈ। ਸਮਾਜਕ ਚੇਤਨਤਾ ਉਹ ਬੌਧਿਕ ਵਾਤਾਵਰਣ ਹੈ ਜਿਸ ਵਿਚ ਮਨੁੱਖ ਨਿਤ ਦਾ ਜੀਵਨ ਬਤੀਤ ਕਰਦਾ ਹੈ ਅਤੇ ਆਪਣੀ ਵਿਹਾਰਕ ਸਰਗਰਮੀ ਕਰਦਾ ਹੈ। ਮਨੁੱਖ ਆਪਣੀ ਜਮਾਤ, ਕੌਮ, ਭਾਈਚਾਰੇ ਅਤੇ ਪੂਰੇ ਸਮਾਜ ਵਿਚੋਂ ਵਿਚਾਰ ਆਦਤਾਂ ਤੇ ਰੁਚੀਆਂ ਆਦਿ ਗ੍ਰਹਿਣ ਕਰਦਾ ਹੈ।

## ਮਧਕਾਲੀਨ ਧਰਮ ਸਾਧਨਾ ਤੇ ਸਮਾਜਕ ਚੇਤਨਾ :

ਮਧਕਾਲੀਨ ਭਾਰਤੀ ਧਰਮ ਸਾਧਨਾ ਤੇ ਸਮਾਜਕ ਚੇਤਨਾ ਬਾਰੇ ਗੱਲ ਕਰਨ ਤੋਂ ਪਹਿਲਾਂ ਮੱਧਕਾਲ ਦਾ ਸਮਾਂ ਨਿਸ਼ਚਿਤ ਕਰਨਾ ਆਵਸ਼ਕ ਹੈ। ਮਧਕਾਲ ਜਾਂ ਮਧਯੁਗ ਸ਼ਬਦ ਭਾਰਤੀ ਭਾਸ਼ਾਵਾਂ ਵਿਚ ਨਵਾਂ ਹੀ ਹੈ। ਇਸ ਦੇਸ਼ ਦੇ ਪ੍ਰਾਚੀਨ ਸਾਹਿਤ ਵਿਚ ਇਸ ਤਰ੍ਹਾਂ ਦੇ ਕਿਸੇ ਸ਼ਬਦ ਦਾ ਪ੍ਰਯੋਗ ਨਹੀਂ ਮਿਲਦਾ। ਬਹੁਤ ਪ੍ਰਾਚੀਨ ਕਾਲ ਤੋਂ ਭਾਰਤ ਵਿਚ ਚਾਰ ਯੁੱਗਾਂ ਦੀ ਚਰਚਾ ਮਿਲਦੀ ਹੈ। ਉਹ ਹਨ ਸਤ ਯੁਗ, ਤ੍ਰੇਤਾ, ਦੁਆਪਰ ਅਤੇ ਕਲਯੁਗ। ਬ੍ਰਾਹਮਣ ਅਤੇ ਉਪਨਿਸ਼ਦ ਗ੍ਰੰਥਾਂ ਵਿਚ ਵੀ ਇਹਨਾਂ ਸ਼ਬਦਾਂ ਦਾ ਪ੍ਰਯੋਗ ਮਿਲ ਜਾਂਦਾ ਹੈ। ਇਸ ਤਰ੍ਹਾਂ ਦੀ ਯੁਗ ਵੰਡ ਧਾਰਮਕ ਮਨੋਬਿਰਤੀ ਘੱਟ ਵੱਧ ਹੋਣ ਨੂੰ ਮੁਖ ਰਖ ਕੇ ਕੀਤੀ ਗਈ ਪ੍ਰਤੀਤ ਹੁੰਦੀ ਹੈ।

ਅਜੋਕੇ ਯੁਗ ਵਿਚ ਮੱਧਕਾਲ ਸੰਕਲਪ ਵਖਰੇ ਅਰਥਾਂ ਦਾ ਲਖਾਇਕ ਹੈ: ਇਹ ਅੰਗਰੇਜ਼ੀ ਸ਼ਬਦ ਦੇ ਅਨੁਕਰਨ 'ਮਿਡਲ ਏਜ਼' ਵਜੋਂ ਪੇਸ਼ ਕੀਤਾ ਜਾਂਦਾ ਹੈ।[17]

ਯੋਰਪ ਦੇ ਇਤਿਹਾਸ ਵਿਚ ਰੋਮਨ ਸਾਮਰਾਜ ਦੇ ਪਤਨ ਦੇ ਬਾਦ ਤੋਂ ਲੈ ਕੇ ਨਵੀਨ ਵਿਗਿਆਨਕ ਪੁਨਰ ਜਾਗਰਣ ਤੋਂ ਪਹਿਲੇ ਤਕ ਦੇ ਕਾਲ ਨੂੰ ਮੱਧਯੁਗ ਜਾਂ ਮੱਧਕਾਲ ਕਿਹਾ ਜਾਂਦਾ ਹੈ। ਇਹ ਸਮਾਂ 476 ਈਸਵੀ ਤੋਂ ਲੈ ਕੇ 1553 ਈਸਵੀ ਤਕ ਲਗਭਗ ਇਕ ਹਜ਼ਾਰ ਸਾਲ ਦਾ ਮੰਨਿਆ ਜਾਂਦਾ ਹੈ।

ਭਾਰਤੀ ਇਤਿਹਾਸਕਾਰਾਂ ਨੇ ਮੱਧਕਾਲ ਨੂੰ ਇਸਲਾਮ ਦੇ ਭਾਰਤ ਵਿਚ ਰਾਜਸੀ ਪ੍ਰਵੇਸ਼ ਤੋਂ ਲੈ ਕੇ ਅੰਗਰੇਜ਼ੀ ਸਾਮਰਾਜ ਦੀ ਸਥਾਪਤੀ ਏਸਮੇਂ ਨੂੰ ਮੱਧਕਾਲ ਪ੍ਰਵਾਨ ਕੀਤਾ ਹੈ।

ਇਸ ਕਾਲ ਵਿਚ ਭਾਰਤ ਦੇ ਹਰ ਖੇਤਰ ਵਿਚ ਪਤਨ ਨਜ਼ਰ ਆਉਂਦਾ ਹੈ। ਇਸ ਦਾ ਮੂਲ ਕਾਰਣ ਇਸ ਦੇਸ਼ ਦੀ ਰਾਜਨੀਤਕ ਸਥਿਤੀ ਸੀ। ਕਾਰਣ ਕੋਈ ਹੋਵੇ ਪਰ ਮੁੱਧਯੁਗ ਪਤਨ ਦਾ ਯੁਗ ਹੈ। ਇਸ ਕਾਲ ਵਿਚ ਭਾਰਤ ਕੇਵਲ ਇਕ ਖੇਤਰ ਵਿਚ ਅਗੇ ਸੀ ਉਹ ਸੀ ਭਗਵਤ ਭਗਤੀ ਦਾ ਖੇਤਰ। ਉੱਤਰ ਮੱਧਕਾਲ ਵਿਚ ਭਾਰਤ ਦੇ ਹਰ ਹਿੱਸੇ ਵਿਚ ਵੱਡੇ ਵੱਡੇ ਭਗਤ ਪੈਦਾ

Sri Satguru Jagjit Singh Ji eLibrary NamdhariElibrary@gmail.com

ਹੋਏ ਇਹਨਾ ਵਿਚੋਂ ਕਿਤਨੇ ਉਚ ਕੋਟੀ ਦੇ ਵਿਹਾਰਕ ਤਤਵ ਗਿਆਨੀ ਸਨ ਪਰ ਜਿਆਦਾਤਰ ਪ੍ਰਧਾਨਤਾ ਨਿਰਅੱਖਰ ਸਾਧਕਾਂ ਦੀ ਰਹੀ ਇਹਨਾ ਭਗਤਾਂ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਪੜ੍ਹਿਆ ਲਿਖਿਆ ਹੋਣ ਨਾਲ ਕੋਈ ਭਗਵਤ ਭਗਤੀ ਦਾ ਅਧਿਕਾਰੀ ਨਹੀਂ ਹੋ ਜਾਂਦਾ ਅਤੇ ਅਨਪੜ੍ਹ ਹੋਣ ਨਾਲ ਕੋਈ ਉਸ ਮਹਾਂਰਸ ਤੋਂ ਵੰਚਿਤ ਵੀ ਨਹੀਂ ਹੋ ਜਾਂਦਾ। ਭਗਤ ਦੀ ਮਨੋਬਿਰਤੀ ਅਨੁਸਾਰ ਕਦੀ ਉਹ ਸਖਾਂ ਰੂਪ ਵਿਚ, ਕਦੀ ਪ੍ਰਿਯ ਦੇ ਰੂਪ ਵਿਚ, ਕਦੀ ਸਵਾਮੀ ਰੂਪ ਵਿਚ ਅਤੇ ਕਦੀ ਅਲਗ ਅਲਗ ਰੂਪਾਂ ਵਿਚ ਪ੍ਰਗਟ ਹੁੰਦਾ ਹੈ।

ਮੱਧਕਾਲ ਦੀ ਸਾਰੀ ਧਰਮ-ਸਾਧਨਾ ਨੂੰ ਨਾਮ ਦੀ ਸਾਧਨਾ ਕਿਹਾ ਜਾ ਸਕਦਾ ਹੈ। ਚਾਹੇ ਉਹ ਸਰਗੁਣ ਮਾਰਗ ਦੇ ਭਗਤ ਹੋਣ ਜਾਂ ਨਿਰਗੁਣ ਮਾਰਗ ਦੇ। ਨਾਮ ਜਪਣ ਬਾਰੇ ਕਿਸੇ ਨੂੰ ਕੋਈ ਸੰਦੇਹ ਨਹੀਂ। ਇਸ ਵਿਸ਼ਾਲ ਭਵ ਸਾਗਰ ਵਿਚ ਨਾਮ ਹੀ ਇਕ ਮਾਤਰ ਨੌਕਾ ਰੂਪ ਹੈ। ਨਾਮ ਅਤੇ ਰੂਪ ਦੀ ਉਪਾਸਨਾ ਮੱਧਕਾਲੀਨ ਭਗਤਾਂ ਦੀ ਆਪਣੀ ਵਿਸ਼ੇਸ਼ਤਾ ਹੈ। ਭਗਵਾਨ ਦੇ ਨਾਂ ਨੂੰ ਹੀ ਸਭ ਤੋਂ ਵੱਡਾ ਮੰਤਰ ਮੰਨਣਾ ਅਤੇ ਉਸੀ ਦੇ ਜਾਪ ਨੂੰ ਸਾਰੀ ਸਿਧੀਆਂ ਦਾ ਮੂਲ ਮੰਨਣਾ ਇਸ ਯੁਗ ਦੀ ਵਿਸ਼ੇਸ਼ਤਾ ਹੈ।

ਧਰਮ ਅਤੇ ਦਰਸ਼ਨ ਦੇ ਜਿਹੜੇ ਗ੍ਰੰਥ ਡੇਢ ਹਜ਼ਾਰ ਸਾਲਾਂ ਦੇ ਇਤਿਹਾਸ ਨੂੰ ਪ੍ਰਭਾਵਿਤ ਕਰਦੇ ਰਹੇ ਉਨ੍ਹਾਂ ਦਾ ਆਰੰਭ ਇਸੇ ਕਾਲ ਵਿਚ ਹੋਇਆ। ਮੰਨੂ ਸਿਮਰਤੀ ਦਾ ਨਵੀਨ ਰੂਪ ਸ਼ਾਇਦ ਇਸੇ ਮੱਧਕਾਲ ਦੀ ਦੇਣ ਹੈ। ਦਰਸ਼ਨ ਅਤੇ ਧਰਮ-ਸਾਧਨਾ ਦੇ ਖੇਤਰ ਵਿਚ ਮਹੱਤਵ ਪੂਰਨ ਗ੍ਰੰਥਾਂ ਅਤੇ ਸੰਪਰਦਾਵਾਂ ਦੀ ਸਥਾਪਨਾ ਇਸੇ ਕਾਲ ਵਿਚ ਹੋਈ ਇਸੇ ਮੱਧਕਾਲ ਵਿਚ ਬ੍ਰਾਹਮਣ ਧਰਮ ਨਵਾਂ ਤੇਜ ਅਤੇ ਜਵਾਨੀ ਪ੍ਰਾਪਤ ਕਰਕੇ ਸ਼ਕਤੀ ਸ਼ਾਲੀ ਹੋ ਗਿਆ ਸੀ। ਯੋਰਪ ਦੇ ਇਤਿਹਾਸ ਵਿਚ ਜਦੋਂ ਮੱਧਯੁਗ ਦੀ ਸ਼ੁਰੂਆਤ ਹੋਈ ਉਦੋਂਹੀ ਭਾਰਤੀ ਇਤਿਹਾਸ ਵਿਚ ਨਵਾਂ ਉਤਸ਼ਾਹ ਤੇ ਨਵਾਂ ਜੋਸ਼ ਪੈਦਾ ਹੋਇਆ। ਇਸ ਕਾਲ ਵਿਚ ਰਾਜ ਤੋਂ ਲੈ ਕੇ ਸਾਹਿਤ, ਧਰਮ ਅਤੇ ਸਮਾਜਕ ਅਵਸਥਾ ਵਿਚ ਅਜੀਬ ਕਰਾਂਤੀ ਨਜ਼ਰ ਆਉਂਦੀ ਹੈ। ਜਿਹੜੇ ਗ੍ਰੰਥ ਉਸ ਸਮੇਂ ਸਨਮਾਨਯੋਗ ਸਨ ਉਹ ਸੈਂਕੜੇ ਵਰ੍ਹਿਆਂ ਬਾਦ ਵੀ ਭਾਰਤੀ ਲੋਕਾਈ ਨੂੰ ਪ੍ਰੇਰਣਾ ਦੇ ਰਹੇ ਹਨ।

ਵਿਕਰਮ ਦੀ ਛੇ ਵੀਂ ਸੁਤਾਬਦੀ ਤੋਂ ਬਾਦ ਭਾਰਤੀਧਰਮ ਸਾਧਨਾ ਦੇ ਖੇਤਰ ਵਿਚ ਇਕ ਨਵਾਂ ਪ੍ਰਭਾਵ ਨਜ਼ਰ ਆਉਂਦਾ ਹੈ ਜਿਸ ਨੂੰ ਥੋੜੇ ਸ਼ਬਦਾਂ ਵਿਚ ਤਾਂਤਰਿਕ ਕਹਿ ਸਕਦੇ ਹਾਂ। ਤੰਤ੍ਰ ਗ੍ਰੰਥਾਂ ਨੂੰ 'ਆਗਮ' ਕਿਹਾ ਜਾਂਦਾ ਹੈ ਤੇ ਵੇਦਾਂ ਨੂੰ 'ਨਿਗਮ'। ਉਸ ਵੇਲੇ ਬ੍ਰਾਹਮਣ ਕਰਮ ਕਾਂਡਾਂ ਵਿਚ ਵਿਸ਼ਵਾਸ ਰਖਦਾ ਸੀ ਅਤੇ ਹਰ ਕੰਮ ਜੰਤਰਾਂ ਮੰਤਰਾਂ ਤੇ ਤੰਤਰਾਂ ਦੀ ਸਹਾਇਤਾ ਨਾਲ ਕਰਦਾ ਸੀ ਕੇਵਲ ਬ੍ਰਾਹਮਣ ਹੀ ਨਹੀਂ ਜੈਨ ਅਤੇ ਬੁਧ ਧਰਮ ਵਿਚ ਵੀ ਤੰਤਰਾਂ ਦਾ ਪ੍ਰਭਾਵ ਸੀ।

ਮੱਧਕਾਲ ਵਿਚ ਹਿੰਦੂ ਮਤ ਦੇ ਅੰਤਰਗਤ ਜਿਸ ਨਵੀਂ ਧਰਮ ਸਾਧਨਾ ਦਾ ਪ੍ਰਕਾਸ਼ ਹੋ ਰਿਹਾ ਸੀ ਹਜ਼ਾਰੀ ਪ੍ਰਸਾਦ ਦ੍ਵਿਵੇਦੀ ਦੇ ਵਿਸ਼ਲੇਸ਼ਣ ਅਨੁਸਾਰ ਇਸ ਪ੍ਰਕਾਰ ਦਾ ਸੀ:

> ਇਸ ਕਾਲ ਦੇ ਧਰਮ ਨੂੰ ਮੋਟੇ ਤੌਰ ਤੇ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ। ਆਸਤਕ ਤੇ ਨਾਸਤਕ । ਆਸਤਕ ਵੀ ਦੋ ਸ਼੍ਰੇਣੀਆਂ ਦੇ ਹਨ ਇਕ ਉਹ ਜਿਹੜੇ ਵੇਦਾਂ ਨੂੰ ਪ੍ਰਮਾਨ ਮੰਨਦੇ ਹਨ ਤੇ ਦੂਜੇ ਵੇਦਾਂ ਨਾਲ ਆਪਣੇ ਮਤ ਦੇ ਸਹਿਮਤ ਜਾਂ ਅਸਹਿਮਤ ਹੋਣ ਦੀ ਪਰਵਾਹ ਨਹੀਂ ਕਰਦੇ ਇਹ ਨਾਸਤਕ ਤਾਂ ਨਹੀਂ ਪਰ ਵੇਦ ਵਿਰੋਧੀ ਜ਼ਰੂਰ ਹਨ।[18]

ਬ੍ਰਾਹਮਣ ਵੇਦਾਂ ਨੂੰ ਮੰਨਦੇ ਸਨ, ਬ੍ਰਾਹਮਣ ਵਰਣ ਦੀ ਸ੍ਰੇਸ਼ਟਤਾ ਪ੍ਰਚਾਰਦੇ ਤੇ ਜਾਤ ਪਾਤ ਦੀ ਮਰਿਆਦਾ ਮੰਨਦੇ ਸਨ ਲੇਕਿਨ ਜੈਨੀ ਬੋਧੀ ਇੰਨੇ ਗਲਾਂ ਨਹੀਂ ਮੰਨਦੇ ਸਨ ਨਾ ਵੇਦਾਂ ਅਤੇ ਬ੍ਰਾਹਮਣਾਂ ਦੀ ਵਡਿਆਈ, ਨਾ ਜਾਤ ਪਾਤ। ਉਸ ਵੇਲੇ ਇਕ ਪਾਸੇ ਤੰਤਰਾਂ ਦਾ ਪ੍ਰਭਾਵ ਜ਼ੋਰ ਫੜ ਰਿਹਾ ਸੀ। ਬੁਧ ਮਤ ਕਮਜ਼ੋਰ ਹੋ ਰਿਹਾ ਸੀ ਤੇ ਬ੍ਰਾਹਮਣ ਮਤ ਪੂਰੇ ਜੋਸ਼ ਨਾਲ ਜਾਗਰੂਕ ਹੋ ਰਿਹਾ ਸੀ।

ਮੱਧਕਾਲ ਵਿਚ ਵੈਸ਼ਨਵ, ਸ਼ੈਵ, ਸ਼ਾਕਤ, ਗਣਪਤ ਅਤੇ ਸੌਰ ਤੋਂ ਲੈ ਕੇ ਬੁਧ ਅਤੇ ਜੈਨ ਧਰਮਾਂ ਵਿਚ ਵੀ ਮੰਤਰ ਜੰਤਰ ਅਤੇ ਮੁਦਰਾ ਆਦਿ ਦਾ ਪ੍ਰਚਾਰ ਵਧਦਾ ਦਿਖਾਈ

Sri Satguru Jagjit Singh Ji eLibrary NamdhariElibrary@gmail.com

ਦੇ ਰਿਹਾ ਸੀ। ਇਸ ਯੁਗ ਵਿਚ ਧਰਮ ਵਿਸ਼ਵਾਸ ਦੇ ਮੰਨਣ ਲਈ ਸਭ ਤੋਂ ਉਪਯੋਗੀ ਗ੍ਰੰਥ ਪੁਰਾਣ, ਆਗਮ, ਤੰਤਰ ਅਤੇ ਸੰਹਿਤਾਵਾਂ ਸਨ।

ਮੱਧਕਾਲ ਵਿਚ ਸ਼ੈਵ ਭਗਤੀ ਦਾ ਬੜਾ ਜ਼ੋਰ ਸੀ। ਵਾਣਭਟ ਦੇ ਗ੍ਰੰਥਾਂ ਵਿਚ ਪਾਸ਼ੂਪਤਾਂ ਦੀ ਚਰਚਾ ਮਿਲਦੀ ਹੈ। ਚੀਨੀ ਯਾਤਰੀ ਹਯੂਨਸਾਂਗ ਨੇ ਆਪਣੀ ਯਾਤਰਾ ਵਰਨਣ ਵਿਚ ਇਸ ਮਤ ਦਾ ਬਾਰ ਬਾਰ ਜ਼ਿਕਰ ਕੀਤਾ ਹੈ। ਸ਼ੰਕਰਾਚਾਰੀਆ ਨੇ ਆਪਣੇ ਸ਼ਾਰੀਰਕ ਭਾਸ਼ਯ ਵਿਚ ਇਸ ਮਤ ਦਾ ਖੰਡਨ ਕੀਤਾ ਹੈ। ਲਿੰਗ ਪੁਰਾਣ ਤੋਂ ਪਤਾ ਲਗਦਾ ਹੈ ਕਿ ਉਸ ਵੇਲੇ ਇਸ ਦੀਆਂ ਤਿੰਨ ਸ਼ਾਖਾਵਾਂ ਵੈਦਿਕ ਤਾਂਤਰਿਕ ਅਤੇ ਮਿਸਰ ਸਨ ।

ਅਗੇ ਚਲ ਕੇ ਭਾਗਵਤ ਅਤੇ ਸੰਹਿਤਾਵਾਂ ਦੇ ਦੋ ਉਤਸਾਂ ਨਾਲ ਚਾਰ ਵੈਸ਼ਨਵ ਸੰਪਰਦਾਵਾਂ ਦਾ ਜਨਮ ਹੋਇਆ ਇਹ ਹਨ ਸ੍ਰੀ ਵੈਸ਼ਨਵ, ਬ੍ਰਹਮ, ਰੁਦਰ ਅਤੇ ਸਨਕ। ਸ੍ਰੀ ਵੈਸ਼ਨਵ ਮਤ ਦੇ ਆਚਾਰੀਆ ਰਾਮਾਨੁਜ, ਬ੍ਰਹਮ ਸੰਪਰਦਾਇ ਦੇ ਆਚਾਰੀਆ ਮਧਵ, ਰੁਦਰ ਦੇ ਆਚਾਰੀਆ ਵਿਸ਼ਨੂ ਸਵਾਮੀ ਅਤੇ ਸਨਕ ਸੰਪਰਦਾਇ ਦੇ ਆਚਾਰੀਆ ਨਿੰਬਾਰਕ। ਦੱਖਣ ਭਾਰਤ ਵਿਚ ਜਦੋਂ ਇਸ ਭਗਤੀ ਮੂਲਕ ਵੈਸ਼ਨਵ ਧਰਮ ਦਾ ਵਿਕਾਸ ਹੋ ਰਿਹਾ ਸੀ ਉਸ ਸਮੇਂ ਉਤਰ ਵਿਚ ਇਕ ਸ਼ਕਤੀ-ਸ਼ਾਲੀ ਯੋਗ ਮਤ ਦਾ ਉਦੈ ਹੋਇਆ।

10ਵੀਂ ਸਦੀ ਦੇ ਆਸ ਪਾਸ ਲਿਖਿਆਂ ਪੁਸਤਕਾਂ ਵਿਚ ਕਾਪਾਲਿਕ ਮਤ ਬਾਰੇ ਜੋ ਪਤਾ ਲਗਦਾ ਹੈ ਕਾਪਾਲਿਕ ਸ਼ਰਾਬ ਪੀਂਦੇ ਸਨ। ਇਸਤਰੀਆਂ ਨਾਲ ਘੁੰਮਦੇ ਫਿਰਦੇ ਸਨ ਅਤੇ ਸਹਿਜ ਸੁਭਾ ਮੋਕਸ਼ ਪ੍ਰਾਪਤ ਕਰ ਲੈਂਦੇ ਸਨ।

ਇਸੇ ਮੱਧਕਾਲ ਵਿਚ ਜੈਨੀ ਸੰਤ ਹੋਏ ਉਨ੍ਹਾਂ ਦੀਆਂ ਰਚਨਾਵਾਂ ਵਿਚ ਉਹ ਸਾਰੇ ਗੁਣ ਮੌਜੂਦ ਹਨ ਜੋ ਉਸ ਸਮੇਂ ਬੁਧ, ਸ਼ੈਵ, ਸ਼ਾਕਤ ਆਦਿ ਯੋਗੀਆਂ ਅਤੇ ਤਾਂਤਰਿਕਾਂ ਦੇ ਗ੍ਰੰਥਾਂ ਵਿਚ ਮਿਲਦੇ ਹਨ। ਬਾਹਰੀ ਆਚਾਰ ਦਾ ਵਿਰੋਧ, ਚਿਤ ਦੀ ਸ਼ੁਧਤਾ ਤੇ ਜ਼ੋਰ, ਸ਼ਰੀਰ ਨੂੰ ਸਾਰੀ

Sri Satguru Jagjit Singh Ji eLibrary NamdhariElibrary@gmail.com

ਸਾਧਨਾਵਾਂ ਦੀ ਆਧਾਰ ਮੰਨਣਾ ਅਤੇ ਸਮਰਸੀ ਭਾਵ ਨਾਲ ਸਵੈ ਸੰਵੇਦਨ ਆਨੰਦ ਦਾ ਉਪਭੋਗ ਉਸ ਯੁਗ ਦੀ ਸਾਧਨਾ ਦੀਆਂ ਵਿਸ਼ੇਸ਼ਤਾਵਾਂ ਹਨ। ਜੈਨੀ ਸਾਧਕ ਅਣਗਿਣਤ ਆਤਮਾਵਾਂ ਵਿਚ ਵਿਸ਼ਵਾਸ ਰਖਦੇ ਹਨ। ਇਹ ਆਤਮਾ ਮੁਕਤ ਹੋਣ ਤੋਂ ਬਾਦ ਪਰਮਾਤਮਾ ਵਿਚ ਵਿਲੀਨ ਹੋ ਜਾਂਦੀ ਹੈ। ਪਰਮਾਤਮਾ ਦੇ ਅਣਗਿਣਤ ਰੂਪ ਹਨ ਪਰ ਗੁਣ ਇਕੋ ਜਿਹੇ ਹਨ। ਇਸ ਲਈ ਪਰਮਾਤਮਾ ਇਕ ਕਿਹਾ ਜਾ ਸਕਦਾ ਹੈ । ਇਹ ਪਦ ਗਿਆਨ ਨਾਲ ਪ੍ਰਾਪਤ ਹੁੰਦਾ ਹੈ। ਗਿਆਨ ਦਾ ਸਾਧਨ ਚਿਤ ਦੀ ਸ਼ੁਧੀ ਹੈ। ਅਸਲ ਵਿਚ ਚਿਤ-ਸ਼ੁਧੀ ਤੋਂ ਬਿਨ੍ਹਾਂ ਮੁਕਤੀ ਪ੍ਰਾਪਤ ਨਹੀਂ ਹੁੰਦੀ। ਚਾਹੇ ਮਨੁੱਖ ਕਿਤਨੇ ਹੀ ਤੀਰਥਾਂ ਤੇ ਜਾਏ ਜਾਂ ਤਪ-ਕਰਦਾ ਰਹੇ।

ਯੋਗ ਸਾਧਨਾ ਵੀ ਬਹੁਤ ਪੁਰਾਣੇ ਸਮੇਂ ਤੋਂ ਚਲੀ ਆ ਰਹੀ ਹੈ। ਮਹਾਤਮਾ ਬੁੱਧ ਅਨੁਸਾਰ ਸੰਸਾਰ ਵਿਚ ਸਭ ਕੁਝ ਨਾਸ਼ਵਾਨ ਹੈ ਉਹਨਾ ਅਨੁਸਾਰ ਕੋਈ ਅਜਿਹੀ ਚੀਜ ਨਹੀਂ ਜਿਹੜੀ ਸਦਾ ਥਿਰ ਰਹੇ। ਅਸ਼ਵ ਘੋਸ਼ ਨੇ ਇਕ ਬੜਾ ਸੁੰਦਰ ਉਦਾਹਰਨ ਦੇ ਇਸ ਗਲ ਨੂੰ ਸਮਝਾਇਆ ਹੈ:

> ਜਿਸ ਤਰ੍ਹਾਂ ਦੀਪਕ ਬੁਝ ਜਾਂਦਾ ਹੈ ਤਾਂ ਨਾ ਤਾਂ ਉਹ ਧਰਤੀ ਵਿਚ ਜਾਂਦਾ ਹੈ ਨਾ ਅੰਤਰਿਕਸ਼ ਵਿਚ ਸਮਾ ਜਾਂਦਾ ਹੈ। ਨਾ ਇਸ ਦਿਸ਼ਾ ਵਿਚ ਜਾਂਦਾ ਹੈ, ਨਾ ਉਸ ਦਿਸ਼ਾ ਵਿਚ, ਕੇਵਲ ਤੇਲ ਦੇ ਖਤਮ ਹੋ ਜਾਣ ਕਾਰਣ ਸ਼ਾਂਤੀ ਪ੍ਰਾਪਤ ਕਰ ਲੈਂਦਾ ਹੈ। ਉਸੀ ਤਰ੍ਹਾਂ ਜਦੋਂ ਪਵਿੱਤਰ ਆਤਮਾ ਮੋਕਸ਼ ਪ੍ਰਾਪਤ ਕਰਦੀ ਹੈ ਤਾਂ ਨ ਉਹ ਅਕਾਸ਼ ਵਿਚ ਨਾ ਦਿਸ਼ਾ ਵਿਚ ਨ ਵਿਦਿਸ਼ਾ ਵਿਚ ਕਲੇਸ਼ਾਂ ਦੇ ਨਾਸ਼ ਹੋਣ ਨਾਲ ਉਹ ਕੇਵਲ ਸ਼ਾਂਤੀ ਪ੍ਰਾਪਤ ਕਰਦੀ ਹੈ।[19]

ਉਸ ਸਮੇਂ ਬੁੱਧ ਅਤੇ ਜੈਨ ਮਤ ਵਿਚ ਵੀ ਵੇਦ ਵਿਰੋਧੀ ਸਵਰ ਮਿਲਦਾ ਸੀ। ਵਾਮ ਮਾਰਗੀ ਤਾਂਤਰਿਕ ਅਤੇ ਯੋਗੀ ਸਾਦੀ ਗੱਲ ਨੂੰ ਵੀ ਉਲਟ ਤੇ ਜਟਿਲ ਬਣਾ ਕੇ ਕਰਦੇ ਸਨ। ਗੁਰੂ ਨਾਨਕ ਅਤੇ ਉਸ ਤੋਂ ਵੀ ਪਹਿਲੇ ਸਮੇਂ ਵਿਚ ਭਾਰਤ ਦੇ ਧਾਰਮਿਕ ਖੇਤਰ ਵਿਚ ਜੋਗ

Sri Satguru Jagjit Singh Ji eLibrary NamdhariElibrary@gmail.com

ਸੰਪ੍ਰਦਾ ਨੂੰ ਕਾਫ਼ੀ ਮਹੱਤਤਾ ਪ੍ਰਾਪਤ ਸੀ, ਜੋਗੀ ਘਰ ਬਾਹਰ ਤਿਆਗ ਕੇ ਜੰਗਲ ਵਿਚ ਜਾ ਕੇ ਤਪਸਿਆ ਕਰਦੇ ਸਨ। ਉਨ੍ਹਾਂ ਦੇ ਚੇਲੇ ਆਸ ਪਾਸ ਦੀਆਂ ਬਸਤੀਆਂ ਵਿਚੋਂ ਭੋਜਨ ਲਿਆਂਦੇ ਸਨ ਅਤੇ ਇਸ ਤਰ੍ਹਾਂ ਉਹ ਉਦਰ ਪੂਰਤੀ ਕਰਦੇ ਸਨ। ਜੋਗੀ ਕਈ ਤਰ੍ਹਾਂ ਦੇ ਜੰਤ੍ਰਾਂ ਮੰਤ੍ਰਾਂ ਨਾਲ ਲੋਕਾਂ ਨੂੰ ਭਰਮਾਂਦੇ ਸਨ। ਨਾਥਾਂ ਜੋਗੀਆਂ ਵਿਚ ਬਾਹਰੀ ਦਿਖਾਵਾ ਵੱਧਦਾ ਜਾ ਰਿਹਾ ਸੀ। ਅਤੇ ਅਸਲੀ ਜੋਗ ਤੋਂ ਉਹ ਪਰ੍ਹੇ ਹੀ ਹੁੰਦੇ ਜਾਂਦੇ ਸਨ।

ਇਸ ਗੱਲ ਦਾ ਪੱਕਾ ਪ੍ਰਮਾਣ ਕਿ ਬਾਰਵੀਂ ਸ਼ਤਾਬਦੀ ਵਿਚ ਬਿਹਾਰ ਅਤੇ ਕਾਸ਼ੀ ਵਿਚ ਬੁੱਧ ਧਰਮ ਖ਼ੂਬ ਪ੍ਰਭਾਵਸ਼ਾਲੀ ਸੀ। ਉਸਦੇ ਹਜ਼ਾਰਾਂ ਅਨੁਯਾਈ, ਮਠ ਤੇ ਵਿਸ਼ਵ ਵਿਦਿਆਲੇ ਸਨ। ਇਸ ਦੇ ਨਾਲ ਹੀ ਵਿਦਵਾਨ ਭਿਕਸ਼ੂਆਂ ਦਾ ਬਹੁਤ ਵੱਡਾ ਦਲ ਸੀ। ਤਿਬਤੀ ਇਤਿਹਾਸਕ ਨਾਮਾਂ ਤਾਰਾਨਾਥ ਦਾ ਕਹਿਣਾ ਹੈ ਕਿ ਮੁਗ਼ਲ ਆਕਰਮਣ ਦੇ ਕਾਰਣ ਬੋਧ ਸੰਤ ਅਤੇ ਵਿਦ੍ਵਜਨ ਚਾਰੇ ਪਾਸੇ ਬਿਖਰ ਗਏ। ਅੱਠਵੀਂ ਨੌਵੀਂ ਸ਼ਤਾਬਦੀ ਵਿਚ ਬੁਧ ਧਰਮ ਬੜੀ ਤੇਜ਼ੀ ਨਾਲ ਤਾਂਤਰਿਕ ਸਾਧਨਾ ਅਤੇ ਕਾਇਆ ਯੋਗ ਦੀ ਤਰਫ ਵਧਣ ਲਗਾ। ਬੁਧ ਧਰਮ ਨੇ ਸੰਨਿਆਸ ਉਤੇ ਜ਼ੋਰ ਦਿਤਾ ਹੈ। ਅਹਿੰਸਾ ਵਿਚ ਬੁੱਧ ਧਰਮ ਦਾ ਵਿਸ਼ਵਾਸ ਹੈ। ਬੁੱਧ ਧਰਮ ਦੇ ਬੁਨਿਆਦੀ ਸਿਧਾਂਤਾਂ ਵਿਚੋਂ ਇਕ ਸਿਧਾਂਤ ਕਰਮਾਂ ਅਤੇ ਪੁਨਰ ਜਨਮ ਦਾ ਹੈ।

ਮੱਧਕਾਲ ਦਾ ਸੰਤ ਸਾਹਿਤ ਪ੍ਰਧਾਨ ਰੂਪ ਵਿਚ ਧਾਰਮਿਕ ਸਾਹਿਤ ਹੈ। ਜਿਸ ਨੂੰ ਅਜ ਕਲ ਅਸੀਂ ਸੰਤ ਸਾਹਿਤ ਕਹਿੰਦੇ ਹਾਂ ਉਹ ਵਾਸਤਵ ਵਿਚ ਨਿਰਗੁਣ ਭਗਤੀ ਦਾ ਸਾਹਿਤ ਹੈ। ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਉਤਰ ਭਾਰਤ ਵਿਚ ਭਗਤੀ ਮਾਰਗ ਨੂੰ ਰਾਮਾਨੰਦ ਲੈ ਕੇ ਆਏ ਸਨ ਅਤੇ ਸੰਜੋਗਵਸ਼ ਉਹਨਾ ਨੂੰ ਕਬੀਰ ਵਰਗਾ ਸ਼ਿਸ਼ ਮਿਲ ਗਿਆ ਸੀ। 14ਵੀਂ ਸ਼ਤਾਬਦੀ ਵਿਚ ਨਵੀਨ ਸਾਧਨਾ ਦਾ ਆਰੰਭ ਮੰਨ ਸਕਦੇ ਹਾਂ। ਇਸ ਤੋਂ ਪਹਿਲਾਂ ਭਾਰਤੀ ਧਰਮ ਸਾਧਨਾਂ ਦੇ ਖੇਤਰ ਵਿਚ ਕਾਫ਼ੀ ਉਥੱਲ ਪੁਥਲ ਹੁੰਦੀ ਰਹੀ। ਮੁਸਲਮਾਨਾਂ ਦਾ ਪ੍ਰਵੇਸ਼ ਤਾਂ ਇਸ ਤੋਂ ਪਹਿਲਾਂ ਹੀ ਭਾਰਤ ਵਿਚ ਸ਼ੁਰੂ ਹੋ ਗਿਆ ਸੀ ਫਿਰ ਵੀ ਪ੍ਰਭਾਵਸ਼ਾਲੀ ਮੁਸਲਿਮ ਹਮਲਾ ਦਸਵੀਂ ਸਦੀ ਤੋਂ ਬਾਦ ਹੋਇਆ। ਇਸ ਸਮੇਂ ਇਕ ਪਾਸੇਂ ਮੁਸਲਮਾਨ ਭਾਰਤ ਵਿਚ ਦਾਖ਼ਲ

Sri Satguru Jagjit Singh Ji eLibrary NamdhariElibrary@gmail.com

ਹੋ ਰਹੇ ਸਨ ਤੇ ਦੂਜੇ ਪਾਸੇ ਬੋਧ ਸਾਧਨਾ ਮੰਤਰ, ਤੰਤਰ ਅਤੇ ਟੂਣੇ ਟੋਟਕੇ ਦੀ ਤਰਫ਼ ਵਧ ਰਹੀ ਸੀ। ਇਸ ਵੇਲੇ ਬ੍ਰਾਹਮਣ ਮਤ ਵੀ ਆਪਣਾ ਪ੍ਰਭਾਵ ਸਥਾਪਤ ਕਰ ਚੁੱਕਾ ਸੀ ਪਰ ਫਿਰ ਵੀ ਜਨਤਾ ਦਾ ਬਹੁਤ ਵੱਡਾ ਹਿੱਸਾ (ਬੋਧ, ਸਾਕਤ, ਸ਼ੈਵ) ਬ੍ਰਾਹਮਣ ਅਤੇ ਵੇਦਾਂ ਦੀ ਪ੍ਰਧਾਨਤਾ ਨੂੰ ਨਹੀਂ ਮੰਨਦਾ ਸੀ।

ਮੱਧਕਾਲ ਵਿਚ ਜਾਤੀਆਂ ਉਪ ਜਾਤੀਆਂ ਦੀਆਂ ਸੀਮਾਵਾਂ ਕਠੋਰ ਹੋਣ ਦੇ ਕਈ ਕਾਰਣ ਸਨ । ਸਾਰਿਆਂ ਦੀ ਥੋੜੀ ਬਹੁਤ ਚਰਚਾ ਕੀਤੇ ਬਿਨਾ ਉਸਦੇ ਮਧਕਾਲੀਨ ਰੂਪ ਨੂੰ ਸਮਝਣਾ ਆਸਾਨ ਨਹੀਂ। ਮੁਸਲਮਾਨਾਂ ਦੇ ਆਉਣ ਤੋਂ ਪਹਿਲਾਂ ਕੋਈ ਜਾਤੀ ਹਿੰਦੂ ਨਹੀਂ ਆਖੀ ਜਾਂਦੀ ਸੀ ਮੁਸਲਮਾਨਾਂ ਨੇ ਹੀ ਪਹਿਲੇ ਪਹਿਲ ਇਸ ਦੇਸ਼ ਵਿਚ ਰਹਿਣ ਵਾਲਿਆਂ ਨੂੰ ਹਿੰਦੂ ਕਿਹਾ। ਕਿਸੇ ਅਨਜਾਣੇ ਸਮਾਜਕ ਦਬਾਅ ਕਾਰਨ ਕੁਝ ਘਟ ਗਿਣਤੀ ਜਾਤੀਆਂ ਜਾਂ ਹਿੰਦੂ ਬਣਨ ਨੂੰ ਮਜਬੂਰ ਹੋਈਆਂ ਜਾਂ ਮੁਸਲਮਾਨ ਇਹ ਇਸ ਕਾਲ ਦੀ ਵਿਸ਼ੇਸ਼ ਘਟਨਾ ਹੈ ਕਿ ਹਰ ਮਾਨਵ ਸਮੂਹ ਨੂੰ ਕਿਸੇ ਨਾ ਕਿਸੇ ਵੱਡੇ ਦਲ ਵਿਚ ਸ਼ਰਣ ਲੈਣ ਲਈ ਮਜਬੂਰ ਹੋਣਾ ਪਿਆ। ਉਤਰੀ ਪੰਜਾਬ ਤੋਂ ਲੈ ਕੇ ਬੰਗਾਲ ਦੀ ਢਾਕਾ ਕਮਿਸ਼ਨਰੀ ਤਕ ਔਧੇ ਹਿੱਸੇ ਵਿਚ ਜੁਲਾਹਿਆਂ ਨੂੰ ਦੇਖ ਕੇ ਰਿਜਲੀ ਸਾਹਿਬ ਨੇ ਆਪਣੀ ਪੁਸਤਕ 'ਪੀਪਲਜ਼ ਆਫ਼ ਇੰਡੀਆ' ਵਿਚ ਲਿਖਿਆ ਹੈ:

> ਇਹਨਾਂ ਨੇ ਕਦੀ ਸਮੂਹ ਰੂਪ ਵਿਚ ਇਸਲਾਮ ਧਰਮ ਗ੍ਰਹਿਣ ਕੀਤਾ ਸੀ।ਕਬੀਰ, ਰਜਬ ਆਦਿ ਮਹਾਪੁਰਸ਼ ਇਸੀ ਬੰਸ ਦੇ ਰਤਨ ਸਨ। ਵਾਸਤਵ ਵਿਚ ਉਹ ਨਾ ਹਿੰਦੂ ਨਾ ਮੁਸਲਮਾਨ ਸਨ।

ਮੱਧਕਾਲ ਵਿਚ ਛੂਤ-ਛਾਤ ਜ਼ੋਰਾਂ ਤੇ ਸੀ। ਨੀਵੀਂ ਜਾਤ ਵਾਲਾ ਵਿਅਕਤੀ ਕਿਸੇ ਬ੍ਰਾਹਮਣ ਜਾਂ ਉਚੀ ਜਾਤੀ ਵਾਲੇ ਕੋਲੋਂ ਵੀ ਲੰਘ ਜਾਂਦਾ ਤਾਂ ਉਹ ਆਪਣੇਆਪ ਨੂੰ ਅਪਵਿੱਤਰ ਸਮਝਣ ਲੱਗ ਜਾਂਦਾ ਸੀ। ਪਾਣੀ ਵਗੈਰਾ ਲੈਣ ਲਈ ਵੀ ਨੀਵੀਂ ਜਾਤੀ ਵਾਲਿਆਂ ਲਈ

Sri Satguru Jagjit Singh Ji eLibrary NamdhariElibrary@gmail.com

ਵਖਰੀਆਂ ਬਾਵਾਂ ਬਣੀਆਂ ਹੋਈਆਂ ਸਨ।

ਵਿਆਹ ਆਦਿ ਲਈ ਪਹਿਲਾਂ ਇਹ ਨਿਯਮ ਸੀ ਕਿ ਉਚੀ ਜਾਤ ਵਾਲਾ ਨੀਵੀਂ ਜਾਤ ਦੀ ਇਸਤਰੀ ਨਾਲ ਵਿਆਹ ਕਰ ਸਕਦਾ ਸੀ। ਮੰਨੂ ਸਿਮਰਤੀ ਵਿਚ ਵੀ ਅਜੇਹੀ ਵਿਵਸਥਾ ਹੈ। ਪਰ ਨਾਲ ਹੀ ਇਸ ਸਿਮਰਤੀ ਵਿਚ ਬ੍ਰਾਹਮਣ ਆਦਿ ਵਰਣਾਂ ਦਾ ਸੂਦਰਾਂ ਨਾਲ ਸਹਿਵਾਸ ਦੀ ਮਨਾਹੀ ਦੱਸੀ ਗਈ ਹੈ। ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਕਿ ਜਾਤ ਪਾਤ ਦੀ ਪ੍ਰਥਾ ਜੋ ਪਹਿਲਾਂ ਇਤਨੀ ਜਟਿਲ ਨਹੀਂ ਸੀ ਉਹ ਬਾਅਦ ਵਿਚ ਵਿਕਰਾਲ ਰੂਪ ਧਾਰਨ ਕਰ ਗਈ ਸੀ। ਜਾਤਪਾਤ ਦੀ ਭਾਵਨਾ ਹੌਲੀ ਹੌਲੀ ਬਲਵਾਨ ਹੁੰਦੀ ਜਾ ਰਹੀ ਸੀ।

ਮੱਧਕਾਲ ਵਿਚ ਲੋਕਾਂ ਦੇ ਜਨ ਸਮੂਹ ਬਣੇ ਹੋਏ ਸਨ। ਕੁਝ ਵਿਸ਼ੇਸ਼ ਕਬੀਲੇ ਘੁੰਮਦੇ ਘੁੰਮਾਉਂਦੇ ਇਸ ਦੇਸ਼ ਵਿਚ ਆ ਗਏ ਅਤੇ ਹਿੰਦੂ ਸਮਾਜ ਦੀ ਇਕ ਜਾਤੀ ਬਣ ਗਏ। ਕੁਝ ਜਾਤੀਆਂ ਕਿਸੇ ਖਾਸ ਕਿਸਮ ਦਾ ਕੰਮ ਕਰਨ ਨਾਲ ਬਣ ਗਈਆਂ ਪ੍ਰਤੀਤ ਹੁੰਦੀਆਂ ਹਨ। ਕੁਝ ਜਾਤੀਆਂ ਆਪਣੀ ਮੂਲ ਜਾਤੀ ਤੋਂ ਦੂਰ ਜਾ ਕੇ ਵਸ ਗਈਆਂ ਅਤੇ ਉਹਨਾਂ ਨੇ ਇਕ ਨਵੀਂ ਜਾਤੀ ਦਾ ਰੂਪ ਧਾਰਨ ਕਰ ਲਿਆ। ਇਸ ਤਰ੍ਹਾਂ ਦੀ ਜਾਤੀਆਂ ਦੇ ਉਦਾਹਰਣ ਹਰ ਦੇਸ਼ ਵਿਚ ਵਿਦਮਾਨ ਹਨ। ਕੁਝ ਲੋਕ ਆਪਣੀ ਜਾਤੀ ਦੇ ਧਰਮ ਕਰਮ ਦਾ ਠੀਕ ਪਾਲਨ ਨਾ ਕਰਨ ਕਰਕੇ ਆਪਣੀ ਜਾਤੀ ਤੋਂ ਅਲਗ ਕਰ ਦਿਤੇ ਗਏ ਅਤੇ ਉਹ ਇਕ ਨਵੀਂ ਜਾਤੀ ਦਾ ਰੂਪ ਬਣ ਗਏ। ਇਸ ਤਰ੍ਹਾਂ ਇਸ ਦੇਸ਼ ਵਿਚ ਸੈਂਕੜੇ ਜਾਤੀ ਸਮੂਹ ਸਨ।

ਅਵਤਾਰਵਾਦ ਦੀ ਭਾਵਨਾ ਮੱਧਕਾਲ ਵਿਚ ਬਹੁਤ ਤੀਬਰ ਰੂਪ ਵਿਚ ਪ੍ਰਗਟ ਹੋਈ ਹੈ। ਭਾਵੇਂ ਇਹ ਮੱਧਕਾਲ ਦੀ ਉਪਜ ਨਹੀਂ ਆਖੀ ਜਾ ਸਕਦੀ। ਵੈਦਿਕ ਸਾਹਿਤ ਵਿਚ ਇਸ ਦੀ ਬਹੁਤ ਘਟ ਚਰਚਾ ਮਿਲਦੀ ਹੈ ਪਰ ਹੌਲੀ ਹੌਲੀ ਅਵਤਾਰਵਾਦ ਨੇ ਪੂਰੇ ਆਰੀਆ ਰੂਪ ਵਿਚ ਪ੍ਰਧਾਨ ਵਿਸ਼ਵਾਸ਼ ਦਾ ਰੂਪ ਧਾਰਣ ਕੀਤਾ ਹੈ। ਮਹਾਂ ਭਾਰਤ ਦੇ ਨਰਾਇਣੀਯੋਪਾਖਯਾਨ ਵਿਚ ਛੇ ਅਵਤਾਰਾਂ ਦੀ ਚਰਚਾ ਹੈ।

Sri Satguru Jagjit Singh Ji eLibrary NamdhariElibrary@gmail.com

ਵਰਾਹ, ਨਰਸਿੰਘ, ਵਾਮਨ, ਭਾਰਗਵ ਰਾਮ, ਦਸ਼ਰਥ ਰਾਮ ਅਤੇ ਵਾਸੁਦੇਵ ਕ੍ਰਿਸ਼ਨ। ਇਕ ਹੋਰ ਜਗ੍ਹਾ ਦਸ ਅਵਤਾਰਾਂ ਦੀ ਚਰਚਾ ਹੈ। ਉਪਰ ਵਾਲੇ ਛੇ ਅਵਤਾਰਾਂ ਤੋਂ ਇਲਾਵਾ, ਚਾਰ ਹੋਰ ਅਵਤਾਰ ਇਹ ਹਨ ਹੰਸ, ਕੂਰਮ, ਮਤਸਯ ਅਤੇ ਕਾਲਿਕ।

ਭਾਗਵਤ ਪੁਰਾਣ ਮੱਧਕਾਲ ਦਾ ਸਭ ਤੋਂ ਮਹੱਤਵਪੂਰਨ ਗ੍ਰੰਥ ਰਿਹਾ ਹੈ। ਇਸ ਪੁਰਾਣ ਅਨੁਸਾਰ, ਭਗਵਾਨ ਬੈਕੁੰਠ ਵਿਚ ਤਿੰਨ ਰੂਪਾਂ ਵਿਚ ਰਹਿੰਦੇ ਹਨ ਸਵਯਮ ਰੂਪ, ਤਦੇ-ਕਾਤਮ ਰੂਪ ਅਤੇ ਆਵੇਸ਼ ਰੂਪ। ਸ੍ਰੀ ਕ੍ਰਿਸ਼ਨ ਸਵਯੰਮ ਰੂਪ ਹਨ।

ਮੱਧਕਾਲ ਦੇ ਭਗਤੀ ਮਾਰਗ ਵਿਚ ਏਕਾਂਤ ਭਗਤੀ ਦਾ ਮਾਰਗ ਪ੍ਰਬਲ ਰਿਹਾ ਹੈ। ਭਗਤੀ ਲਈ ਪਰਮਾਤਮਾ ਦੇ ਨਾਲ ਵਿਅਕਤਕ ਸੰਬੰਧ ਜ਼ਰੂਰੀ ਅਤੇ ਅਵਤਾਰਵਾਦ ਉਸ ਸਬੰਧ ਵਿਚ ਠੋਸ ਦਿਸ਼ਾ ਪ੍ਰਦਾਨ ਕਰਦੇ ਹਨ ਇਸੀ ਕਾਰਣ ਮੱਧਕਾਲ ਵਿਚ ਅਕਸਰ ਸਾਰੀਆਂ ਧਾਰਮਿਕ ਸੰਪਰਦਾਵਾਂ ਨੇ ਅਵਤਾਰ ਵਾਦਾਂ ਦੀ ਕੋਈ ਨ ਕੋਈ ਕਲਪਨਾ ਜ਼ਰੂਰ ਕੀਤੀ ਹੈ। ਸ਼ਿਵ ਦੇ ਵੀ ਅਨੇਕ ਅਵਤਾਰਾਂ ਦੀ ਚਰਚਾ ਮਿਲਦੀ ਹੈ। ਮੁਖ ਅਵਤਾਰ ਰਾਮ ਅਤੇ ਕ੍ਰਿਸ਼ਨ ਮੰਨੇ ਗਏ ਹਨ। ਰਾਮ ਨੂੰ ਸਭ ਥਾਂ ਅਵਤਾਰ ਹੀ ਨਹੀਂ ਮੰਨਿਆ ਗਿਆ ਬਲਕਿ ਮਰਯਾਦਾ ਪੁਰਸ਼ੋਤਮ ਰਾਮ ਦੇ ਰੂਪ ਵਿਚ ਵੀ ਉਹਨਾਂ ਦਾ ਚਿਤਰਣ ਮਿਲਦਾ ਹੈ। ਸ੍ਰੀ ਕ੍ਰਿਸ਼ਨ ਦੀਆਂ ਲੀਲਾਵਾਂ ਵਿਚ ਅਦਭੁਤ ਮਾਨਵੀਯ ਰਸ ਹੈ। ਚੌਥੀ ਸ਼ਤਾਬਦੀ ਤੋਂ ਸ੍ਰੀ ਕ੍ਰਿਸ਼ਨ ਲੀਲਾ ਦੀਆਂ ਪ੍ਰਮੁੱਖ ਕਥਾਵਾਂ ਬਹੁਤ ਹਰਮਨ ਪਿਆਰੀਆਂ ਹੋ ਗਈਆਂ ਸਨ। ਪੁਰਾਣਾਂ ਵਿਚ ਗੋਪੀਆਂ ਦੇ ਪ੍ਰੇਮ ਦੀ ਚਰਚਾ ਆਉਂਦੀ ਹੈ। ਰਾਧਾ ਦਾ ਨਾਂ ਸਭ ਤੋਂ ਪਿਆਰੀ ਗੋਪੀ ਦੇ ਰੂਪ ਵਿਚ ਮੰਨਿਆ ਜਾਂਦਾ ਹੈ। 'ਗੀਤ ਗੋਬਿੰਦ' ਵਿਚ ਰਾਧਾ ਪ੍ਰਮੁੱਖ ਗੋਪੀ ਹੈ। ਇਸ ਤੋਂ ਪਤਾ ਲਗਦਾ ਹੈ ਕਿ ਰਾਮ ਲੀਲਾ ਵਿਚ ਜਿਸ ਗੋਪੀ ਪ੍ਰਤੀ ਭਗਵਾਨ ਨੇ ਜ਼ਿਆਦਾ ਪ੍ਰੇਮ ਦਰਸਾਇਆ ਸੀ ਉਹ ਰਾਧਾ ਹੀ ਸੀ। ਸ੍ਰੀ ਕ੍ਰਿਸ਼ਨ ਅਤੇ ਗੋਪੀਆਂ ਦੇ ਪ੍ਰੇਮ ਦੀ ਪ੍ਰਧਾਨਤਾ ਭਾਗਵਤ ਨੇ ਸਥਾਪਤ ਕਰ ਦਿਤੀ ਸੀ। ਮੱਧਕਾਲ ਵਿਚ ਦਾਨ ਲੀਲਾ, ਨਾਗ ਲੀਲਾ ਵਿਸ਼ਰਾਤਿਨ ਲੀਲਾ, ਦਧਿ ਬੇਚਨ ਆਦਿ ਦਾ ਵੀ ਬਹੁਤ ਮਹੱਤਵ ਰਿਹਾ ਹੈ। ਬੰਗਾਲ ਵਿਚ ਨੌਕਾ ਲੀਲਾ ਵੀ ਪ੍ਰਮੁੱਖ ਰਹੀ ਹੈ।

ਮੱਧਕਾਲ ਦੀ ਭਗਤੀ ਸਾਧਨਾ ਸਾਹਿਤ ਦੇ ਮਾਧਿਅਮ ਦੁਆਰਾ ਪ੍ਰਗਟ ਹੁੰਦੀ ਹੈ। ਭਾਰਤ ਦਾ ਪ੍ਰਾਚੀਨ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਪ੍ਰਾਂਤਾਂ ਦੇ ਰਾਜਨੀਤਕ ਸੰਬੰਧ ਬਣਦੇ ਵਿਗੜਦੇ ਰਹੇ ਪਰ ਸਭ ਨੂੰ ਇਕੋਹੀ ਵਿਚਾਰਧਾਰਾ ਨੇ ਮਜ਼ਬੂਤੀ ਨਾਲ ਬੰਨ੍ਹਿਆ ਹੋਇਆ ਹੈ।

ਮੱਧਕਾਲ ਵਿਚ ਉਚੇ ਵਰਗ ਦਾ ਸਮਾਜ ਭੋਗ ਵਿਲਾਸ ਦਾ ਸ਼ਿਕਾਰ ਸੀ ਜਿਹੜੇ ਲੋਕ ਧਾਰਮਿਕ ਪ੍ਰਵਿਰਤੀ ਦੇ ਸਨ ਉਹ ਪੁਰਾਣ ਆਦਿ ਸੁਣ ਲੈਂਦੇ । ਤੁਲਸੀਦਾਸ ਦਾ ਭੋਗ ਭਾ ਕੇ ਵਰਤ ਆਦਿ ਰਖ ਲੈਂਦੇ ਸਨ। ਉਸ ਸਮੇਂ ਦੇ ਸਮਾਜ ਵਿਚ ਝੂਠੀ ਸ਼ਾਨ ਫੋਕੀ ਮਾਨ ਮਰਿਆਦਾ ਅਤੇ ਉਦੇਸ਼ ਹੀਨ ਧਰਮਾਚਾਰ ਦਾ ਬੋਲਬਾਲਾ ਸੀ।

ਲੀਲਾ ਭਗਤੀ ਭਾਰਤੀ ਭਗਤਾਂ ਦੀ ਸਭ ਤੋਂ ਉਚੀ ਕਲਪਨਾ ਹੈ। ਲੀਲਾ ਦੋ ਤਰ੍ਹਾਂ ਦੀ ਦੱਸੀ ਗਈ ਹੈ। ਦ੍ਰਿਸ਼ ਅਦ੍ਰਿਸ਼। ਮੱਧਕਾਲ ਦੇ ਭਗਤ ਕਵੀਆਂ ਨੇ ਦ੍ਰਿਸ਼ ਲੀਲਾ ਦਾ ਗਾਇਨ ਕੀਤਾ ਹੈ ਪਰ ਅਦ੍ਰਿਸ਼ ਲੀਲਾ ਨੂੰ ਵੀ ਓਹ ਭੁਲੇ ਨਹੀਂ।

'ਗੀਤ ਗੋਵਿੰਦ' ਕਵੀ ਜੈਦੇਵ ਦੀ ਅਦਭੁਤ ਰਚਨਾ ਹੈ। ਓਹ ਸੈਂਕੜੇ ਵਰ੍ਹਿਆਂ ਤੋਂ ਭਗਤਾਂ ਦੇ ਗਲੇ ਦਾ ਹਾਰ ਬਣਿਆ ਹੋਇਆ ਹੈ। ਰਾਧਾ ਰਾਣੀ ਦੇ ਜਿਸ ਪ੍ਰੇਮ ਦਾ ਵਰਨਣ ਇਸ ਗ੍ਰੰਥ ਵਿਚ ਮਿਲਦਾ ਹੈ ਅਤੁਲਨੀਯ ਹੈ।

ਦਸਵੀਂ ਸ਼ਤਾਬਦੀ ਦੇ ਅੰਤ ਤਕ ਦੱਖਣ ਵਿਚ ਜੈਨ ਧਰਮ-ਬਹੁਤ ਪ੍ਰਭਾਵਸ਼ਾਲੀ ਸੀ। ਪਾਂਡਯ ਅਤੇ ਚੋਲ ਰਾਜਿਆਂ ਨੇ ਜੈਨ ਗੁਰੂਆਂ , ਮੰਦਰਾਂ ਅਤੇ ਵਿਹਾਰਾਂ ਨੂੰ ਦਾਨ ਦਿੱਤਾ। ਮੈਸੂਰ ਵਿਚ ਗੰਗ ਵੀ ਜੈਨ ਧਰਮ ਦੇ ਅਨੁਯਾਈ ਸਨ। ਜੈਨ ਪੰਡਤਾਂ ਦੀ ਵਿਦਵਤਾ ਅਤੇ ਤਪਸਿਆ ਨੇ ਦਖਣੀ ਰਾਜਿਆਂ ਨੂੰ ਬਹੁਤ ਆਕ੍ਰਿਸ਼ਟ ਕੀਤਾ ਲੇਕਿਨ ਅੱਠਵੀਂ ਸ਼ਤਾਬਦੀ ਤੋਂ ਬਾਅਦ ਜੈਨਾਂ ਦਾ ਪ੍ਰਭਾਵ ਘਟਣ ਲਗ ਪਿਆ ਅਤੇ ਸ਼ੈਵ ਮਤ ਦਾ ਪ੍ਰਭਾਵ ਵੱਧਣ ਲਗ ਪਿਆ। ਦੱਖਣ ਦੀ ਤਰ੍ਹਾਂ ਉਤਰ ਵਿਚ ਵੀ ਸ਼ੈਵ ਮਤ ਸਭ ਤੋਂ ਪ੍ਰਬਲ ਧਰਮ ਸੀ। ਸ਼ੈਵ ਦਾ ਪ੍ਰਕਾਸ਼ ਨਿਰਗੁਣ

Sri Satguru Jagjit Singh Ji eLibrary NamdhariElibrary@gmail.com

ਉਪਾਸਨਾ ਦੀ ਤਰਫ ਸੀ। ਵੈਸ਼ਣਵ ਸਾਧਕਾਂ ਦੀ ਇਕ ਵਿਸ਼ੇਸ਼ ਤਰ੍ਹਾਂ ਦੀ ਮਿਠਾਸ ਰਹੀ ਹੈ ਉਹਨਾਂ ਨੇ ਕਿਸੇ ਨੂੰ ਕੌੜੇ ਵਚਨ ਨਹੀਂ ਆਖੇ । ਭਗਤੀ ਉਹਨਾਂ ਦੀ ਪ੍ਰੇਰਕ ਸ਼ਕਤੀ ਹੈ ਅਤੇ ਅਹਿੰਸਾ ਉਹਨਾਂ ਦਾ ਮੂਲ ਮੰਤਰ। ਮਨ ਵਚਨ ਅਤੇ ਕਰਮ ਨਾਲ ਅਹਿੰਸਕ ਰਹਿਣਾ, ਉਹਨਾਂ ਦੀ ਪ੍ਰਕ੍ਰਿਆ ਸੀ। ਇਹਨਾਂ ਦੇ ਦੋ ਰੂਪ ਨਿਰਗੁਣ ਅਤੇ ਸਰਗੁਣ ਹਨ। ਸਮਾਜਕ ਖੇਤਰ ਵਿਚ ਇਹਨਾਂ ਵਿਚ ਮਤਭੇਦ ਹੈ ਪਰ ਧਰਮ ਸਾਧਨਾ ਦੇ ਖੇਤਰ ਵਿਚ ਦੋਨਾਂ ਦੀ ਪ੍ਰੇਰਕ ਸ਼ਕਤੀ ਭਗਤੀ ਹੈ।

ਇਸ ਮੱਧਕਾਲ ਦੀ ਸਾਧਨਾ ਦੇ ਨਾਲ ਹੀ ਚਲਣ ਵਾਲੀ ਇਕ ਹੋਰ ਧਾਰਾ ਯੌਰਪ ਵਿਚ ਚਲੀ ਜਿਸ ਦਾ ਨਾਂ ਸੀ 'ਈਸਾਈ ਧਾਰਾ' ਪ੍ਰਾਚੀਨ ਯਹੂਦੀਆਂ ਦੇ ਧਰਮ ਗ੍ਰੰਥਾਂ ਅਨੁਸਾਰ:

> ਇਹ ਸੰਸਾਰ ਖੁਦਾ ਦੇਹੱਥ ਵਿਚੋਂ ਖਿਸਕ ਦੇ ਡਿਗਾ ਹੋਇਆ ਯੰਤਰ ਹੈ। ਇਸ ਲਈ ਇਹ ਪਾਪ ਮਯ ਹੈ। ਇਸ ਵਿਚ ਪੈਦਾ ਹੋਣ ਵਾਲੇ ਮਨੁੱਖ ਸੁਭਾਵਤ: ਹੀ ਪਾਪ ਮਯ ਹਨ। ਇਹਨਾਂ ਅਤੇ ਈਸ਼ਵਰ ਦੇ ਵਿਚ ਇਕ ਭਾਰੀ ਫਰਕ ਰਹਿ ਗਿਆ ਹੈ । ਇਸੀ ਫਰਕ ਕਾਰਣ ਮਨੁੱਖ ਪਾਪਾਤਮਾ ਈਸ਼ਵਰ ਦੇ ਸੰਪਰਕ ਤੋਂ ਅਲਗ ਹੋ ਕੇ ਸ਼ੈਤਾਨ ਦਾ ਸ਼ਿਕਾਰ ਬਣ ਗਿਆ ਹੈ।[20]

ਮਨੁੱਖ ਦੀ ਇਸ ਦੁਰਦਸ਼ਾ ਨੂੰ ਦੇਖ ਕੇ ਪ੍ਰਭੂ ਈਸਾ ਨੇ ਅਵਤਾਰ ਧਾਰਿਆ ਤੇ ਜਿਸ ਦੇ ਸਿਰ ਤੇ ਉਹਨਾਂ ਨੇ ਦਯਾ ਦਾ ਹਥ ਰਖਿਆ ਉਹ ਹੀ ਤਰ ਗਿਆ।

ਇਸ ਦੇਸ਼ ਵਿਚ ਮੁਸਲਿਮ ਸ਼ਾਸਨ ਤੋਂ ਪਹਿਲਾਂ ਹੀ ਸੂਫ਼ੀ ਸਾਧਕ ਆਉਣ ਲਗ ਪਏ ਸਨ। ਮੁਸਲਮਾਨ ਲੋਕ ਇਕ ਈਸ਼ਵਰ ਵਿਚ ਵਿਸ਼ਵਾਸ ਰਖਦੇ ਹਨ। ਇਸ ਲਈ ਲੋਕ ਮੁਸਲਿਮ ਸੂਫ਼ੀ ਸਾਧਕਾਂ ਨੂੰ ਵੀ ਇਕ ਈਸ਼ਵਰਵਾਦੀ ਸਮਝਦੇ ਹਨ। ਸੂਫ਼ੀ ਸਾਧਕਾਂ ਨੇ ਅਧਿਆਤਮਕ ਮਧੁਰ ਭਾਵ ਦੀ ਸਾਧਨਾ ਦਾ ਸੰਕੇਤ ਕੀਤਾ ਹੈ। ਸੂਫ਼ੀ ਮਤ ਧਰਮ ਦੇ ਖੇਤਰ ਵਿਚ ਏਕਾਨਤ ਪ੍ਰਭੂ ਪ੍ਰੇਮ ਦਾ ਪ੍ਰਚਾਰਕ ਹੈ।

ਮਧਕਾਲੀਨ ਸਮਾਜਕ ਚੇਤਨਾ :

ਮੱਧਕਾਲੀਨ ਧਰਮ ਸਾਧਨਾ ਵਿਚ ਪ੍ਰਚਲਤ ਕਰਮ ਕਾਂਡਾਂ ਤੇ ਵਧਿਆਂ

Sri Satguru Jagjit Singh Ji eLibrary NamdhariElibrary@gmail.com

ਭਰਮਾਂ ਦਾ ਗੁਰੂ ਨਾਨਕ ਨੇ ਜੋਰ ਦਾਰ ਖੰਡਨ ਕੀਤਾ ਅਤੇ ਤਤਕਾਲੀਨ ਸਮਾਜ ਵਿਚ ਚੇਤਨਤਾ ਪੈਦਾ ਕੀਤੀ।

ਗੁਰੂ ਸਾਹਿਬ ਨੇ ਮੁੱਢ ਤੋਂ ਹੀ ਅਜਿਹੀਆਂ ਘਟਨਾਵਾਂ ਜਿਨ੍ਹਾਂ ਦੀ ਨੀਂਹ ਸਚਾਈ ਤੇ ਨਹੀਂ ਸੀ ਪਰ ਉਹ ਕੱਟੜਵਾਦ ਦਾ ਚਿੰਨ੍ਹ ਬਣ ਗਈਆਂ ਸਨ ਉਨ੍ਹਾਂ ਦਾ ਖੰਡਨ ਕੀਤਾ ਜਿਵੇਂ ਲੋਕਾਂ ਦਾ ਕਿਸਮਤ ਵਿਚ ਵਿਸ਼ਵਾਸ, ਬ੍ਰਾਹਮਣਾਂ ਦਾ ਜਨੇਊ ਪਹਿਨਣਾ, ਸੂਤਕ-ਪਾਤਕ, ਤੀਰਥਾਂ ਤੇ ਇਸ਼ਨਾਨ , ਵਰਤ ਰਖਣੇ, ਛੂਆਛੂਤ ਨੂੰ ਮੰਨਣਾ, ਮੂਰਤੀ ਪੂਜਾ, ਸਰਾਧ, ਸੁਖਣਾ ਆਦਿ ਦਾ ਖੰਡਨ ਕੀਤਾ। ਬ੍ਰਾਹਮਣ ਵਰਗ ਨੇ ਧਰਮ ਨੂੰ ਇਸ ਕਦਰ ਗੁੰਝਲਦਾਰ ਬਣਾ ਦਿੱਤਾ ਸੀ ਕਿ ਉਸ ਨੂੰ ਉਹ ਸੇਧ ਨਜ਼ਰ ਨਹੀਂ ਸੀ ਆ ਰਹੀ ਕਿ ਜਿਸ ਤੇ ਚਲ ਕੇ ਉਹ ਸਤ ਦਾ ਸਰੂਪ ਜਾਣ ਸਕੇ।

ਗੁਰੂ ਨਾਨਕ ਨੇ ਜਨੇਊਬਾਰੇ ਕਿਹਾ ਹੈ ਕਿ ਜਨੇਊ ਇਸ ਤਰ੍ਹਾਂ ਦਾ ਪਾਉਣਾ ਚਾਹੀਦਾ ਹੈ ਜਿਸ ਦੀ ਕਪਾਹ ਤਰਸ ਦੀ ਹੋਵੇ ਜਿਸ ਦੀਆਂ ਤੰਦਾਂ ਇੰਦਰੀਆਂ ਤੇ ਕਾਬੂ ਦੀਆਂ ਅਤੇ ਜਿਸ ਦੇ ਵਟ ਸਚਾਈ ਦੇ ਹੋਣ ਇਹੋ ਜਿਹਾ ਜੰਜੂ ਨਾ ਕਦੇ ਟੁਟਦਾ ਹੈ ਅਤੇ ਨਾ ਹੀ ਉਸ ਨੂੰ ਮੈਲ ਲਗਦੀ ਹੈ। ਨਾ ਇਹ ਜੰਜੂ ਸੜਦਾ ਹੈ ਨਾ ਗੁਆਇਆ ਹੁੰਦਾ ਹੈ। ਕੱਚੇ ਧਾਗੇ ਦਾ ਜਨੇਊ ਪਾਉਣ ਦਾ ਕੋਈ ਲਾਭ ਨਹੀਂ ਜਿਹੜਾ ਟੁੱਟ ਵੀ ਜਾਏ ਅਤੇ ਅਗਨੀ ਵੀ ਜਿਸ ਨੂੰ ਜਲਾ ਸਕੇ ਜਨੇਊ ਅਗੰਮੀ ਸੱਚ ਵਰਗਾ ਪਵਿੱਤਰ ਤੇ ਅਟੱਲ ਹੋਣਾ ਚਾਹੀਦਾ ਹੈ:

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ।।
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ।।
ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ।।
ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ।।[21]

ਸੂਤਕ ਦਾ ਅਰਥ ਅਸ਼ੁਧੀ ਜਾਂ ਅਪਵਿੱਤਰਤਾ ਹੈ। ਜਿਸ ਦਾ ਮੂਲ ਅਰਥ ਪ੍ਰਸੂਤ ਸਮੇਂ ਦੀਆਂ ਅਸ਼ੁਧੀਆਂ ਨਾਲ ਸੰਬੰਧਿਤ ਹੈ। ਲੇਕਿਨ ਇਨ੍ਹਾਂ ਅਸ਼ੁੱਧੀਆਂ ਦਾ ਅਰਥ ਮਰਨ ਨਾਲ ਸੰਬੰਧਿਤ ਰੀਤਾਂ ਤਕ ਹੈ। ਮੱਧਕਾਲ ਵਿਚ ਜਨਮ ਮਰਣ ਵੇਲੇ ਸੂਤਕ ਦਾ ਭੁਲੇਖਾ ਬ੍ਰਾਹਮਣਾਂ ਨੇ ਪਾਇਆ ਹੋਇਆ ਸੀ ਗੁਰੂ ਸਾਹਿਬ ਨੇ ਇਸ ਦਾ ਖੰਡਨ ਕਰਦੇ ਹੋਏ ਸਪਸ਼ਟ ਕੀਤਾ ਹੈ ਕਿ ਜੇ ਜੰਮਣ ਮਰਨ ਨਾਲ ਸੂਤਕ ਪੈਂਦਾ ਹੁੰਦਾ ਹੈ ਤਾਂ ਘਰ ਵਿਚ ਅਸੀਂ ਜੋ ਚੀਜ਼ਾਂ ਵਰਤ ਦੇ ਹਾਂ ਉਹਨਾਂ ਸਭਨਾਂ ਵਿਚ ਜੀਵ ਹੁੰਦੇ ਹਨ ਅਤੇ ਚੀਜ਼ਾਂ ਨੂੰ ਪਕਾਉਣ ਨਾਲ ਜੀਵ ਮਰਦੇ ਹਨ ਅਤੇ ਸਾਡੀ ਰਸੋਈ ਹਰ ਰੋਜ਼ ਹੀ ਸੂਤਕ ਗ੍ਰਹਿਣੀ ਰਹਿੰਦੀ ਹੈ:

ਜੇ ਕਰਿ ਸੂਤਕੁ ਮੰਨੀਐ ਸਭ ਤੈ ਸੂਤਕੁ ਹੋਇ॥
ਗੋਹੇ ਅਤੇ ਲਕੜੀ ਅੰਦਰਿ ਕੀੜਾ ਹੋਇ॥
ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ॥
ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ॥
ਸੂਤਕੁ ਕਿਉ ਕਰਿ ਰਖੀਐ ਸੂਤਕੁ ਪਵੈ ਰਸੋਇ॥[22]

ਗੁਰੂ ਸਾਹਿਬ ਅਨੁਸਾਰ ਸੂਤਕ ਪ੍ਰਭੂ ਦੇ ਗਿਆਨ ਨਾਲ ਹੀ ਉਤਰ ਸਕਦਾ ਹੈ:

ਨਾਨਕ ਸੂਤਕੁ ਏਵ ਨ ਉਤਰੈ ਗਿਆਨੁ ਉਤਾਰੇ ਧੋਇ॥[23]

ਸੂਤਕ ਬਾਰੇ ਹੋਰ ਸਪਸ਼ਟਤਾ ਦੇਂਦੇ ਹੋਏ ਗੁਰੂ ਸਾਹਿਬ ਕਹਿੰਦੇ ਹਨ:

ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ॥
ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ॥[24]

ਮਨ ਕਾ ਸੂਤਕ ਲੋਭੁ ਹੈ ਜਿਹਵਾ ਸੂਤਕੁ ਕੂੜੁ॥
ਅਖੀ ਸੂਤਕੁ ਵੇਖਣਾ ਪਰਤ੍ਰਿਅ ਪਰਧਨ ਰੂਪੁ॥
ਕੰਨੀ ਸੂਤਕੁ ਕੰਨਿ ਪੈ ਲਾਇਤਬਾਰੀ ਖਾਹਿ॥
ਨਾਨਕ ਹੰਸਾ ਆਦਮੀ ਬਧੇ ਜਮਪੁਰਿ ਜਾਹਿ॥[25]

ਇਸ ਵਿਚਾਰ ਦਾ ਸਿੱਟਾ ਗੁਰੂਸਾਹਿਬ ਇਸ ਤਰ੍ਹਾਂ ਕੱਢਦੇ ਹਨ:

ਨਾਨਕ ਜਿਨ੍ਹੀ ਗੁਰਮੁਖਿ ਬੁਝਿਆ
ਤਿਨ੍ਹਾ ਸੂਤਕੁ ਨਾਹਿ।।[26]

ਮੱਧਕਾਲ ਵਿਚ ਲੋਕਾਂ ਦਾ ਵਿਸ਼ਵਾਸ਼ ਸੀ ਕਿ ਤੀਰਥ ਸਥਾਨਾਂ ਤੇ ਇਸ਼ਨਾਨ ਪੁੰਨਦਾਨ ਆਦਿ ਕਰਨ ਨਾਲ ਮੁਕਤੀ ਪ੍ਰਾਪਤ ਹੁੰਦੀ ਹੈ ਪਰ ਗੁਰੂ ਸਾਹਿਬ ਨੇ ਇਸ ਦਾ ਖੰਡਨ ਕੀਤਾ।ਗੁਰੂ ਸਾਹਿਬ ਅਨੁਸਾਰ ਤੀਰਥ ਯਾਤਰਾ ਕਰਨਾ ਜ਼ਰੂਰੀ ਨਹੀਂ। ਮਨੁੱਖ ਨੂੰ ਨੇਕ ਅਮਲ ਕਰਨੇ ਚਾਹੀਦੇ ਹਨ। ਉਹਨਾ ਅਨੁਸਾਰ:

ਤੀਰਥ ਨਾਵਹਿ ਅਰਜਾ ਪੂਜਾ ਅਗਰਵਾਸੁ ਬਹੁਕਾਰ।।
ਜੋਗੀ ਸੁੰਨਿ ਧਿਆਵਨ੍ਹਿ ਜੇਤੇ ਅਲਖੁ ਨਾਮੁ ਕਰਤਾਰੁ।।
ਸੂਖਮ ਮੂਰਤਿ ਨਾਮੁ ਨਿਰੰਜਨ ਕਾਇਆ ਕਾ ਆਕਾਰੁ।।[27]

ਉਸ ਸਮੇਂ ਮੂਰਤੀ ਪੂਜਾ ਜੋਰਾਂ ਤੇ ਸੀ ਗੁਰੂ ਨਾਨਕ ਨੇ ਇਸ ਦਾ ਖੰਡਨ ਕੀਤਾ ਅਤੇ ਲੋਕਾਈ ਨੂੰ ਇਸ ਪ੍ਰਤੀ ਜਾਗਰੂਕ ਕੀਤਾ। ਗੁਰੂ ਸਾਹਿਬ ਅਨੁਸਾਰ ਇਹਨਾਂ ਪੱਥਰ ਦੀਆਂ ਮੂਰਤੀਆਂ ਮੂਰਤੀਆਂ ਨੂੰ ਜੇ ਪਾਣੀ ਵਿਚ ਧੋਈਏ ਤਾਂ ਇਹ ਡੁਬ ਜਾਂਦੀਆਂ ਹਨ ਤਾਂ ਇਹਨਾਂ ਨੇ ਕਿਸੇ ਨੂੰ ਕੀ ਤਾਰਨਾ ਹੈ:

ਪਾਹ ਨੀਰਿ ਪਖਾਲੀਐ ਭਾਈ ਮਹਿ ਬੂਡਹਿ ਤੇਹਿ।।
ਗੁਰ ਬਿਨ ਅਲਖੁ ਨ ਲਖੀਐ ਭਾਈ ਜਗੁ ਬੂਡੈ ਪਤਿ ਖੋਇ।।
ਮੇਰੇ ਠਾਕੁਰ ਹਾਥਿ ਵਡਾਈਆ ਭਾਈ ਜੈ ਭਾਵੈ ਤੈ ਦੇਇ।।[28]

ਗੁਰੂ ਨਾਨਕ ਨੇ ਸੂਤਕ, ਜਨੇਊ, ਤੀਰਥ ਯਾਤਰਾ, ਮੂਰਤੀਪੂਜਾ ਦੇ ਨਾਲ-ਨਾਲ 'ਸਰਾਧ' ਰਸਮ ਦਾ ਵੀ ਖੰਡਨ ਕੀਤਾ। ਗੁਰੂ ਨਾਨਕ ਅਨੁਸਾਰ ਸਰਾਧ ਇਕ ਪਾਖੰਡ ਕਰਮ

Sri Satguru Jagjit Singh Ji eLibrary NamdhariElibrary@gmail.com

ਹੈ। ਜਾਉਂਦੇ ਜੀਅ ਮਨੁੱਖ ਪ੍ਰਾਣੀ-ਮਾਤਰ ਦੀ ਸੇਵਾ ਕਰੇ। ਸਰਾਧ ਕੀਤਿਆਂ ਕੋਈ ਚੀਜ਼ ਪਿਤਰਾਂ ਤਕ ਪਹੁੰਚਦੀ ਹੈ ਜਾਂ ਨਹੀਂ ਇਹ ਵੱਖਰੀ ਗੱਲ ਹੈ ਪਰ ਕੋਈ ਮਨੁੱਖ ਪਰਾਇਆ ਹੱਕ ਰਖ ਕੇ ਜਾਂ ਕਿਸੇ ਦੀ ਚੋਰੀ ਕਰਕੇ ਪਿਤਰਾਂ ਦਾ ਸਰਾਧ ਕਰਦਾ ਹੈ ਤਾਂ ਉਹ ਵਸਤਾਂ ਜੋ ਪਿਤਰਾਂ ਕੋਲ ਪਹੁੰਚ ਜਾਂਦੀਆਂ ਹਨ ਤਾਂ ਜਿਸਦਾ ਮਾਲ ਚੋਰੀ ਹੋਇਆ ਹੈ ਉਸ ਦੇ ਪਿਤਰ ਆਪਣੀ ਵਸਤੂ ਪਛਾਣ ਲੈਣਗੇ ਅਤੇ ਸਰਾਧ ਵਾਲੇ ਦੇ ਪਿਤਰ ਚੋਰ ਠਹਿਰ ਜਾਣਗੇ:

ਜੇ ਮੋਹਾਕਾ ਘਰੁ ਮੁਹੈ
ਘਰੁ ਮੁਹਿ ਪਿਤਰੀ ਦੇਹਿ।।
ਅਗੈ ਵਸਤੁ ਸਿਞਾਣੀਐ
ਪਿਤਰੀ ਚੋਰ ਕਰੇਇ।।[29]

ਗੁਰੂ ਨਾਨਕ ਨੇ ਪਾਖੰਡੀ ਜੀਵਨ ਨੂੰ ਛੋੜ ਕੇ ਸੱਚਾ-ਸੁੱਚਾ ਪਵਿੱਤਰ, ਸਰਲ ਜੀਵਨ ਜਿਉਣ ਲਈ ਲੋਕਾਂ ਨੂੰ ਪ੍ਰੇਰਿਆ। ਉਸ ਸਮੇਂ ਸਿਧ ਤੇ ਜੋਗੀ ਇਕ ਖਾਸ ਕਿਸਮ ਦਾ ਭੇਖ ਧਾਰ ਕੇ ਸੰਸਾਰ ਦੇ ਲੋਕਾਂ ਨੂੰ ਤਿਆਗ ਦਾ ਉਪਦੇਸ਼ ਦੇਂਦੇ ਸਨ। ਗੁਰੂ ਨਾਨਕ ਨੇ ਸਿੱਧਾਂ ਦੇ ਗ੍ਰਹਿਸਥ ਤਿਆਗਣ ਦਾ ਵਿਰੋਧ ਕੀਤਾ। ਗੁਰੂ ਨਾਨਕ ਨੇ ਕਿਹਾ ਜੇ ਇਹ ਸਿਧ ਹੀ ਪਹਾੜਾਂ ਤੇ ਚਲੇ ਜਾਣਗੇ ਤਾਂ ਸੰਸਾਰ ਦਾ ਪਾਰ ਉਤਾਰਾ ਕੌਣ ਕਰੇਗਾ:

ਸਿਧ ਛੁਪ ਬੈਠੇ ਪਰਬਤੀ
ਕੌਣ ਜਗਤ ਕੋ ਪਾਰ ਉਤਾਰਾ।।[30]

(ਵਾਰਾਂ ਭਾਈ ਗੁਰਦਾਸ)

ਗੁਰੂ ਸਾਹਿਬ ਨੇ ਪਰਮਾਤਮਾ ਦੀ ਪ੍ਰਾਪਤੀ ਦੇ ਪੰਜ ਰਸਤੇ ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ ਤੇ ਸੱਚ ਖੰਡ ਜਪੁਜੀ ਵਿਚ ਦੱਸੇ ਹਨ।

ਸੰਤ ਮਹਾਤਮਾ ਤੇ ਸੂਫੀਆਂ ਨੇ ਰੱਬ ਦੇ ਨਾਂ ਵਿਚ ਕੋਈ ਭਿੰਨ ਭੇਦ ਨਹੀਂ ਰੱਖਿਆ।

Sri Satguru Jagjit Singh Ji eLibrary NamdhariElibrary@gmail.com

ਉਨ੍ਹਾਂ ਵਾਸਤੇ ਸਭ ਰਾਮ ਰਹੀਮ ਇਕ ਸੀ ਪਰ ਗੁਰੂ ਨਾਨਕ ਇਸ ਤੋਂ ਵੀ ਅਗੇ ਚਲੇ ਗਏ ਅਤੇ ਉਹਨਾਂ ਨੇ ਕਿਹਾ:

ਨਾ ਇਥੇ ਕੋਈ ਹਿੰਦੂ ਹੈ ਨਾ ਮੁਸਲਮਾਨ

ਉਨ੍ਹਾਂ ਦਿਨਾਂ ਵਿਚ ਇਹੋ ਜਹੇ ਸ਼ਬਦ ਕੋਈ ਬਹੁਤ ਵੱਡਾ ਪੀਰ ਪੈਗੰਬਰ ਹੀ ਕਹਿ ਸਕਦਾ ਸੀ

ਗੁਰੂ ਜੀ ਨੇ ਕਿਹਾ ਨਾ ਹੀ ਵੇਦ ਤੇ ਨਾ ਹੀ ਕਤੇਬ ਪਰਮਾਤਮਾ ਦੇ ਰਹਸ ਨੂੰ ਜਾਣਦੇ ਹਨ

ਅਸਲੋਂ ਵਿਚ ਗੁਰੂ ਨਾਨਕ ਨੇ ਹਰ ਉਸ ਚੀਜ਼ ਦਾ ਖੰਡਨ ਕੀਤਾ ਜਿਹੜੀ ਹਿੰਦੂ ਅਤੇ ਮੁਸਲਮਾਨਾਂ ਵਿਚ ਵਿਵਾਦ ਦਾ ਕਾਰਨ ਬਣੀ।

ਗੁਰੂ ਜੀ ਨੇ ਕਿਹਾ ਸਿਰਫ ਸੱਚ ਤੇ ਸੱਚ ਦੀ ਮਹੱਤਤਾ ਹੈ ਵੇਦ ਤੇ ਕੁਰਾਨ ਦੇ ਅਖਰੀ ਅਰਥਾਂ ਦੀ ਕੋਈ ਮਹਾਨਤਾ ਨਹੀਂ। ਗੁਰੂ ਨਾਨਕ ਅਨੁਸਾਰ ਪੂਜਾ ਸਥਾਨਾਂ ਤੇ ਪਰਮਾਤਮਾ ਨੂੰ ਭਾਲਣਾ ਨਿਰਰਥਕ ਹੈ ਇਹ ਭਾਲਣ ਵਾਲੇ ਦੇ ਅੰਦਰ ਹੀ ਹੈ ਅਤੇ ਇਕ ਸੱਚਾ ਗੁਰੂ ਹੀ ਸਹੀ ਰਸਤਾ ਦਸ ਸਕਦਾ ਹੈ।

ਗੁਰੂ ਨਾਨਕ ਨੇ ਭਾਰਤੀ ਸਮਾਜ ਤੇ ਜੋਗੀਆਂ ਦਾ ਪ੍ਰਭਾਵ ਮਹਿਸੂਸ ਕੀਤਾ। ਗੁਰੂ ਨਾਨਕ ਜੋਗੀਆਂ ਦੇ ਸਮਾਜ ਵਿਰੋਧੀ ਤੇ ਮਨੁੱਖ ਵਿਰੋਧੀ ਪ੍ਰਭਾਵ ਨੂੰ ਤੋੜਨ ਲਈ ਜੋਗੀਆਂ ਦੇ ਵੱਡੇ ਵੱਡੇ ਗੁਰੂਆਂ ਨੂੰ ਮਿਲੇ ਅਤੇ ਉਹਨਾਂ ਨੂੰ ਜੀਵਨ ਦੀ ਨਵੀਂ ਦਿਸ਼ਾ ਪ੍ਰਦਾਨ ਕੀਤੀ। ਗੁਰੂ ਜੀ ਉਹਨਾਂ ਅੰਦਰ ਚਾਨਣਾ ਕਰ ਦੇਣਾ ਚਾਹੁੰਦੇ ਸਨ ਕਿਉਂਕਿ ਉਹ ਸਮਾਜ ਅਤੇ ਭਾਰਤੀ ਸਭਿਅਤਾ ਨੂੰ ਆਪਣੀ ਜੋਗ ਦੇ ਨਾਂ ਤੇ ਭਿਆਨਕ ਨੁਕਸਾਨ ਪਹੁੰਚਾ ਰਹੇ ਸਨ। ਗੁਰੂ ਜੀ ਨੇ ਉਹਨਾਂ ਦੀ ਹਿੰਮਤ , ਮੰਤਵ, ਗਿਆਨ ਤੇ ਪਰਮਾਤਮਾ ਨੂੰ ਪ੍ਰਾਪਤ ਕਰਨ ਦੀ ਇੱਛਾ ਦੀ ਸ਼ਲਾਘਾ ਕੀਤੀ।

ਗੁਰੂ ਨਾਨਕ ਨੇ ਜਾਤ-ਪਾਤ ਦੇ ਜਾਂ ਕੌਮ ਦੇ ਝਗੜੇ ਨੂੰ ਬੇਮਤਲਬ ਦੱਸਿਆ। ਮੱਧਕਾਲ ਵਿਚ ਸਮਾਜ ਜਾਤ-ਪਾਤ ਦੇ ਬੰਧਨਾਂ ਵਿਚ ਬੁਰੀ ਤਰ੍ਹਾਂ ਜਕੜਿਆ ਹੋਇਆ ਸੀ ਉਨ੍ਹਾਂ ਨੇ ਕਿਹਾ: ਹਿੰਦੂ ਤੇ ਮੁਸਲਮਾਨ ਸ਼ਬਦ ਸਿਰਫ ਸਾਡੇ ਚਿਹਰੇ ਤੇ ਨਕੇ ਮਖੌਟੇ ਹਨ ਅਤੇ ਇਨ੍ਹਾਂ ਮਖੌਟਿਆਂ ਦੇ ਪਿਛੇ ਇਕ ਸਾਧਾਰਣ ਇਨਸਾਨ ਹੈ।

Sri Satguru Jagjit Singh Ji eLibrary NamdhariElibrary@gmail.com

ਨਾ ਕੋ ਬੈਰੀ ਨਹੀ ਬੇਗਾਨਾ

ਸਗਲ ਸੰਗਿ ਹਮਕਉ ਬਨਿਆਈ।[31]

(ਰਾਗ ਕਾਨੜਾ, ਮਹਲਾ 5, ਆਦਿ ਗ੍ਰੰਥ, ਪੰ. 1299)

ਗੁਰੂ ਨਾਨਕ ਨੇ ਆਪਣੇ ਸਮਕਾਲੀ ਧਰਮ-ਸਾਧਨਾਂ ਦੀਆਂ ਵਿਧੀਆਂ ਦੇ ਸੱਚ ਤੇ ਝੂਠ ਦਾ ਨਿਖੇੜਾ ਕੀਤਾ ਅਤੇ ਮਨੁੱਖੀ ਮਨ ਤੇ ਆਤਮਾ ਨੂੰ ਨਿਰਾਰਥਕ ਰੀਤਾਂ ਰਸਮਾਂ ਦੀ ਜਕੜਬੰਦ ਤੋਂ ਮੁਕਤ ਕਰਕੇ ਨਵੀਆਂ ਉਡਾਰੀਆਂ ਦੇ ਸਮਰਥ ਬਣਾਇਆ। ਗੁਰੂ ਸਾਹਿਬ ਨੇ ਦਿਖਾਵੇ ਦੇ ਤੌਰ ਤੇ ਕੀਤੇ ਕਰਮਾਂ ਜਿਵੇਂ ਹਿੰਦੂਆਂ ਵਿਚ ਤਿਲਕ ਲਗਾਉਣਾ, ਅਤੇ ਜੋਗੀਆਂ ਵਿਚ ਕੰਨ ਪੜਵਾਣੇ, ਭਿਭੂਤੀ ਮਲਣੀ ਆਦਿ ਤੇ ਮੁਸਲਮਾਨਾਂ ਵਿਚ ਨਮਾਜ, ਰੋਜਾ ਰਮਜਾਨ ਦੇ ਵਰਤ ਆਦਿ ਦਾ ਖੰਡਨ ਕੀਤਾ ਜਿਨ੍ਹਾਂ ਦਾ ਕੋਈ ਨੈਤਿਕ ਆਧਾਰ ਨਹੀਂ।

ਸਿਖ ਧਰਮ ਬੁਧ ਧਰਮ ਵਾਂਗ ਗੈਰ ਵੈਦਿਕ ਅਤੇ ਗੈਰ ਬ੍ਰਾਹਮਣ ਧਰਮ ਹੈ। ਬੁਧ ਵਾਂਗ ਗੁਰੂ ਨਾਨਕ ਨੇ ਵੀ ਵੈਦਿਕ ਸ੍ਰੁਤੀ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ।

ਮੱਧਕਾਲ ਵਿਚ ਜੈਨੀ ਭਿਕਸ਼ੂਆਂ ਨੂੰ ਕਪੜੇ ਪਾਉਣ ਦੀ ਇਜਾਜਤ ਨਹੀਂ ਸੀ। ਉਹਨਾਂ ਦਾ ਕਹਿਣਾ ਸੀ ਕਿ ਜਦੋਂ ਤਕ ਮਨੁੱਖ ਨੂੰ ਆਪਣੇ ਨਗਨ ਦਾ ਅਹਿਸਾਸ ਹੈ ਉਹ ਮੋਕਸ਼ ਪ੍ਰਾਪਤ ਨਹੀਂ ਕਰ ਸਕਦਾ। ਗੁਰੂ ਸਾਹਿਬ ਨੇ ਉਹਨਾਂ ਦੇ ਨੰਗੇ ਰਹਿਣ ਤੇ ਟਿਪਣੀ ਕੀਤੀ। ਗੁਰੂ ਨਾਨਕ ਅਨੁਸਾਰ ਅਧਿਆਤਮਕਤਾ ਦਾ ਸੰਬੰਧ ਮਨੁੱਖ ਦੇ ਅੰਦਰਲੇ ਜੀਵਨ ਨਾਲ ਹੈ। ਕਪੜੇ ਨਾ ਪਹਿਨਕੇ ਸਰੀਰ ਨੂੰ ਸਰਦੀ ਗਰਮੀ ਵਿਚ ਬੇਲੋੜਾ ਕਸ਼ਟ ਦੇਣਾ ਹੈ:

ਬਸਤ੍ਰ ਨ ਪਹਿਰੈ। ਅਹਿਨਿਸਿ ਕਹਰੈ।।[32]

ਜੈਨੀ ਸਾਧੂਆਂ ਦੀ ਗ੍ਰਹਿਸਥ ਵਿਚ ਦਿਲਚਸਪੀ ਨਹੀਂ ਸੀ ਉਹ ਉਦਾਸੀ ਵਾਲਾ ਜੀਵਨ ਜੀਉਣ ਵਿਚ ਵਿਸ਼ਵਾਸ ਰਖਦੇ ਸਨ। ਜੈਨੀ ਸਾਧੂ ਜੰਗਲਾਂ ਵਿਚ ਮਸਾਣਾਂ ਵਿਚ ਸੌਂਦੇ ਸਨ:

ਰਹੈ ਬੇਬਾਣੀ ਮੜੀ ਮਸਾਣੀ।। ਅੰਧੁ ਨ ਜਾਣੈ ਫਿਰਿ ਪਛੁਤਾਣੀ।[33]

ਜੈਨੀ ਭਿਕਸ਼ੂਆਂ ਲਈ ਮੰਗ ਕੇ ਖਾਣਾ ਆਵਸ਼ਕ ਹੈ। ਭਿਖਿਆ ਵਿਚ ਉਨ੍ਹਾਂ ਨੂੰ ਜੋ ਕੁਝ ਮਿਲਦਾ ਹੈ ਉਸੇ ਤੇ ਗੁਜ਼ਾਰਾ ਕਰਦੇ ਹਨ। ਗੁਰੂ ਸਾਹਿਬ ਨੇ ਕਿਰਤ ਕਰਨ ਤੇ ਜੋਰ ਦਿਤਾ ਹੈ। ਮੰਗਣ ਕ੍ਰਿਆ ਬਾਰੇ ਗੁਰੂ ਸਾਹਿਬ ਦੇ ਵਿਚਾਰ:

ਲੋਕੁ ਧਿਕਾਰੁ ਕਹੈ ਮੰਗਤ ਜਨ ਮਾਗਤ ਮਾਨੁ ਨ ਪਾਇਆ।[34]

ਜੈਨ ਧਰਮ ਵੇਦ, ਬ੍ਰਾਹਮਣਾ ਦੁਆਰਾ ਕੀਤੇ ਜਾਣ ਵਾਲੇ ਹੋਮ ਜਗ ਦੀ ਵਿਰੋਧਤਾ ਕਰਦਾ ਹੈ। ਅਵਤਾਰਾਂ ਦੇਵੀ ਦੇਵਤਿਆਂ ਦੀਆਂ ਮੂਰਤਾਂ ਬਣਾ ਕੇ ਪੂਜਾ ਕਰਨ ਦੀ ਵੀ ਜੈਨ ਧਰਮ ਵਿਰੋਧ ਕਰਦਾ ਹੈ। [illegible] । ਗੁਰੂ ਨਾਨਕ ਨੇ ਵੀ ਮੂਰਤੀ ਪੂਜਾ ਦਾ ਵਿਰੋਧ ਕੀਤਾ ਹੈ। ਗੁਰੂ ਦੇ [illegible] ਸਰੀਰ ਜਾਂ ਚਿਤਰ ਦੀ ਪੂਜਾ ਨਹੀਂ, ਉਸਦੀ ਬਾਣੀ ਜਾਂ ਉਸਦੇ ਸ਼ਬਦ ਵਲ ਧਿਆਨ ਦੇਣ ਦੀ ਪ੍ਰੇਰਨਾ ਹੈ। ਗੁਰੂ ਸਾਹਿਬ ਦਾ ਜਪੁਜੀ ਵਿਚ ਕਥਨ ਹੈ ਕਿ ਪਰਮਾਤਮਾ ਨਾ ਅਵਤਾਰ ਧਾਰਦਾ ਹੈ ਅਤੇ ਨਾ ਹੀ ਉਸਦੀ ਕਿਸੇ ਪ੍ਰਕਾਰ ਦੀ ਮੂਰਤੀ ਬਣਾ ਕੇ ਪੂਜਾ ਕੀਤੀ ਜਾ ਸਕਦੀ ਹੈ:

ਥਾਪਿਆ ਨ ਜਾਇ ਕੀਤਾ ਨ ਹੋਇ।[35]

ਮੱਧਕਾਲ ਵਿਚ ਲੋਕ ਕਈ ਤਰ੍ਹਾਂ ਦੇ ਭੇਸ ਵਟਾ ਕੇ ਪੂਜਾ ਕਰਦੇ ਸਨ। 'ਆਸਾ ਦੀ ਵਾਰ' ਵਿਚ ਇਸ ਦਾ ਇਕ ਉਦਾਹਰਣ :

ਵਾਇਨਿ ਚੇਲੇ ਨਚਨਿ ਗੁਰ॥  
ਪੈਰ ਹਲਾਇਨਿ ਫੇਰਨਿ ਸਿਰ॥  
ਉਡਿ ਉਡਿ ਰਾਵਾ ਝਾਟੈ ਪਾਇ॥  
ਵੇਖੈ ਲੋਕੁ ਹਸੈ ਘਰਿ ਜਾਇ॥  
ਰੋਟੀਆ ਕਾਰਣਿ ਪੂਰਹਿ ਤਾਲ॥

Sri Satguru Jagjit Singh Ji eLibrary NamdhariElibrary@gmail.com

ਆਪੁ ਪਛਾੜਹਿ ਧਰਤੀ ਨਾਲਿ।।
ਗਾਵਹਿ ਗੋਪੀਆ ਗਾਵਹਿ ਕਾਨ੍ਹ।।
ਗਾਵਹਿ ਸੀਤਾ ਰਾਜੇ ਰਾਮ।।
ਨਿਰਭਉ ਨਿਰੰਕਾਰੁ ਸਚੁ ਨਾਮੁ।।
ਜਾਕਾ ਕੀਆ ਸਗਲ ਜਹਾਨੁ।।[36]

ਗੁਰੂ ਸਾਹਿਬ ਅਨੁਸਾਰ ਨਾਮ ਸਿਮਰਨ ਤੋਂ ਬਿਨ੍ਹਾਂ ਨਚਣ ਕੁੱਦਣ ਨਾਲ ਮੁਕਤੀ ਪ੍ਰਾਪਤ ਨਹੀਂ ਹੋ ਸਕਦੀ।

ਬੁੱਧਮਤ ਜੈਨ ਮਤ ਵਾਂਗ ਅਨੀਸ਼ਵਰਵਾਦੀ ਨਹੀਂ ਪਰ ਈਸ਼ਵਰ ਦੀ ਹੋਂਦ ਬਾਰੇ ਚੁਪ ਹੈ ਪਰ ਗੁਰੂ ਨਾਨਕ ਬਾਣੀ ਵਿਚ ਪ੍ਰਭੂ ਦੀ ਹੋਂਦ ਦਾ ਵਿਸ਼ਵਾਸ਼ ਮੁਖ ਧੁਰਾ ਹੈ।

ਬੁਧ ਮਤ ਵਿਚ ਸਨਿਆਸ ਤੇ ਜ਼ੋਰ ਦਿੱਤਾ ਹੈ ਪਰ ਗੁਰੂ ਨਾਨਕ ਨੇ ਗ੍ਰਿਹਸਥ ਜੀਵਨ ਨੂੰ ਪ੍ਰਧਾਨਤਾ ਦਿੱਤੀ ਹੈ । ਗੁਰੂ ਨਾਨਕ ਨੇ 'ਗ੍ਰਿਹਸਥ ਮਹਿ ਉਦਾਸ' ਦਾ ਵਿਲਖਣ ਸੰਕਲਪ ਪੇਸ਼ ਕੀਤਾ ਹੈ। ਮਨੁੱਖ ਸਰੀਰਕ ਕਰਮ ਕਰਦਾ ਹੋਇਆ ਵੀ ਆਪਣੇ ਮਨ ਵਿਚ ਨਾਮ ਜਪ ਸਕਦਾ ਹੈ ਅਤੇ ਭਗਤੀ ਕਰ ਸਕਦਾ ਹੈ।

ਮੁਸਲਮਾਨਾਂ ਵਿਚ ਮੌਤ ਤੋਂ ਬਾਅਦ ਸਰੀਰ ਨੂੰ ਦਫਨਾਇਆ ਜਾਂਦਾ ਹੈ। ਸਾੜਨਾ ਅਧਰਮ ਮੰਨਿਆ ਜਾਂਦਾ ਹੈ। ਗੁਰੂ ਨਾਨਕ ਨੇ ਸਾੜਨ ਨੂੰ ਅਧਰਮ ਮੰਨਣ ਦੇ ਖਿਆਲ ਨੂੰ ਵੀ ਇਕ ਤਰਕ ਨਾਲ ਨਿਰਮੂਲ ਦੱਸਿਆ ਹੈ ਕਿ ਜਿਨ੍ਹਾਂ ਕਬਰਾਂ ਵਿਚ ਮੁਸਲਮਾਨੀ ਮੁਰਦਾ ਹੁੰਦਾਂ ਹੈ ਉਸਦੀ ਮਿੱਟੀ ਦੇ ਬਰਤਨ ਬਣਾ ਕੇ ਆਵੇ ਵਿਚ ਸਾੜੇ ਜਾਂਦੇ ਹਨ। ਸਰੀਰ ਦੀ ਮਿਟੀ ਉਸ ਵਿਚ ਮਿਲੀ ਹੁੰਦੀ ਹੈ। ਇਸ ਲਈ ਮੁਸਲਮਾਨ ਦਾ ਸਰੀਰ ਸੜਨ ਤੋਂ ਬਚ ਨਹੀਂ ਸਕਦਾ:

ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮਿਆਰ।।
ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ।[37]

ਗੁਰੂ ਨਾਨਕ ਅਨੁਸਾਰ ਮਨੁੱਖ ਜਨਮ ਵੀ ਪ੍ਰਭੂ ਦੇ ਹੁਕਮ ਨਾਲ ਹੀ ਲੈਂਦਾ ਹੈ ਅਤੇ ਮੌਤ ਵੀ ਪ੍ਰਭੂ ਦੇ ਹੁਕਮ ਨਾਲ ਹੀ ਆਉਂਦੀ ਹੈ:

ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ।।[38]

ਬੁੱਧ ਮਤ ਅਨੁਸਾਰ ਗੁਰੂ ਦੀ ਲੋੜ ਨਹੀਂ ਪਰ ਗੁਰੂ ਨਾਨਕ ਅਨੁਸਾਰ ਗੁਰੂ ਦਾ ਬਹੁਤ ਮਹੱਤਵ ਹੈ। ਗੁਰੂ ਤੋਂ ਬਿਨਾਂ ਨਾ ਸੰਸਾਰਕ ਅਤੇ ਨਾ ਹੀ ਪਾਰਲੌਕਿਕ ਦੀ ਕੋਈ ਪ੍ਰਾਪਤੀ ਹੋ ਸਕਦੀ ਹੈ:

ਬਿਨੁ ਸਤਿਗੁਰ ਕਿਨੈ ਨ ਪਾਇਓ ਬਿਨੁਸਤਿਗੁਰ ਕਿਨੈ ਨ ਪਾਇਆ।।
ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ।।
ਸਤਿਗੁਰ ਮਿਲਿਐ ਸਦਾ ਮੁਕਤੁ ਹੈ ਜਿਨਿ ਵਿਚਹੁ ਮੋਹ ਚੁਕਾਇਆ।।[39]

ਗੌਤਮ ਬੁਧ ਤੇ ਗੁਰੂ ਨਾਨਕ ਦੋਵਾਂ ਨੇ ਔਰਤ ਦੀ ਸਮਾਜਿਕ ਤੇ ਧਾਰਮਿਕ ਬਰਾਬਰੀ ਦੀ ਵਕਾਲਤ ਕੀਤੀ। ਗੁਰੂ ਸਾਹਿਬ ਨੇ ਤਾਂ ਔਰਤ ਨੂੰ ਇੰਨਾ ਸਤਿਕਾਰ ਦਿਤਾ ਕਿ ਉਹਨਾਂ ਅਨੁਸਾਰ ਪਰਮਾਤਮਾ ਪੁਰਖ ਜਾਂ ਨਾਰੀ ਕਿਸੇ ਰੂਪਵਿਚ ਵੀ ਹੋ ਸਕਦਾ ਹੈ:

ਆਪੇ ਪੁਰਖੁ ਆਪੇ ਹੀ ਨਾਰੀ।[40]

ਆਪੇ ਨਰੁ ਆਪੇ ਫੁਨਿ ਨਾਰੀ।[41]

ਗੁਰੂ ਸਾਹਿਬ ਅਨੁਸਾਰ ਕੋਈ ਉਚਾ ਨੀਵਾਂ ਨਹੀਂ ਸਿਰਫ਼ ਇਨਸਾਨ ਦੇ ਕਰਮ ਉਸ ਨੂੰ ਉਚਾ ਬਣਾਉਂਦੇ ਹਨ । ਗੁਰੂ ਨਾਨਕ ਅਨੁਸਾਰ:

ਨਾਨਕ ਉਤਮੁ ਨੀਚੁ ਨ ਕੋਇ।।[42]

ਗੁਰੂ ਸਾਹਿਬ ਨੇ ਪਰਮਾਤਮਾ ਦੀ ਹੋਂਦ ਨੂੰ ਕਣ ਕਣ ਵਿਚ ਅਨੁਭਵ ਕੀਤਾ।

ਮਹਾਤਮਾ ਬੁਧ ਨੇ ਵੀ ਜਾਤ ਪਾਤ ਵਿਰੁੱਧ ਅਵਾਜ਼ ਉਠਾਈ। ਬੁਧ ਸਮੇਂ ਜਾਤ ਪਾਤ ਦਾ ਕੋਈ ਵਿਤਕਰਾ ਨਹੀਂ ਸੀ ਅਤੇ ਇਹ ਬ੍ਰਾਹਮਣ ਸ੍ਰੇਣੀ ਦੀ ਉਚਤਾ ਵਿਚ ਵਿਸ਼ਵਾਸ

ਨਹੀਂ ਰਖਦੇ ਸਨ। ਬੁਧ ਮਤ ਜੈਨ ਮਤ ਦੀ ਤਰ੍ਹਾਂ ਅਹਿੰਸਾ ਵਿਚ ਵਿਸ਼ਵਾਸ ਰਖਦਾ ਹੈ।

ਗੁਰੂ ਨਾਨਕ ਦਾ ਅਹਿੰਸਾ ਬਾਰੇ ਵੀਵਿਚਾਰ ਵਿਲੱਖਣ ਹੈ। ਗੁਰੂ ਨਾਨਕ ਦਾ ਵਿਚਾਰ ਹਿੰਸਾ ਬਾਰੇ ਜੈਨ ਜਾਂ ਬੁਧ ਵਰਗਾ ਹਠ ਧਰਮੀ ਨਹੀਂ ਸਾਡੇ ਸੁਭਾਵਿਕ ਕਰਮ ਵਿਚ ਨਿਕੇ ਨਿਕੇ ਜੀਵਾਂ ਦੀ ਹਤਿਆ ਹੁੰਦੀ ਰਹਿੰਦੀ ਹੈ। ਜੀਵਾਂ ਦਾ ਨਾਸ਼ ਸਾਹ ਲੈਂਦਿਆਂ, ਖਾਂਦਿਆਂ ਪੀਂਦਿਆਂ ਹੁੰਦਾ ਹੀ ਰਹਿੰਦਾ ਹੈ। ਉਸ ਨੂੰ ਮਾਰਨ ਜਾਂ ਬਚਾਉਣ ਦੀ ਸਮਰਥਾ ਮਨੁੱਖ ਵਿਚ ਨਹੀਂ ਗੁਰੂ ਸਾਹਿਬ ਨੇ ਨੈਤਿਕ ਦ੍ਰਿਸ਼ਟੀ ਤੋਂ ਅਹਿੰਸਕ ਹੋਣ ਤੇ ਬਲ ਦਿੱਤਾ ਹੈ ਪਰ ਕਿਸੇ ਨੂੰ ਕਤਲ ਕਰਨਾ ਹੀ ਸਿਰਫ ਹਿੰਸਕ ਨਹੀਂ ਸਗੋਂ ਕਿਸੇ ਦਾ ਦਿਲ ਦੁਖਾਣਾ ਵੀ ਹਿੰਸਕ ਕਰਮ ਹੈ।

ਇਸ ਤਰ੍ਹਾਂ ਸਮੁੱਚੇ ਤੌਰ ਤੇ ਅਸੀਂ ਕਹਿ ਸਕਦੇ ਹਾਂ ਕਿ ਮੱਧਕਾਲੀਨ ਧਰਮ ਸਾਧਨਾਂ ਵਿਚ ਪ੍ਰਚਲਤ ਕਰਮ ਕਾਂਡਾਂ ਦਾ ਗੁਰੂ ਸਾਹਿਬ ਨੇ ਖੰਡਨ ਕਰਕੇ ਨਾਮ ਸਿਮਰਨ ਤੇ ਜ਼ੋਰ ਦਿਤਾ ਅਤੇ ਇਕ ਪਰਮਾਤਮਾ ਦਾ ਸੰਕਲਪ ਪੇਸ਼ ਕੀਤਾ।

## ਹਵਾਲੇ ਅਤੇ ਟਿੱਪਣੀਆਂ


1. ਖੁਰਸ਼ੀਦ, ਆਧੁਨਿਕ ਪੰਜਾਬੀ ਕਵਿਤਾ ਵਿਚ ਨਵੀਆਂ ਪ੍ਰਵਿਰਤੀਆਂ, ਪੰ.23

2. ਉਹੀ, ਪੰ. 33

3. ਵਿ.ਗ੍ਰਿ. ਅਫਾਨਾ ਸੀ ਏਵ, ਦਾਰਸ਼ਨਿਕ ਗਿਆਨ ਦੇ ਮੁਢਲੇ ਨਿਯਮ, ਪੰ. 67

4. ਗੁਰਬਖਸ਼ ਸਿੰਘ ਫਰੈਂਕ, ਵਿਰੋਧ ਵਿਕਾਸ ਤੇ ਸਾਹਿਤ, ਪੰ. 50

5. ਵਾਰ ਆਸਾ, ਮਹਲਾ ੧, ਆਦਿ ਗ੍ਰੰਥ, ਪੰ. 469

6. ਉਹੀ, ਪੰ. 474

7. ਅਵਨੇਰ ਜ਼ਿਸ, ਮਾਰਕਸਵਾਦੀ ਸੁਹਜ ਸ਼ਾਸਤਰ ਦੀਆਂ ਬੁਨਿਆਦਾਂ, ਪੰ. 29

8. ਜੀ ਵੀ ਪਲੈਖਾਨੋਵ, ਕਲਾ ਅਤੇ ਸਮਾਜਕ ਜੀਵਨ, ਪੰਨ 36

9. ਪੰਜਾਬੀ ਦੁਨੀਆਂ; ਗੁਰੂ ਨਾਨਕ ਅੰਕ (ਭਾਗ ਪਹਿਲਾ), ਪੰ. 173

10. ਡਾ. ਅਤਰ ਸਿੰਘ, ਦ੍ਰਿਸ਼ਟੀਕੋਣ, ਪੰ. 70

11. ਉਹੀ, ਸਮਦਰਸ਼ਨ, ਪੰ. 49

12. ਰਾਗ ਆਸਾ, ਮਹਲਾ ੧, ਅਸਟਪਦੀਆਂ ਆਦਿ ਗ੍ਰੰਥ, ਪੰ. 417

13. ਵਾਰ ਆਸਾ, ਮਹਲਾ ੧, ਆਦਿ ਗ੍ਰੰਥ, ਪੰ. 471

14. ਵ. ਕੇਲੇ ਐਰ ਮ. ਕੋਵਾਲ ਜੋਨ, ਇਤਿਹਾਸਕ ਭੌਤਿਕਵਾਦ ਸਮਾਜ ਤੇ ਮਾਰਕਸਵਾਦੀ ਸਿਧਾਂਤ ਦੀ ਰੂਪ ਰੇਖਾ, ਪੰ. 288

15. ਡਾ. ਹਰਿਭਜਨ ਸਿੰਘ, ਸਾਹਿਤ ਸ਼ਾਸਤਰ, ਪੰ. 35


Sri Satguru Jagjit Singh Ji eLibrary NamdhariElibrary@gmail.com

16. ਵਾਰ ਆਸਾ, ਮਹਲਾ ੧, ਆਦਿ ਗ੍ਰੰਥ, ਪੰ. 465

17. ਹਜਾਰੀ ਪ੍ਰਸ਼ਾਦ ਦਿਵੇਦੀ, ਮਧਕਾਲੀਨ ਧਰਮ ਸਾਧਨਾ, ਪੰ. 10

18. ਉਹੀ, ਪੰ. 22

19. ਉਹੀ, ਪੰ. 68

20. ਉਹੀ, ਪੰ. 284

21. ਵਾਰ ਆਸਾ, ਮਹਲਾ ੧, ਆਦਿ ਗ੍ਰੰਥ, ਪੰ. 471

22. ਉਹੀ, ਪੰ. 472

23. ਉਹੀ, ਪੰ. 472

24. ਉਹੀ, ਪੰ. 472

25. ਉਹੀ, ਪੰ. 472

26. ਉਹੀ, ਪੰ. 472-473

27. ਉਹੀ, ਪੰ. 465-466

28. ਰਾਗ ਸੋਰਠਿ, ਮਹਲਾ ੧, ਆਦਿ ਗ੍ਰੰਥ, ਪੰ. 637

29. ਵਾਰ ਆਸਾ,ਮਹਲਾ ੧, ਆਦਿ ਗ੍ਰੰਥ, ਪੰ. 472

30. ਭਾਈ ਗੁਰਦਾਸ, ਵਾਰ ਪਹਿਲੀ

31. ਆਦਿ ਗ੍ਰੰਥ,ਮਹਲਾ 5, ਪੰ. 1299

32. ਵਾਰ ਆਸਾ, ਮਹਲਾ ੧, ਆਦਿ ਗ੍ਰੰਥ, ਪੰ. 467

33. ਉਹੀ, ਪੰ. 467

34. ਰਾਗ ਰਾਮਕਲੀ, ਮਹਲਾ੧, ਆਦਿ ਗ੍ਰੰਥ, ਪੰ. 878

35. ਜਪੁਜੀ, ਪਉੜੀ 5

Sri Satguru Jagjit Singh Ji eLibrary NamdhariElibrary@gmail.com

36. ਵਾਰ ਆਸਾ, ਮਹਲਾ ੧, ਆਦਿ ਗ੍ਰੰਥ, ਪੰ. 465

37. ਉਹੀ, ਪੰ. 466

38. ਉਹੀ, ਪੰ. 472

39. ਉਹੀ, ਪੰ. 466

40. ਆਦਿ ਗ੍ਰੰਥ, ਪੰ. 1020

41. ਉਹੀ, ਪੰ. 1403

42. ਉਹੀ, ਪੰ. 7

Sri Satguru Jagjit Singh Ji eLibrary NamdhariElibrary@gmail.com

ਅਧਿਆਇ ਦੂਜਾ :

*
*
*
*
*
*
*

## ਆਸਾ ਦੀ ਵਾਰ ਵਿਚ ਸਮਾਜਕ ਸਥਿਤੀ ਦੀ ਚੇਤਨਾ

(ੳ) ਮਾਨਵਵਾਦ : ਪਰਿਭਾਸ਼ਾ

(ਅ) ਗੁਰੂ ਨਾਨਕ ਦਾ ਮਾਨਵਵਾਦ

(ੲ) ਸਮਾਜਕ ਨੈਤਿਕਤਾ ਅਨੈਤਿਕਤਾ

(ਸ) ਸਮਾਜਕ ਰਸਮਾਂ ਅਤੇ ਵਹਿਮਾਂ ਭਰਮਾਂ ਦਾ ਖੰਡਨ

(ਹ) ਇਸਤਰੀ ਦਾ ਸਥਾਨ

Sri Satguru Jagjit Singh Ji eLibrary NamdhariElibrary@gmail.com

## ਆਸਾ ਦੀ ਵਾਰ ਵਿਚ ਸਮਾਜਕ ਸਥਿਤੀ ਦੀ ਚੇਤਨਾ

### (ੳ) ਮਾਨਵਵਾਦ: ਪਰਿਭਾਸ਼ਾ :

ਮਾਨਵਵਾਦ ਮੂਲ ਰੂਪ ਵਿਚ ਜਾਤੀ, ਧਰਮ, ਲਿੰਗ ਆਦਿ ਭੇਦਾਂ ਤੋਂ ਉਪਰ ਉਠ ਕੇ ਮਾਨਵ ਮਾਤਰ ਦੇ ਹਿੱਤ ਦੀ ਕਾਮਨਾ ਕਰਦਾ ਹੋਇਆ ਸਾਰਿਆਂ ਲਈ ਅਜ਼ਾਦੀ ਤੇ ਨਿਆਂ ਦੀ ਮੰਗ ਕਰਦਾ ਹੈ। ਮਾਨਵਵਾਦੀ ਮਨੁੱਖ ਵਿਚ ਇਤਨੀ ਹਿੰਮਤ ਹੋਣੀ ਚਾਹੀਦੀ ਹੈ ਕਿ ਉਹ ਸੱਚ ਨੂੰ ਸੱਚ ਆਖ ਸਕੇ ਤੇ ਇਨਸਾਫ਼ ਦੀ ਮੰਗ ਕਰ ਸਕੇ। ਮਾਨਵਵਾਦ ਜਿਹਾ ਕਿ ਸ਼ਬਦ ਤੋਂ ਸਪਸ਼ਟ ਹੈ, ਮਨੁੱਖ ਨੂੰ ਸਰਬ ਉਚ ਸ਼ਕਤੀ ਦੇ ਰੂਪ ਵਿਚ ਸਾਕਾਰ ਕਰਦਾ ਹੈ। ਮੈਕਸਿਮ ਗੋਰਕੀ ਨੇ ਵੀ ਮਨੁੱਖ ਦੀ ਹਸਤੀ ਨੂੰ ਸਰਬ ਉਚ ਮੰਨਿਆ ਹੈ।

> ਮੇਰੇ ਗਿਆਨ ਵਿਚ ਕੋਈ ਅਜੇਹੀ ਚੀਜ਼ ਨਹੀਂ ਜੋ ਮਨੁੱਖ ਨਾਲੋਂ ਜ਼ਿਆਦਾ ਵਧੀਆ, ਜ਼ਿਆਦਾ ਗੁੰਝਲਦਾਰ ਅਤੇ ਜ਼ਿਆਦਾ ਦਿਲਚਸਪ ਹੋਵੇ। ਉਹੀ ਸਭ ਕੁਝ ਹੈ।[1]

ਮਾਨਵਵਾਦ ਇਸ ਜੀਵਨ ਵਿਚਲੀਆਂ ਉੱਤਮ ਪ੍ਰਾਪਤੀਆਂ ਤੇ ਜ਼ੋਰ ਦਿੰਦਾ ਹੈ। ਇਹ ਸੰਸਾਰ ਨੂੰ ਹੀ ਮਨੁੱਖ ਦਾ ਸਹੀ ਘਰ ਮੰਨਦੇ ਹੋਏ ਅਪ੍ਰਕਿਰਤਕ ਤੱਤਾਂ ਦੀ ਬਜਾਇ, ਮਾਨਵੀ ਸਦਭਾਵ ਅਤੇ ਮੇਲਜੋਲ ਨੂੰ ਹੀ ਮਾਨਵ ਸੁਖ ਦੇ ਲਈ ਮਹੱਤਵ ਪੂਰਨ ਮੰਨਦਾ ਹੈ। ਅਜ ਸਾਹਿਤ ਵਿਚ ਹੀ ਨਹੀਂ, ਬਲਕਿ ਮਾਨਵੀ ਚਿੰਤਨ ਦੇ ਸਾਰੇ ਖੇਤਰਾਂ ਵਿਚ ਮਾਨਵਵਾਦ ਦੇ ਸੰਕਲਪ ਨੂੰ ਸਵੀਕ੍ਰਿਤੀ ਪ੍ਰਦਾਨ ਕੀਤੀ ਜਾ ਚੁੱਕੀ ਹੈ।

ਮਾਨਵਵਾਦ ਆਧੁਨਿਕ ਯੁੱਗ ਦੇ ਸਾਹਿਤਕ ਸੰਕਲਪਾਂ ਦੇ ਅੰਤਰਗਤ ਇਕ ਅਜਿਹੀ ਦਾਰਸ਼ਨਿਕ ਵਿਚਾਰਧਾਰਾ ਹੈ ਜਿਸਦਾ ਕੇਂਦਰ ਬਿੰਦੂ ਮਨੁੱਖੀ ਚੇਤਨਾ ਹੈ। ਮਾਨਵਵਾਦ ਦਾ ਧਰਮ ਨਾਲ ਬਹੁਤ ਨਜ਼ਦੀਕੀ ਸੰਬੰਧ ਹੈ ਕਿਉਂਕਿ ਧਰਮ ਦਾ ਮੂਲ ਮੰਤਵ ਮਨੁੱਖ ਨੂੰ ਇਕ ਆਦਰਸ਼ ਮਾਨਵ ਦੇ ਰੂਪ ਵਿਚ ਵਿਕਸਿਤ ਕਰਨਾ ਹੁੰਦਾ ਹੈ। ਇਸ ਲਈ ਹਰ ਧਰਮ ਦੇ ਬੁਨਿਆਦੀ

Sri Satguru Jagjit Singh Ji eLibrary NamdhariElibrary@gmail.com

ਵਿਚਾਰਾਂ ਵਿਚ ਮਾਨਵਵਾਦ ਇਕ ਕੇਂਦਰੀ ਅੰਗ ਦੇ ਰੂਪ ਵਿਚ ਪ੍ਰਗਟ ਕੀਤਾ ਗਿਆ ਹੁੰਦਾ ਹੈ। ਇਸ ਰਹੇ ਬ੍ਰਹਿਮੰਡ ਵਿਚ ਮਾਨਵਵਾਦੀ ਭਾਵਨਾ ਇਸ ਦਾਰਸ਼ਨਿਕ ਤੱਤ ਨੂੰ ਧਰਮ ਦੇ ਨਜ਼ਰੀਏ ਤੋਂ ਪ੍ਰਤਖ ਕਰਨਾ ਲੋੜਦੀ ਹੈ ਕਿ ਇਹ ਸਾਰਾ ਪਸਾਰਾ ਏਕਤਾ ਵਿਚ ਅਨੇਕਤਾ ਦੇ ਕਾਰਜ ਨੂੰ ਦਰਸਾਉਂਦਾ ਹੈ। ਜਦੋਂ ਗੁਰੂ ਕਵੀ 'ਏਕ ਪਿਤਾ ਏਕਸ ਕੇ ਹਮ ਬਾਰਿਕ' ਦਾ ਸੰਦੇਸ਼ ਦੇਂਦੇ ਹਨ ਜਾਂ 'ਅਵਲ ਅਲਾਹ ਨੂਰ ਉਪਾਇਆ' ਦੀ ਗੱਲ ਕਰਦੇ ਹਨ ਅਤੇ ਜਾਂ 'ਸਭੇ ਸਾਂਝੀ ਵਾਲ ਦਸਾਇਨ ਕੋਇ ਨ ਦਸੈ ਬਾਹਿਰਾ ਜੀਓ' ਤਾਂ ਉਸ ਸਮੇਂ ਮਾਨਵਵਾਦ ਦੀ ਉਚਤਮ ਸਥਿਤੀ ਪ੍ਰਗਟ ਹੋ ਰਹੀ ਹੁੰਦੀ ਹੈ।

ਮਾਨਵਵਾਦ ਉਹ ਵਾਦ ਹੈ ਜਿਹੜਾ ਮਾਨਵ ਬਾਰੇ ਵਿਚਾਰ ਕਰੇ। ਮਾਨਵਵਾਦ ਦਾ ਸ਼ਾਬਦਿਕ ਅਰਥ ਮਨੁੱਖ ਅਤੇ ਉਸ ਦੀਆਂ ਅਸੀਮਿਤ ਸ਼ਕਤੀਆਂ ਵਿਚ ਵਿਸ਼ਵਾਸ ਕਰਨਾ ਹੈ।

ਮਾਨਵਵਾਦ ਦੀਆਂ ਭਿੰਨ ਭਿੰਨ ਪਰਿਭਾਸ਼ਾਵਾਂ ਪੱਛਮੀ ਤੇ ਭਾਰਤੀ ਵਿਦਵਾਨਾਂ ਨੇ ਦਿੱਤੀਆਂ ਹਨ। ਲੇਕਿਨ ਟੀ.ਐਸ.ਈਲੀਅਟ ਦਾ ਮੱਤ ਇਸ ਪ੍ਰਸੰਗ ਵਿਚ ਵੱਖਰਾ ਹੈ।

> ਮਾਨਵਵਾਦ ਦੀ ਵਿਚਾਰਧਾਰਾ ਕਿਸੇ ਸਿਧਾਂਤ ਜਾਂ ਅੰਦੋਲਨ ਦੇ ਰੂਪ ਵਿਚ ਪੂਰਬੀ ਅਤੇ ਪੱਛਮੀ ਸਾਹਿਤਕਾਰਾਂ ਤੇ ਥੋਪੀ ਨਹੀਂ ਗਈ। ਉਹ ਤਾਂ ਸਾਧਾਰਨ ਗਿਆਨ-ਬੋਧ ਦੇ ਰੂਪ ਵਿਚ ਅੱਜ ਸਾਹਿਤਕਾਰਾਂ ਨੇ ਗ੍ਰਹਿਣ ਕੀਤੀ ਹੈ। ਮਾਨਵਵਾਦੀ ਵਿਚਾਰਧਾਰਾ ਦਾ ਕੰਮ ਕਿਸੇ ਸਿਧਾਂਤਕ ਮਤਵਾਦ ਜਾਂ ਦਾਰਸ਼ਨਿਕ ਮਾਨਤਾ ਦਾ ਪ੍ਰਤਿਪਾਦਨ ਵੀ ਨਹੀਂ।[2]

ਇਨਸਾਈਕਲੋਪੀਡੀਆ ਬ੍ਰਿਟੈਨਕਾ ਅਨੁਸਾਰ:

> ਮਾਨਵਵਾਦ ਇਕ ਅਜੇਹੀ ਮਨੋਬਿਰਤੀ ਹੈ ਜੋ ਮਨੁੱਖ ਅਤੇ ਉਸ ਦੀਆਂ ਯੋਗਤਾਵਾਂ, ਕਾਰਜਾਂ, ਇਛਾਵਾਂ ਅਤੇ ਸਦਭਾਵਨਾਵਾਂ ਨੂੰ ਪ੍ਰਮੁੱਖ ਮਹੱਤਵ ਪ੍ਰਦਾਨ ਕਰਦੀ ਹੈ।[3]

Sri Satguru Jagjit Singh Ji eLibrary NamdhariElibrary@gmail.com

ਪਰੰਪਰਿਕ ਪਰਿਭਾਸ਼ਾ ਅਨੁਸਾਰ :

> ਮਾਨਵਵਾਦ ਦਾ ਅਰਥ ਪਰਮਾਰਥਕ ਅਤੇ ਮੱਧਕਾਲੀ ਚੇਤਨਾ ਦੇ ਹੋਰ ਦੁਨਿਆਵੀ ਪੂਰਵ-ਬੰਧਨਾਂ ਵਿਰੁੱਧ ਇਕ ਧਰਮ ਨਿਰਪੇਖ ਬਗਾਵਤ ਹੈ। ਇਹ ਸਵਰਗ ਤੋਂ ਧਰਤੀ ਵਲ ਅਤੇ ਰੱਬ ਤੋਂ ਇਨਸਾਨ ਵਲ ਇਕ ਮੋੜ ਦਾ ਨਾਂ ਹੈ।[4]

ਮਾਨਵਵਾਦ ਦੀ ਇਕ ਬਿਲਕੁਲ ਸੱਜਰੀ ਪਰਿਭਾਸ਼ਾ ਐਰਿਚ ਫ੍ਰਾਸ ਨੇ 'ਸੋਸ਼ਲਿਸਟ ਮਾਨਵਵਾਦ' (1967) ਵਿਚ, ਇਹਨਾਂ ਸ਼ਬਦਾਂ ਵਿਚ ਦਿੱਤੀ ਹੈ:

> ਅਤਿ ਸਾਧਾਰਣ ਅੱਖਰਾਂ ਵਿਚ, ਮਾਨਵਵਾਦ ਮਨੁੱਖੀ ਨਸਲ ਦੀ ਇਕਾਈ ਵਿਚ ਤੇ ਮਨੁੱਖ ਦੇ ਆਪਣੇ ਉਦਮ ਦੁਆਰਾ ਸੰਪੂਰਣਤਾ ਪ੍ਰਾਪਤੀ ਦੀ ਸੰਭਾਵਨਾ ਵਿਚ ਵਿਸ਼ਵਾਸ ਦਾ ਨਾਂ ਹੈ। ਹਰ ਹਾਲਤ ਵਿਚ ਨਵੀਨ ਮਾਨਵਵਾਦ ਲਈ ਮਨੁੱਖਤਾ ਨੂੰ ਕਲਾਵੇ ਵਿਚ ਲੈਣਾ ਜ਼ਰੂਰੀ ਹੈ: ਇਸ ਵਿਚ ਵਿਸ਼ਵ-ਹਿਤੈਸ਼ੀ ਭਾਵਨਾ ਦਾ ਪੁਸ਼ਟੀ ਕਰਨਾ ਜ਼ਰੂਰੀ ਹੈ। ਇਸਦਾ ਨਿਰਣਾਜਨਕ ਨੁਕਤਾ ਹੋਰ ਕੁਝ ਨਹੀਂ, ਮਨੁੱਖ ਆਪ ਹੀ ਹੈ। ਇਸਦੇ ਨਾਲ ਹੀ ਮਨੁੱਖ ਦੇ ਕਲਿਆਣ ਅਤੇ ਮਨੁੱਖੀ ਕੀਮਤਾਂ ਦੀ ਉਨੱਤੀ ਦਾ ਵਿਚਾਰ ਵੀ ਜੁੜਿਆ ਹੋਇਆ ਹੈ ਜੋ ਕਿ ਮਨੁੱਖ ਦੇ ਆਪਣੇ ਯਤਨ ਉਤੇ ਨਿਰਭਰ ਹਨ, ਚਾਹੇ ਇਸ ਯਤਨਵਿਚ ਰੱਬ ਦੀ ਮਿਹਰ ਵਿਚ ਵਿਸ਼ਵਾਸ ਦੀ ਭਾਵਨਾ ਮਿਲੀ ਹੋਵੇ, ਚਾਹੇ ਨਾ।[5]

ਮਾਨਵਵਾਦ ਸ਼ਬਦ ਦਾ ਇਤਿਹਾਸ ਬਹੁਤ ਜਟਿਲ ਤੇ ਬਹੁ-ਅਰਥਕ ਸ਼ਬਦਾਂ ਨਾਲ ਸੰਬੰਧਿਤ ਹੈ। ਇਸਦੇ ਸੰਬੰਧ ਵਿਚ ਜਿਹੜੀਆਂ ਵੀ ਸਥਾਪਨਾਵਾਂ ਪ੍ਰਸਤੁਤ ਕੀਤੀਆਂ ਜਾਣ, ਉਹ ਵਿਵਾਦ ਗ੍ਰਸਤ ਹੋਣ ਤੋਂ ਨਹੀਂ ਬਚ ਸਕਦੀਆਂ। ਅਮਰੀਕੀ ਵਿਦਵਾਨ ਪ੍ਰੋ. ਰੇਨੇ ਦੇ ਅਨੁਸਾਰ ਮਾਨਵਵਾਦ ਦੇ ਵਿਭਿੰਨ ਅਰਥ ਹਨ:

> ਇਹ ਜੀਵਨ ਦਾ ਵਿਵੇਕ-ਸੰਤੁਲਨ ਹੋ ਸਕਦਾ ਹੈ ਜਿਸਨੂੰ ਆਰੰਭਿਕ ਮਾਨਵਵਾਦੀਆਂ ਨੇ ਯੂਨਾਨੀਆਂ ਵਿਚ ਲੱਭਿਆ । ਇਹ ਕੇਵਲ

> ਹਿਊਮੈਨਟੀਜ਼ (ਮਾਨਵ-ਸ਼ਾਸਤਰ) ਦਾ ਅਧਿਐਨ ਹੋ ਸਕਦਾ ਹੈ। ਇਹ ਧਾਰਮਿਕਤਾ ਤੋਂ ਮੁਕਤੀ ਅਤੇ ਰਣੀ ਏਨੋਜ਼ਾਬੇਥ ਜਾਂ ਬੈਂਜਾਮਿਨ ਫਰੈਂਕਲਿਨ ਦੇ ਜੀਵਨ ਦੇ ਸਾਰੇ ਪੱਖ ਵਿਚ ਗਹਿਰੀ ਦਿਲਚਸਪੀ ਹੋ ਸਕਦਾ ਹੈ। ਸ਼ੈਕਸਪੀਅਰ ਜਾਂ ਗੇਟੇ ਦੁਆਰਾ ਰੂਪਮਾਨਿਤ ਸਾਰੇ ਮਾਨਵੀ ਆਵੇਗਾਂ ਦੇ ਪ੍ਰਤੀ ਅਨੁਕੂਲ ਪ੍ਰਤੀਚੇਸ਼ਟਾਦਾ ਭਾਵ ਹੋ ਸਕਦਾ ਹੈ। ਜਾਂ ਇਹ ਇਕ ਦਰਸ਼ਨਹੋ ਸਕਦਾ ਹੈ ਜਿਸਦਾ ਕੇਂਦਰ ਮਨੁੱਖ ਹੈ। ਇਸ ਅੰਤਿਮ ਅਰਥ ਵਿਚ ਮਾਨਵਵਾਦ ਨੂੰ ਸੰਭਵਤਾ ਸਭ ਤੋਂ ਜ਼ਿਆਦਾ ਮਹੱਤਵ ਸੋਲ੍ਹਵੀਂ ਸਦੀ ਵਿਚ ਮਿਲਿਆ ਹੈ।[6]

ਭਾਰਤੀ ਚਿੰਤਕ ਡਾ. ਰਾਧਾ ਕ੍ਰਿਸ਼ਨਨ ਮਨੁੱਖ ਦੇ ਇਹ ਲੌਕਿਕ ਜੀਵਨ ਨੂੰ ਸੁਖੀ ਬਣਾਉਣਾ ਚਾਹੁੰਦੇ ਹਨ। ਡਾ. ਰਾਧਾ ਕ੍ਰਿਸ਼ਨਨ ਨੇ ਮਾਨਵਵਾਦ ਦੀ ਪਰਿਭਾਸ਼ਾ ਇਸ ਪ੍ਰਕਾਰ ਦਿੱਤੀ ਹੈ:

> ਮਾਨਵਵਾਦ ਅਮਰਤੱਵ ਦੀ ਪ੍ਰਾਪਤੀ ਕਰਨ ਵਾਲੀਆਂ ਇਛਾਵਾਂ ਨੂੰ, ਪਵਿੱਤਰਤਾ ਦੀਆਂ ਸੂਚਨਾਵਾਂ ਨੂੰ, ਅਲੌਕਿਕਤਾ ਦੀ ਭੁੱਖ ਅਤੇ ਪਿਆਸ ਨੂੰ ਨਕਾਰਦਾ ਹੈ ਅਤੇ ਦੂਜੇ ਪਾਸੇ ਮਾਨਵਤਾ ਲਈ ਅਤਿ ਸਰੀਰਕ ਕਸ਼ਟ ਸਹਾਰਨ ਅਤੇ ਸੁਹੀਦੀ ਦੇਣ ਲਈ ਤਿਆਰ ਰਹਿੰਦਾ ਹੈ।[7]

ਜਿਥੇ ਡਾ. ਰਾਧਾ ਕ੍ਰਿਸ਼ਨਨ ਨੇ ਨੈਤਿਕ, ਸਦਾਚਾਰਕ ਨਜ਼ਰੀਏ ਤੋਂ ਮਾਨਵਵਾਦ ਦੀ ਪਰਿਭਾਸ਼ਾ ਪੇਸ਼ ਕੀਤੀ ਹੈ ਉਥੇ ਡਾ. ਵਜ਼ੀਰ ਸਿੰਘ ਨੇ ਦਾਰਸ਼ਨਿਕ ਦ੍ਰਿਸ਼ਟੀ ਤੋਂ ਮਾਨਵਵਾਦ ਬਾਰੇ ਆਪਣੇ ਵਿਚਾਰ ਪ੍ਰਗਟਾਏ ਹਨ।

> ਵਿਸ਼ੇਸ਼ ਰੂਪ ਵਿਚ ਮਾਨਵਵਾਦ ਯੂਰਪੀਨ-ਜਾਗ੍ਰਿਤੀ ਦੇ ਚਿੰਤਕਾਂ ਤੇ ਸਾਹਿਤਕਾਰਾਂ ਦੀ ਦੇਣ ਹੈ ਜਿਨ੍ਹਾਂ ਨੇ ਨਾ ਕੇਵਲ ਯੂਨਾਨੀ ਫਲਸਫੇ ਅਤੇ ਭਾਰਤੀ ਵੈਦਿਕ ਸਾਹਿਤ ਵਿਚ ਛੁਪੀਆਂ ਮਾਨਵ-ਹਿਤੈਸ਼ੀ ਭਾਵਨਾਵਾਂ ਨੂੰ ਉਜਾਗਰ ਕੀਤਾ ਸਗੋਂ ਮਾਨਵਵਾਦੀ ਸਿਧਾਂਤ ਨੂੰ ਨਵੀਨ ਸੇਧਾਂ ਦਿੱਤੀਆਂ। ਮਨੁੱਖ ਦੇ ਆਤਮ ਬਲ ਵਿਚ ਅਟੁੱਟ

Sri Satguru Jagjit Singh Ji eLibrary NamdhariElibrary@gmail.com

> ਵਿਸ਼ਵਾਸ ਇਸ ਚਿੰਤਨਦੀ ਟੇਕ ਹੈ, ਜਿਸਦੇ ਆਧਾਰ ਉਤੇ ਮਨੁੱਖ ਆਪਣੇ ਵਿਅਕਤੀਗਤ ਅਤੇ ਭਾਈਚਾਰਕ ਕਲਿਆਣ ਲਈ ਆਪਣੇ ਆਪ ਉਤੇ ਨਿਰਭਰ ਹੈ। ਮਾਨਵਵਾਦ ਦਾ ਬੁਨਿਆਦੀ ਵਿਸ਼ਵਾਸ ਇਹ ਹੈ ਕਿ ਕੁਦਰਤ ਦੇ ਭੇਦਾਂ ਤੇ ਸੁਹਜਾਂ ਦੀ ਕੁੰਜੀ ਕੇਵਲ ਮਨੁੱਖ ਦੇ ਪਾਸ ਹੈ। ਇਸ ਵਿਚਾਰ ਦੇ ਆਧਾਰ ਉਤੇ ਕਈ ਚਿੰਤਕਾਂ ਨੇ ਮਾਨਵਵਾਦ ਅਤੇ ਈਸ਼ਵਰਵਾਦ ਵਿਚ ਵਿਰੋਧ ਦੀ ਸਥਾਪਨਾ ਕੀਤੀ ਹੈ। ਜੇਕਰ ਮਨੁੱਖ ਬ੍ਰਹਿਮੰਡ ਦਾ ਕੇਂਦਰ-ਬਿੰਦੂ ਮਨ ਲਿਆ ਜਾਵੇ ਮਨੁੱਖੀ ਚੇਤਨਾ ਤੋਂ ਉਪਰ ਕਿਸੇ ਵਿਸ਼ਵ-ਚੇਤਨਾ ਦੀ ਮੌਜੂਦਗੀ ਤੋਂ ਇਨਕਾਰ ਕੀਤਾ ਜਾਵੇ ਤਾਂ ਮਨੁੱਖ ਨੂੰ ਪ੍ਰਾਥਮਿਕ ਅਤੇ ਦੈਵੀ ਹਸਤੀ ਨੂੰ ਗੌਣ ਮੰਨ ਲਿਆ ਜਾਵੇ ਤਾਂ ਇਹ ਕੱਟੜ ਕਿਸਮ ਦਾ ਮਾਨਵਵਾਦ ਹੋਵੇਗਾ, ਇਸਨੂੰ ਈਸ਼ਵਰਵਾਦੀ ਸਿਧਾਂਤ ਪ੍ਰਵਾਨ ਕਰਨ ਤੋਂ ਸੰਕੋਚ ਹੈ। ਰੱਬ ਅਤੇ ਮਨੁੱਖ ਵਿਚਲੇ ਦਵੰਦ ਵਿਚ ਮਨੁੱਖ ਨੂੰ ਪਹਿਲ ਅਤੇ ਦੈਵੀ ਸ਼ਕਤੀ ਦੀ ਬਜਾਏ ਮਨੁੱਖ ਦੀਆਂ ਬੌਧਿਕ ਸ਼ਕਤੀਆਂ ਵਿਚ ਅਕੀਦਾ ਇਸ ਮਾਨਵਵਾਦ ਦੇ ਅਨਿਵਾਰੀ ਅੰਗ ਹਨ। ਜਿਥੋਂ ਤਕ ਪੰਜਾਬੀ ਸਭਿਆਚਾਰ ਦਾ ਸੰਬੰਧ ਹੈ, ਇਸਦੀ ਮਾਨਵਵਾਦੀ ਸੇਧ ਮਨੁੱਖੀ ਹੋਣੀ ਦੀ ਪੂਰਤੀ ਵਿਚ ਈਸ਼ਵਰ ਦੀ ਭਾਈਵਾਲੀ ਨੂੰ ਪ੍ਰਵਾਨ ਕਰਦੀ ਹੈ।[8]

ਮਾਨਵਵਾਦ ਸਮੁੱਚੀ ਮਨੁੱਖਤਾ ਨੂੰ ਆਪਣੇ ਕਲਾਵੇ ਵਿਚ ਲੈਂਦਾ ਹੈ। ਮਾਨਵਵਾਦ ਦੇ ਸੰਕਲਪ ਨੇ ਕੀ ਕੁਝ ਆਪਣੇ ਆਪ ਵਿਚ ਸਮੋਇਆ ਹੈ, ਇਸ ਸੰਬੰਧ ਵਿੱਚ ਡਾ. ਵਜ਼ੀਰ ਸਿੰਘ ਲਿਖਦੇ ਹਨ:

> ਇਸਨੂੰ ਉਹ ਸਾਰੀਆਂ ਕੀਮਤਾਂ ਪਰਵਾਨ ਹਨ, ਜੋ ਮਨੁੱਖ ਦੀ ਸੁਖ਼ਸੁਖਿਅਤ ਤੇ ਉਸਦੇ ਸਮਾਜ ਦੇ ਵਿਭਿੰਨ ਪੱਖਾਂ ਨੂੰ ਅਮੀਰੀ ਦੇ ਸਕਦੀਆਂ ਹੋਣ. ਚਾਹੇ ਇਹ ਕੀਮਤਾਂ ਆਰਥਿਕ ਪੱਧਰ ਦੀਆਂ ਹੋਣ, ਚਾਹੇ ਭਾਈਚਾਰਕ, ਸੁਹਜਾਤਮਕ ਤੇ ਅਧਿਆਤਮਕ ਪੱਧਰ ਦੀਆਂ। ਮਨੁੱਖੀ ਭਲਾਈ ਦੇ ਪ੍ਰਸੰਗ ਵਿਚ ਸਾਹਿਤ ਤੇ ਕਲਾ, ਵਿਗਿਆਨ ਤੇ ਧਰਮ ਸਭ ਸਾਰਥਕ ਹਨ।[9]

ਮਾਨਵਵਾਦ ਮਨੁੱਖੀ ਸਮਾਨਤਾ ਤੇ ਭਾਈਚਾਰੇ ਵਿਚ ਵਿਸ਼ਵਾਸ ਰੱਖਦਾ ਹੈ ਅਤੇ ਮਨੁੱਖੀ ਕਲਿਆਣ ਨੂੰ ਆਪਣਾ ਉਦੇਸ਼ ਮੰਨਦਾ ਹੈ। ਮਾਨਵਵਾਦ ਉਨ੍ਹਾਂ ਕੀਮਤਾਂ, ਆਦਰਸ਼ਾਂ, ਤਜ਼ਰਬਿਆਂ ਦੀ ਗੱਲ ਕਰਦਾ ਹੈ ਜੋ ਮਨੁੱਖਤਾ ਲਈ ਮਹੱਤਵਪੂਰਨ ਹੋਣ ਤੇ ਉਸ ਅੰਦਰ ਮਾਨਵੀ ਗੁਣਾਂ ਦਾ ਸੰਚਾਰ ਕਰਨ। ਇਹ ਮਨੁੱਖੀ ਚੁਣੌਤੀਆਂ ਨੂੰ ਜਵਾਬ ਦਿੰਦਾ ਹੈ:

> ਸਾਰੀ ਮਨੁੱਖ ਜਾਤੀ, ਇਕ ਹੈ। ਸਭ ਲੋਕਾਂ ਦੀਆਂ ਰਗਾਂ ਵਿਚ ਇਕੋ ਲਾਲ ਰੰਗ ਦਾ ਖੂਨ ਦੌੜਦਾ ਹੈ। ਰੰਗ ਰੂਪ, ਸ਼ਕਲਾਂ, ਨਾਵਾਂ ਥਾਵਾਂ, ਖਾਣ ਪੀਣ, ਪਹਿਨਣ, ਰਸਮਾਂ, ਰਿਵਾਜਾਂ ਦੇ ਅੰਤਰ ਭੂਗੋਲਿਕ ਸਥਿਤੀਆਂ ਦੇ ਅੰਤਰ ਹਨ। ਇਹ ਕੋਈ ਅੰਤਰ ਨਹੀਂ, ਇਹ ਭਿੰਨ-ਭਿੰਨਤਾ ਹੈ। ਮਨੁਖ ਦੀ ਅਸਲੀਅਤ ਉਸਦੇ ਧੁਰ ਅੰਦਰ ਵਸਦੀ ਹੈ। ਸਮੂਹ ਮਨੁੱਖਾਂ ਵਿਚ ਇਕੋ ਤਰ੍ਹਾਂ ਦਾ ਦਿਲ ਧੜਕਦਾ ਹੈ। ਰੰਗ, ਰੂਪ, ਨਸਲ ਦੇ ਆਧਾਰ ਤੇ ਭਿੰਨਤਾ ਬਾਹਰੀ ਹੈ, ਸਤਹੀ ਹੈ, ਬਨਾਵਟੀ ਹੈ, ਮਨੁੱਖੀ ਏਕਤਾ ਸਰਬ-ਉਚ ਹੈ।[10]

ਸਮੁੱਚੇ ਤੌਰ ਤੇ ਇਹ ਕਿਹਾ ਜਾ ਸਕਦਾ ਹੈ ਕਿ ਮਾਨਵਵਾਦ ਇਕ ਜੀਵੰਤ, ਗਤੀਸ਼ੀਲ ਅਤੇ ਵਿਸ਼ਵ-ਵਿਆਪੀ ਵਿਚਾਰ ਧਾਰਾ ਹੈ। ਇਹ ਮਨੁੱਖ ਦੇ ਵਿਕਾਸ ਅਤੇ ਕਲਿਆਣ ਵਿਚ ਵਿਸ਼ਵਾਸ ਰਖਦਾ ਹੈ।

### (ਅ) ਗੁਰੂ ਨਾਨਕ ਦਾ ਮਾਨਵਵਾਦ :

ਗੁਰੂ ਨਾਨਕ ਦੁਆਰਾ ਰਚਿਆ ਗਿਆ ਸਾਹਿਤ ਕੇਵਲ ਅਧਿਆਤਮਕਤਾ, ਅਲੌਕਿਕਤਾ ਜਾਂ ਪਾਰਲੌਕਿਕਤਾ ਦਾ ਸਾਹਿਤ ਨਹੀਂ ਹੈ। ਬੁਨਿਆਦੀ ਤੌਰ ਤੇ ਭਾਵੇਂ ਉਨ੍ਹਾਂ ਦਾ ਵਿਸ਼ਵਾਸ, ਸਾਧਨਾਂ ਅਤੇ ਜੀਵਨ ਦੇ ਆਦਰਸ਼, ਅਧਿਆਤਮਕ ਹਨ ਪਰ ਜਿਸ ਆਧਾਰ ਉਤੇ ਇਨ੍ਹਾਂ ਵਿਸ਼ਵਾਸਾਂ ਦਾ ਉਨ੍ਹਾਂ ਨੇ ਅਨੁਸੰਧਾਨ ਕੀਤਾ ਉਹ ਇਸ ਲੋਕ ਦੇ ਹਨ। ਮਾਨਵੀ ਜੀਵਨ ਨੂੰ ਗੁਰੂ ਨਾਨਕ ਸਭ ਤੋਂ ਦੁਰਲਭ ਅਤੇ ਸ੍ਰੇਸ਼ਟ ਮੰਨਦੇ ਹਨ। ਜੀਵ ਨੂੰ ਚੌਰਾਸੀ ਲਖ ਜੂਨਾਂ ਭੋਗਣ ਤੋਂ ਬਾਦ ਮਨੁੱਖਾ ਜਨਮ ਮਿਲਦਾ ਹੈ ਤੇ ਮਾਨਵ ਇਸ ਜਨਮ ਦਾ ਅਸਲ ਮਨੋਰਥ ਭੁਲ ਕੇ

Sri Satguru Jagjit Singh Ji eLibrary NamdhariElibrary@gmail.com

ਵਿਅਰਥ ਵਹਿਮਾਂ ਭਰਮਾਂ ਤੇ ਕਰਮ-ਕਾਂਡਾਂ ਦਾ ਸ਼ਿਕਾਰ ਰਹੇ ਇਹ ਗੁਰੂ ਨਾਨਕ ਨੂੰ ਮਨਜ਼ੂਰ ਨਹੀਂ। ਕੁਦਰਤ ਦੀ ਇਸ ਅਦੁੱਤੀ ਰਚਨਾ (ਮਨੁੱਖ) ਨੂੰ ਮਾਨਸਿਕ ਅਧਿਆਤਮਕ ਅਤੇ ਧਾਰਮਿਕ ਤੌਰ ਤੇ ਉਚੇਰਾ ਉਠਾਉਣ ਲਈ ਗੁਰੂ ਨਾਨਕ ਨੇ ਆਪਣੀ ਬਾਣੀ 'ਆਸਾ ਦੀ ਵਾਰ' ਵਿਚ ਮਾਨਵ-ਵਾਦ ਬਾਰੇ ਲੋਕਾਈ ਨੂੰ ਸੁਚੇਤ ਕੀਤਾ ਗੁਰੂ ਸਾਹਿਬ ਨੇ ਮਨੁੱਖ ਨੂੰ ਵਹਿਮਾਂ ਭਰਮਾਂ ਦਾ ਖੰਡਨ ਕਰਨ ਅਤੇ ਨੇਕ ਕਰਮ ਵਿਚ ਵਿਸ਼ਵਾਸ ਰੱਖਣ ਲਈ ਪ੍ਰੇਰਿਆ:

ਮੰਦਾ ਚੰਗਾ ਆਪਣਾ ਆਪੇਹੀ ਕੀਤਾ ਪਾਵਣਾ।।[11]

ਗੁਰੂ ਨਾਨਕ ਕੇਵਲ ਰਹੱਸਵਾਦੀ ਸਾਧਕ ਹੀ ਨਹੀਂ ਸਨ ਬਲਕਿ ਉਹਨਾਂ ਨੇ ਆਪਣੀ ਸਾਧਨਾ ਦੇ ਨਾਲ ਨਾਲ ਆਪਣੇ ਕਾਲ ਦੇ ਲੋਕ ਜੀਵਨ ਨੂੰ ਦੇਖਿਆ ਅਤੇ ਲੋਕਾਈ ਦੇ ਦੁੱਖਾਂ ਨੂੰ ਦੇਖ ਕੇ ਉਹਨਾਂ ਦੀ ਆਤਮਾ ਕੁਰਲਾ ਉਠੀ। 'ਆਸਾ ਦੀ ਵਾਰ' ਵਿਚ ਗੁਰੂ ਸਾਹਿਬ ਲੋਕਾਈ ਦੇ ਮਨਾਂ ਵਿਚੋਂ ਰਾਜਿਆਂ, ਰੀਤਾਂ, ਰਿਵਾਜਾਂ ਅਤੇ ਕਰਮ-ਕਾਂਡਾਂ ਦਾ ਭੈ ਉਤਾਰ ਰਹੇ ਹਨ। ਉਹ ਇਹ ਸਿੱਧ ਕਰਦੇ ਹਨ ਕਿ ਇਹਸਭ ਕੁਝ ਸ਼ਾਸਕ ਵਰਗ ਅਤੇ ਪੁਰੋਹਤ ਵਰਗ ਦੇ ਜਾਲ ਹਨ ਜੋ ਪੇਟ ਭਰਨ ਖਾਤਰ ਕੀਤੇ ਪਾਖੰਡ ਹਨ। ਤਤਕਾਲੀਨ ਰਾਜਿਆਂ ਬਾਰੇ ਗੁਰੂ ਸਾਹਿਬ ਨੇ ਇਸ ਤਰ੍ਹਾਂ ਫੁਰਮਾਇਆ ਹੈ:

(ੳ) ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ।।
ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ।।
ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ।।[12]

(ਅ) ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ।।
ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ।।[13]

(ੲ) ਮਥੈ ਟਿਕਾ ਤੇੜਿ ਧੋਤੀ ਕਖਾਈ।।
ਹਥਿ ਛੁਰੀ ਜਗਤ ਕਾਸਾਈ।।[14]

Sri Satguru Jagjit Singh Ji eLibrary NamdhariElibrary@gmail.com

ਰਾਮ ਲੀਲਾ ਬਾਰੇ ਗੁਰੂ ਸਾਹਿਬ ਕਹਿੰਦੇ ਹਨ ਕਿ ਇਹ ਸਾਰਾ ਤਮਾਸ਼ਾ ਆਜੀਵਿਕਾ ਕਮਾਉਣ ਲਈ ਕੀਤਾ ਜਾਂਦਾ ਸੀ। ਲੋਕ ਪੇਟ ਭਰਨ ਲਈ ਕਈ ਤਰ੍ਹਾਂ ਦੇ ਪਾਖੰਡ ਰਚ ਕੇ ਧਨ ਕਮਾ ਰਹੇ ਸਨ। ਦਰਅਸਲ ਉਸ ਸਮੇਂ ਧਾਰਮਿਕ ਆਡੰਬਰ ਆਪਣੀ ਪੂਰੀ ਕਰੂਪਤਾ ਵਿਚ ਵਿਚਰ ਰਿਹਾ ਸੀ। ਗੁਰੂ ਨਾਨਕ ਨੇ ਲੋਕਾਂ ਦੇ ਇਨ੍ਹਾਂ ਪਾਖੰਡਾਂ ਦੀ ਕਰੜੀ ਨਿੰਦਾ ਕੀਤੀ।

ਵਾਇਨਿ ਚੇਲੇ ਨਚਨਿ ਗੁਰ।।
ਪੈਰ ਹਲਾਇਨਿ ਫੇਰਨਿ ਸਿਰ।।
ਉਡਿ ਉਡਿ ਰਾਵਾ ਝਾਟੈ ਪਾਇ।।
ਵੇਖੈ ਲੋਕੁ ਹਸੈ ਘਰਿ ਜਾਇ।।
ਰੋਟੀਆ ਕਾਰਣਿ ਪੂਰਹਿ ਤਾਲ।।
ਆਪੁ ਪਛਾੜਹਿ ਧਰਤੀ ਨਾਲਿ।।[15]

ਮਾਨਵਤਾ ਦੇ ਰਸਤੇ ਤੋਂ ਪਰੇ ਲੈ ਜਾਣ ਵਾਲੇ ਆਗੂਆਂ ਨੂੰ ਆਪ ਗੁਰੂ ਸਾਹਿਬ ਨੇ ਸਖਤ ਤਾੜਨਾ ਕੀਤੀ ਹੈ:

ਕਾਦੀ ਕੂੜੁ ਬੋਲਿ ਮਲੁ ਖਾਇ।। ਬ੍ਰਾਹਮਣੁ ਨਾਵੈ ਜੀਆ ਘਾਇ।।
ਜੋਗੀ ਜੁਗਤਿ ਨ ਜਾਣੈ ਅੰਧੁ।।
ਤੀਨੇ ਓਜਾੜੇ ਕਾ ਬੰਧੁ।।[16]

ਮੱਧਕਾਲ ਵਿਚ ਨਾਥ ਜੋਗੀ ਆਦਿ ਸੰਸਾਰ ਦੇ ਲੋਕਾਂ ਨੂੰ ਰੱਬ ਦੀ ਪ੍ਰਾਪਤੀ ਲਈ ਗ੍ਰਿਹਸਥ ਤਿਆਗ ਦਾ ਉਪਦੇਸ਼ ਦਿੰਦੇ ਸਨ ਪਰ ਗੁਰੂ ਨਾਨਕ ਨੇ ਲੋਕਾਂ ਨੂੰ ਚੇਤੰਨ ਕੀਤਾ ਅਤੇ ਕਿਹਾ ਗ੍ਰਿਹਸਥ ਵਿਚ ਰਹਿ ਕੇ ਨੀਯਤ ਰਾਸ ਕਰਨ ਨਾਲ ਸੱਚੇ ਦਾ ਵਪਾਰ ਕਰਕੇ, ਦਸਾਂ ਨਹੁੰਆਂ ਦੀ ਕਿਰਤ ਕਰਕੇ ਮਾਇਆ ਵਿਚ ਨਿਰਲੇਪ ਰਹਿ ਕੇ ਪਰਮਾਤਮਾ ਦੀ ਸੌਖੀ ਤਰ੍ਹਾਂ ਪ੍ਰਾਪਤੀ ਹੋ ਸਕਦੀ ਹੈ।

Sri Satguru Jagjit Singh Ji eLibrary NamdhariElibrary@gmail.com

ਗੁਰੂ ਨਾਨਕ ਦੇਵ ਜੀ ਦੇ ਧਰਮ ਦੀ ਹੋਰ ਵਿਸ਼ੇਸ਼ਤਾ ਇਹ ਹੈ ਕਿ ਆਪ ਜੀ ਨੇ ਜਨਤਾ ਦੀ ਨਿਰਾਸ਼ਾ ਨੂੰ ਦੂਰ ਕਰ ਆਸਵੰਦ ਰਹਿਣ ਦਾ ਸਫਲ ਯਤਨ ਕੀਤਾ। ਤਿਆਗਵਾਦ ਨੂੰ ਖਤਮ ਕਰਕੇ ਗ੍ਰਿਹਸਥੀ ਜੀਵਨ ਨੂੰ ਤਰਜੀਹ ਦਿੱਤੀ। ਸਵੈਮਾਣ, ਵਿਸ਼ਵਾਸ ਅਤੇ ਉੱਦਮ ਦੀ ਭਾਵਨਾ ਨੂੰ ਜਗਾਇਆ।[17]

ਗੁਰੂ ਨਾਨਕ ਨੇ 'ਆਸਾ ਦੀ ਵਾਰ' ਵਿਚ ਮਨੁੱਖੀ ਆਚਾਰ ਦੀ ਸ਼ੁੱਧੀ ਤੇ ਜੋਰ ਦਿੱਤਾ ਹੈ । ਇਸ ਵਿਚ ਵਰਣਿਤ ਜੀਵਨ ਸਾਨੂੰ ਉਚੱਤਾ ਵਲ ਲੈ ਜਾਂਦਾ ਹੈ । ਡਾ. ਜਗਬੀਰ ਸਿੰਘ ਦੇ ਸ਼ਬਦਾਂ ਵਿਚ:

> ਮਾਨਵੀ ਜੀਵਨ ਗੁਰੂ ਨਾਨਕ ਬਾਣੀ ਦਾ ਇਕ
> ਪ੍ਰਧਾਨ ਵਿਸ਼ਾ ਪ੍ਰਤੀਤ ਹੁੰਦਾ ਹੈ। ਮਾਨਵ ਜੀਵਨ ਕੀ ਹੈ?
> ਉਸਦੇ ਜੀਵਨ ਦਾ ਪਰਮ ਮਨੋਰਥ ਕੀ ਹੈ? ਅਤੇ ਇਸ ਧਰਮ
> ਮਨੋਰਥ ਦੀ ਪ੍ਰਾਪਤੀ ਕਿਵੇਂ ਹੋ ਸਕਦੀ ਹੈ? ਇਹ ਕੁਝ ਬੁਨਿਆਦੀ
> ਪ੍ਰਸ਼ਨ ਹਨ ਜਿਨ੍ਹਾਂ ਦੇ ਉੱਤਰ ਵਿਚ ਇਸ ਬਾਣੀ ਵਿਚ ਇਕ
> ਆਦਰਸ਼ ਮਾਨਵ ਦੀ ਰੂਪ ਰੇਖਾ ਉਘੜਦੀ ਦਿਸਦੀ ਹੈ।[18]

ਗੁਰੂ ਨਾਨਕ ਅਨੁਸਾਰ ਮਨੁੱਖ ਆਪਣੇ ਅੰਦਰੋਂ ਪਸ਼ੂ ਬਿਰਤੀ ਵਾਲੇ ਤੱਤਾਂ ਨੂੰ ਖਤਮ ਕਰਕੇ ਸੱਚ ਵਰਗੇ ਦੈਵੀ ਗੁਣਾਂ ਨੂੰ ਅਪਣਾਏ ਤਾਂ ਹੀ ਅਧਿਆਤਮਵਾਦ ਆਧਾਰਿਤ ਮਾਨਵਵਾਦ ਦੀ ਪ੍ਰਾਪਤੀ ਸੰਭਵ ਹੈ।

> ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ॥
> ਨਾਨਕ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ॥19

ਡਾ. ਅਤਰ ਸਿੰਘ ਅਨੁਸਾਰ:

> ਗੁਰਬਾਣੀ ਦੀ ਵਿਸ਼ਾਲ [illegible] ਵਸਤੂ - ਜੁਗਤ ਮਨੁੱਖੀ
> ਸਥਿਤੀ ਦੇ ਤਿੰਨ ਸਰੋਕਾਰਾਂ ਕੂੜ। ਸੱਚ ਦਾ ਨਿਖੇੜ, ਵਿਜੋਗ।

Sri Satguru Jagjit Singh Ji eLibrary NamdhariElibrary@gmail.com

ਸੰਜੋਗ ਦੀ ਸੋਝੀ, ਬੰਧਨ। ਮੁਕਤੀ ਦੀ ਸਮੱਸਿਆ, ਨਾਲ
ਜੁੜੀ ਹੋਈ ਹੈ। ਇਨ੍ਹਾਂ ਤਿੰਨ ਸਰੋਕਾਰਾਂ ਦਾ ਗਿਆਨ ਗੁਰਬਾਣੀ
ਵਿਚ ਮਨੁੱਖ ਦੇ ਸੰਕਲਪ ਨੂੰ ਸਪਸ਼ਟ ਕਰਨ ਵਿਚ ਸਹਾਈ ਹੁੰਦਾ
ਹੈ।[20]

ਗੁਰੂ ਨਾਨਕ ਦਾ ਮਾਨਵਵਾਦ ਸੁਆਰਥ ਦਾ ਵਿਰੋਧੀ ਹੈ। ਇਹ ਸੰਪੂਰਣ ਲੋਕ ਕਲਿਆਣ ਨਾਲ ਸਬੰਧ ਰੱਖਦਾ ਹੈ। ਗੁਰੂ ਨਾਨਕ ਨੇ ਇਸ ਵਿਚਾਰ ਨੂੰ ਬਾਰ ਬਾਰ ਦੁਹਰਾ ਕੇ ਲੋਕਾਂ ਦੇ ਜੀਵਨ ਵਿਚ ਰਚਾਇਆ:

(ੳ) ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ।।[21]

(ਅ) ਮੰਨੈ ਤਰੈ ਤਾਰੇ ਗੁਰਸਿਖੁ[22]

ਉਸ ਸਮੇਂ ਸਮਾਜ ਊਚ ਨੀਚ ਵਿਚ ਵੰਡਿਆ ਹੋਇਆ ਸੀ। ਮਾਨਵਤਾ ਬੁਰੀ ਤਰ੍ਹਾਂ ਹੀਣਤਾ ਦੇ ਭਾਰ ਥੱਲੇ ਦਬੀ ਹੋਈ ਸੀ। ਗੁਰੂ ਨਾਨਕ ਨੇ ਉਸ ਸਮੇਂ ਭਾਰਤੀ ਮਜ਼ਹਬਾਂ ਅਤੇ ਸੰਪਰਦਾਵਾਂ ਦੀਆਂ ਬੇਜਾਨ ਰਸਮਾਂ, ਬੰਦਸ਼ਾਂ ਅਤੇ ਜਾਤਾਂ ਵਿਚ ਊਚ ਨੀਚ ਦੇ ਫਰਕ ਅਤੇ ਈਰਖਾ ਭਾਵ ਨੂੰ ਮਨੁੱਖੀ ਗੁਣਾਂ ਦੀ ਸਰਬ ਸ੍ਰੇਸ਼ਟਤਾ ਦੇ ਆਧਾਰ ਤੇ ਮੇਟਣ ਅਥਵਾ ਘੱਟ ਕਰਨ ਲਈ ਘਾਲਣਾ ਕੀਤੀ। ਗੁਰੂ ਨਾਨਕ ਨੇ ਜਨ ਸਾਧਾਰਣ ਨੂੰ ਮਾਨਵਤਾ ਦੀ ਇੱਜਤ ਸਮਝਾਣ ਲਈ 'ਸੰਗਤ ਤੇ ਪੰਗਤ' ਦੀ ਪ੍ਰਥਾ ਸ਼ੁਰੂ ਕੀਤੀ ਤੇ ਵਿਸ਼ਵ ਭਾਈਚਾਰੇ ਦੇ ਹੱਕ ਵਿਚ ਆਵਾਜ਼ ਉਠਾਈ:

ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ।
ਜਿਨ੍ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ।।[23]

ਗੁਰੂ ਨਾਨਕ ਨੇ ਮਾਨਵਵਾਦ ਨਾਲ ਸਾਰੀ ਮਾਨਵਤਾ ਨੂੰ ਇਕ ਸੂਤਰ ਵਿਚ ਪਰੋਇਆ। ਗੁਰੂ ਨਾਨਕ ਮਾਨਵ ਜੀਵਨ ਦੀ ਵਾਸਤਵਿਕਤਾ ਨੂੰ ਸਵੀਕਾਰ ਕਰਦੇ ਹਨ:

Sri Satguru Jagjit Singh Ji eLibrary NamdhariElibrary@gmail.com

ਮਾਨਸ ਜਨਮੁ ਦੁਲੰਭੁ ਗੁਰਮੁਖਿ ਪਾਇਆ।।[24]

ਗੁਰੂ ਨਾਨਕ ਨੇ ਕਰਮਾਂ ਦੀ ਪਵਿਤਰਤਾ, ਭਾਵਨਾ ਦੀ ਸਚਾਈ, ਈਮਾਨਦਾਰੀ ਅਤੇ ਦੂਜਿਆਂ ਦੀ ਭਲਾਈ ਦੇ ਕਾਰਜਾਂ ਉਤੇ ਜ਼ੋਰ ਦਿੱਤਾ ਹੈ। ਇਨ੍ਹਾਂ ਸ਼ੁਭ ਗੁਣਾਂ ਨੂੰ ਅਪਣਾ ਕੇ ਅਤੇ ਹਉਮੈ , ਤੰਗ ਦਿਲੀ ਅਤੇ ਫੋਕੇ ਕਰਮ ਕਾਂਡਾਂ ਤੋਂ ਮੁਕਤ ਹੋ ਕੇ ਹੀ 'ਏਕ ਪਿਤਾ ਏਕਸ ਕੇ ਹਮ ਬਾਰਿਕ' ਤੇ ਸਰਬ ਮਨੁੱਖ ਜਾਤੀ ਨੂੰ ਏਕਤਾ ਦੇ ਸੂਤਰ ਵਿਚ ਪਰੋਇਆ ਜਾ ਸਕਦਾ ਹੈ।

ਗੁਰੂ ਨਾਨਕ ਨੇ ਮਾਨਵ ਦੀ ਹੋਂਦ ਨੂੰ ਯਥਾਰਥਕ ਧਰਾਤਲ ਤੇ ਕਿਵੇਂ ਸਵੀਕਾਰ ਕੀਤਾ ਹੈ? ਡਾ. ਜਗਬੀਰ ਸਿੰਘ ਅਨੁਸਾਰ:

> ਮਾਨਵ ਦਾ ਤੱਤ ਆਤਮਾ ਹੈ ਅਤੇ ਆਤਮਾ ਪਰਮਾਤਮਾ ਵਿਚ ਕੋਈ ਅੰਤਰ ਨਹੀਂ, ਇਹ ਕਹਿਣ ਨਾਲ ਮਾਨਵ ਜੀਵਨ ਦੀ ਸਾਰਥਕਤਾ ਨਿਸ਼ਚਿਤ ਨਹੀਂ ਹੁੰਦੀ, ਮਾਨਵ ਭਾਵੇਂ ਨਿਰਾ ਸਰੀਰ ਨਹੀਂ ਹੈ ਪਰ ਸਰੀਰ ਤੋਂ ਬਿਨਾਂ ਆਤਮਾ ਕੇਵਲ ਇਕ ਸੰਕਲਪ ਹੀ ਜਾਪਦਾ ਹੈ। ਜਾਂ ਇਉਂ ਕਿਹਾ ਜਾ ਸਕਦਾ ਹੈ ਕਿ ਆਤਮਾ ਮਾਨਵ ਦੀ ਸੰਭਾਵਨਾ ਹੈ ਜਦ ਕਿ ਸਰੀਰ ਅਤੇ ਇਸਦੇ ਹੋਰ ਸਾਰੇ ਮਾਨਸਿਕ ਪੱਖ ਇਸਦੀ ਵਾਸਤਵਿਕਤਾ '(Actuality ) ਮਾਨਵ ਜੀਵਨ ਇਸ ਵਾਸਤਵਿਕਤਾ ਅਤੇ ਸੰਭਾਵਨਾ ਦਾ ਸਮਨਵੈ ਜਾਪਦਾ ਹੈ। ਵਾਸਤਵਿਕਤਾ ਨੂੰ ਸਵੀਕਾਰ ਕਰਕੇ, ਉਸ ਵਿਚੋਂ ਲੰਘ ਕੇ ਹੀ ਸੰਭਾਵਨਾ ਦੇ ਜਗਤ ਦੀ ਪ੍ਰਾਪਤੀ ਹੋ ਸਕਦੀ ਹੈ।[25]

ਗੁਰੂ ਨਾਨਕ ਦਾ ਮਾਨਵਵਾਦ ਰੂਹਾਨੀ ਹੈ। ਇਹ ਮਨੁੱਖ ਨੂੰ ਆਪਣੇ ਅੰਦਰੋਂ ਹੰਕਾਰ ਖਤਮ ਕਰਨ ਲਈ ਪ੍ਰੇਰਨਾਂ ਦਿੰਦਾ ਹੈ ਕਿਉਂਕਿ ਹੰਕਾਰ ਨਾਲ ਈਰਖਾ ਭਾਵ ਪੈਦਾ ਹੁੰਦਾ ਹੈ । ਜੋ ਮਾਨਵ ਵਾਦ ਦੇ ਉਲਟ ਹੈ। ਸੇਵਾ। ਸਤਿ ਸੰਗਤ, ਹਰੀ ਕੀਰਤਨ ਤੇ ਸਿਮਰਨ ਸਾਡੇ ਅੰਦਰੋਂ ਹਉਮੈ ਦੂਰ ਕਰਦੀ ਹੈ।

www.archive.org/details/namdhari



ਗੁਰੂ ਨਾਨਕ ਦਾ ਮਾਨਵਵਾਦ ਜਾਤ-ਪਾਤ ਦੇ ਭੇਦ ਮਿਟਾ ਕੇ ਏਕਤਾ ਦਾ ਪ੍ਰਸਾਰ ਕਰਦਾ ਹੈ। ਜਾਤ ਪਾਤ ਦੇ ਆਧਾਰ ਤੇ ਕਿਸੇ ਵਿਅਕਤੀ ਦਾ ਅਪਮਾਨ ਕਰਨਾ ਅਮਾਨਵੀ ਕਰਮ ਹੈ। ਜਦੋਂ ਪਰਮਾਤਮਾ ਇਕ ਹੈ ਉਸਦੀ ਜੋਤ ਹਰ ਪ੍ਰਾਣੀ ਵਿਚ ਵਿਦਮਾਨ ਹੈ ਫਿਰ ਕੋਈ ਉਚਾ ਨੀਵਾਂ ਕਿਸ ਤਰ੍ਹਾਂ ਹੋ ਸਕਦਾ ਹੈ?

ਸਚਾ ਸਾਹਿਬ ਏਕ ਤੂੰ ਜਿਨਿ ਸਚੋ ਸਚੁ ਵਰਤਾਇਆ।[26]

ਮਨੁੱਖ ਨੂੰ ਇਸ ਜਨਮ ਵਿਚ ਮਾਨਵਵਾਦੀ ਕਰਮ ਕਰਨੇ ਚਾਹੀਦੇ ਹਨ ਤਾਂਹੀ ਉਸ ਨੂੰ ਈਸ੍ਵਰ ਦੀ ਪ੍ਰਾਪਤੀ ਹੁੰਦੀ ਹੈ ਅਤੇ ਉਸਦਾ ਪਰਲੋਕ ਵੀ ਸੁਧਰਦਾ ਹੈ । ਗੁਰੂ ਨਾਨਕ ਦੇ ਮਾਨਵਵਾਦ ਦੀ ਸਰਬਕਾਲੀ ਅਹਿਮੀਅਤ ਹੈ।

ਸਮੁੱਚੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਗੁਰੂ ਨਾਨਕ ਰਹੱਸਵਾਦੀ ਹੁੰਦੇ ਹੋਏ ਵੀ ਮਾਨਵਵਾਦੀ ਸਨ। ਉਹਨਾਂ ਨੇ ਜਗੀਰਦਾਰੀ ਕੀਮਤਾਂ ਦੀ ਨਿਖੇਧੀ ਕਰਕੇ ਮਾਨਵਵਾਦੀ ਕੀਮਤਾਂ ਦਾ ਸਮਰਥਨ ਕੀਤਾ ਅਤੇ ਸਰਬ ਸਾਂਝੇ ਧਰਮ ਦੀ ਆਵਾਜ਼ ਉਠਾਈ। ਸਮੂਹ ਪ੍ਰਾਣੀ ਮਾਤਰ ਦਾ ਕਲਿਆਣ ਉਹਨਾਂ ਦਾ ਉਦੇਸ਼ ਸੀ। ਗੁਰੂ ਸਾਹਿਬ ਨੇ ਲੋਕਾਂ ਦੇ ਮਨਾਂ ਵਿਚੋਂ ਰਾਜਿਆਂ ਦੀ ਦਹਿਸ਼ਤ ਅਤੇ ਪੁਰੋਹਤ ਵਰਗ ਦੇ ਕਰਮ ਕਾਂਡਾਂ ਦਾ ਭੈ ਉਤਾਰਿਆ।

ਗੁਰੂ ਸਾਹਿਬ ਦੇ ਮਾਨਵਵਾਦੀ ਦ੍ਰਿਸ਼ਟੀਕੋਣ ਦਾ ਇਕ ਮਹੱਤਵਪੂਰਨ ਪੱਖ ਇਹ ਹੈ ਕਿ ਆਪਣੀ ਬਾਣੀ ਵਿਚ ਉਹਨਾਂ ਨੇ ਇਹ ਦੱਸਿਆ ਕਿ ਸਭ ਮਾਨਵ ਵਿਰੋਧੀ ਪੱਖ ਜਿਵੇਂ ਰਾਜੇ, ਹਾਕਮ ਪੰਡਤ, ਪੁਰੋਹਤ, ਮੁੱਲਾਂ, ਕਾਜੀ ਅਤੇ ਉਹਨਾਂ ਦੇ ਖੜੇ ਕੀਤੇ ਸੁਚ ਛਿਟ ਰੀਤਾਂ, ਮਰਿਆਦਾਂ, ਜਾਂ ਆਡੰਬਰ ਸਧਾਰਣ ਮਨੁੱਖਾਂ ਨੂੰ ਭੈ ਭੀਤ ਕਰਨ ਦੀਆਂ ਚਾਲਾਕ ਮਨੁੱਖਾਂ ਦੀਆਂ ਘੜੀਆਂ ਘਾੜਤਾਂ ਹਨ। ਇਹ ਮੂਲ ਰੂਪ ਵਿਚ ਪੁਰੋਹਤ ਵਰਗ ਦੀਆਂ ਸੁਆਰਥ ਹਿਤ ਸਿਰਜਿਤ ਕਿਰਤਾਂ ਹਨ ਤੇ ਸਮੇਂ ਸਥਾਨ ਅਨੁਸਾਰ ਇਨ੍ਹਾਂ ਵਿਚ ਪਰਿਵਰਤਨ ਕੀਤਾ ਜਾ ਸਕਦਾ ਹੈ। ਇਸ ਵਿਚਾਰ-ਧਾਰਾ ਦੀ ਕ੍ਰਾਂਤੀਕਾਰੀ ਪੱਖਇਹ ਹੈ ਕਿ ਗੁਰੂ ਨਾਨਕ ਨੇ ਇਨ੍ਹਾਂ ਸਭ ਘਾੜਤਾਂ ਦੇ ਪਾਖੰਡ ਨੂੰ ਉਘਾੜਿਆ ਅਤੇ ਲੋਕਾਂ ਦੇ ਮਨਾਂ ਨੂੰ ਇਨ੍ਹਾਂ ਦੇ ਭੈ ਤੋਂ ਮੁਕਤ ਕੀਤਾ ਤਾਂ ਜੋ ਸੁਤੰਤਰ ਹੋ ਕੇ

Sri Satguru Jagjit Singh Ji eLibrary NamdhariElibrary@gmail.com

ਆਪਣੀ ਰਚਨਾਤਮਕ ਪ੍ਰਵਿਰਤੀਆਂ ਨੂੰ ਵਰਤ ਕੇ ਆਪਣੇ ਪ੍ਰਭੂ ਦੀ ਪ੍ਰਾਪਤੀ ਕਰ ਸਕਣ।

(ੲ) ਸਮਾਜਕ ਨੈਤਿਕਤਾ ਅਨੈਤਿਕਤਾ :

ਨੈਤਿਕਤਾ ਮਨੁੱਖੀ ਵਿਚਾਰ ਸਦ ਵਿਵਹਾਰ ਦੀ ਮਰਿਆਦਾ ਹੁੰਦੀ ਹੈ। ਮਨੁੱਖ ਮਨੁੱਖ ਨੂੰ ਬਰਾਬਰ ਸਮਝਦਾ ਹੈ। ਉਹ ਕਿਸੇ ਮਨੁੱਖ ਨਾਲ ਕਿਸੇ ਆਧਾਰ ਤੇ ਵਿਤਕਰਾ ਨਹੀਂ ਕਰਦਾ। ਨੈਤਿਕਤਾ ਤੋਂ ਭਾਵ ਮਨੁੱਖ ਨਾਲ ਨਿਮਰਤਾ ਨਾਲ ਪੇਸ਼ ਆਉਣਾ ਅਤੇ ਮਨ ਵਿਚ ਦਯਾ ਭਾਵਨਾ ਰਖਣੀ ਹੈ।

ਨੈਤਿਕਤਾ ਦਾ ਸੰਬੰਧ ਮਨੁੱਖ ਦੀਆਂ ਇਖਲਾਕੀ ਕਦਰਾਂ ਕੀਮਤਾਂ ਨਾਲ ਹੁੰਦਾ ਹੈ। ਮਨੁੱਖ ਵਲੋਂ ਉਸ ਦੇ ਸਮਾਜ ਵਿਚਲੇ ਨਾਂਹ ਵਾਚਕ ਤ੍ਰਿਸਕਾਰਤ ਕਰਮਾਂ ਨੂੰ ਛਡ ਕੇ ਹਾਂ ਵਾਚਕ ਸਨਮਾਨਤ ਕਰਮਾਂ ਨੂੰ ਗ੍ਰਹਿਣ ਕਰਨਾ ਹੀ ਨੈਤਿਕਤਾ ਹੈ।

ਨੈਤਿਕਤਾ ਸੰਸਕ੍ਰਿਤ ਦੇ ਸ਼ਬਦ 'ਨੀਤਿ' ਦਾ ਵਿਕਸਿਤ ਰੂਪ ਹੈ, ਜੋ 'ਨੀ' ਧਾਤੂ ਤੋਂ ਬਣਿਆ ਹੈ ਇਸ ਦੇ ਪ੍ਰਧਾਨ ਅਰਥ ਹਨ ਲੈ ਜਾਣਾ ਜਾਂ ਅਗਵਾਈ ਕਰਨਾ ਅਰਥਾਤ ਜੋ ਮਨੁੱਖ ਦੀ ਜੀਵਨ ਵਿਚ ਅਗਵਾਈ ਕਰੇ ਜਾਂ ਉਸ ਨੂੰ ਕਿਸੇ ਆਦਰਸ਼ ਪ੍ਰਾਪਤੀ ਵਲ ਲੈ ਜਾਵੇ ਉਹ ਨੈਤਿਕਤਾ ਆਖੀ ਜਾ ਸਕਦੀ ਹੈ।[27]

ਨੈਤਿਕਤਾ ਲਈ ਵਰਤੇ ਜਾਂਦੇ ਸ਼ਬਦ ਸਦਾਚਾਰ ਤੋਂ ਭਾਵ ਹੈ ਚੰਗਾ ਆਚਾਰ ਜਾਂ ਨੇਕ ਚਲਨ।[28] ਇਸ ਨੂੰ ਚੰਗਿਆਈ ਅਤੇ ਆਦਰਸ਼ ਦਾ ਵਿਗਿਆਨ ਵੀ ਕਿਹਾ ਗਿਆ ਹੈ।

ਨੈਤਿਕਤਾ ਬਾਰੇ ਅਵਤਾਰ ਸਿੰਘ ਲਿਖਦੇ ਹਨ:

(ੳ) ਸਿਖਾਂ ਦੇ ਸਦਾਚਾਰ ਨੂੰ ਸਮਝਣ ਲਈ ਚੰਗਿਆਈ ਬੁਰਾਈ, ਠੀਕ ਤੇ ਗਲਤ ਦੇ ਉਸ ਸਿਧਾਂਤ ਨੂੰ ਸਵੀਕਾਰ ਕਰਨਾ ਪਵੇਗਾ ਜਿਹੜਾ ਗੁਰੂ ਨਾਨਕ ਦੇਵ ਤੇ ਦੂਜੇ ਸਿਖ ਗੁਰੂਆਂ ਦੀਆਂ ਸਿਖਿਆਵਾਂ ਵਿਚ ਉਪਲਬਧ ਹੈ। ਇਹ ਸਿਧਾਂਤ ਸਿਖਾਂ ਦੇ ਮੂਲ ਗ੍ਰੰਥ 'ਆਦਿ ਗ੍ਰੰਥ' ਵਿਚ ਸੰਚਿਤ ਹਨ।[29]

Sri Satguru Jagjit Singh Ji eLibrary NamdhariElibrary@gmail.com

(ਅ) ਸਿਖਾਂ ਦੇ ਸਦਾਚਾਰ ਨੂੰ ਵਿਸਤ੍ਰਿਤ ਸ਼ਬਦਾਂ ਵਿਚ ਮਨੁੱਖੀ ਆਚਾਰ ਵਿਚ ਕਦਰਾਂ ਦੇ ਉਸ ਸਿਧਾਂਤ ਵਜੋਂ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ ਜਿਹੜੇ 'ਆਦਿ ਗ੍ਰੰਥ' ਵਿਚ ਉਪਲਬਧ ਹਨ ਅਤੇ ਉਹ ਜੀਵਨ ਅਸੂਲ ਵੀ ਜਿਹੜੇ ਇਹਨਾਂ ਦੀ ਭਾਵਨਾ ਦੇ ਉਲਟ ਨਹੀਂ ਹਨ।[30]

ਉਂਝ ਗੁਰੂ ਸਾਹਿਬ ਦੀ ਸਾਰੀ ਬਾਣੀ ਹੀ ਨੈਤਿਕਤਾ ਹੈ ਪਰ 'ਆਸਾ ਦੀ ਵਾਰ' ਮਨੁੱਖ ਨੂੰ ਅੰਦਰੂਨੀ ਅਤੇ ਬਾਹਰੀ ਤੌਰ ਤੇ ਸ਼ੁਧ ਬਣਨ ਲਈ ਪ੍ਰੇਰਨਾ ਦਿੰਦੀ ਹੈ। ਸੋਹਣ ਸਿੰਘ ਅਨੁਸਾਰ 'ਆਸਾ ਦੀ ਵਾਰ' ਮਨੁੱਖਾਂ ਨੂੰ ਉਨ੍ਹਾਂ ਦੀ ਆਤਮਿਕ ਨੀਂਦ ਤੋਂ ਜਗਾਉਣ ਦਾ ਇਕ ਸਾਧਨ ਹੈ।[31]

ਸੋਹਣ ਸਿੰਘ ਨੇ ਆਪਣੀ ਪੁਸਤਕ 'ਦੀ ਬੈਲਡ ਆਫ਼ ਗਾਡ ਐਂਡ ਮੈਨ' ਨੂੰ ਪੰਜ ਹਿੱਸਿਆਂ ਵਿਚ ਵੰਡਿਆ ਹੈ। ਤੀਸਰੇ ਭਾਗ ਦੀਆਂ 13 ਤੋਂ 20 ਪਉੜੀਆਂ ਸਮਾਜਕ ਗਿਰਾਵਟ ਦੇ ਚਾਰ ਪੜਾਵਾਂ ਵਿਚਲੇ ਸਮਾਨਯ ਸਿਧਾਂਤ ਨਾਲ ਆਰੰਭ ਹੁੰਦੀਆਂ ਹਨ। ਪ੍ਰਤਿਸ਼ਠਾ ਜਿਹੜੀ ਇਨ੍ਹਾਂ ਵਿਕਾਰਾਂ ਦੇ ਸੰਵਾਰੇ ਹੋਏ ਬਾਹਰੀ ਰੂਪ ਦਾ ਕੰਮ ਕਰਦੀ ਹੈ, ਨੂੰ ਦਰਸਾਉਣ ਲਈ, ਤਦ ਇਹ ਪਉੜੀਆਂ ਅੰਤਿਮ ਪੜਾਅ ਵਿਚਲੇ ਵਿਕਾਰਾਂ ਦਾ ਵਰਨਣ ਕਰਦੀਆਂ ਹਨ। ਗੁਰੂ ਨਾਨਕ ਦੇਵ ਨੇ ਇਥੇ ਪ੍ਰਤਿਨਿਧ ਵਿਕਾਰਾਂ ਦੀ ਵਿਆਖਿਆ ਕੀਤੀ ਹੈ, ਜਿਹੜੇ ਭਾਵੇਂ ਆਪਣੇ ਸਮੇਂ ਦੇ ਸੰਦਰਭ ਵਿਚ ਹੀ ਦਸੇ ਹਨ, ਪਰੰਤੂ ਉਹ ਅੱਜ ਵੀ ਪ੍ਰਚਲਤ ਹਨ, ਬਾਸ਼ਰਤੇ ਸਾਡੇ ਕੋਲ ਉਨ੍ਹਾਂ ਨੂੰ ਵੇਖਣ ਲਈ ਅਖਾਂ ਹੋਣ। 20ਵੀਂ ਪਉੜੀ ਵਾਰ ਦੇ ਤੀਸਰੇ ਭਾਗ ਤੇ ਸਿਖਰੀ ਪੱਥਰ ਦੀ ਵਿਸ਼ੇਸ਼ਤਾ ਰਖਦੀ ਹੈ।[32]

ਗੁਰੂ ਸਾਹਿਬ ਦੀ ਆਮਦ ਹੀ ਉਸ ਸਮੇਂ ਹੋਈ ਜਦੋਂ ਪਾਖੰਡ ਅਤੇ ਭੇਖ ਆਪਣੇ ਪੂਰੇ ਜੋਰਾਂ ਤੇ ਸੀ। ਸਮਾਜ ਦੇ ਹਰ ਖੇਤਰ ਵਿਚ ਅਨੈਤਿਕਤਾ ਦਾ ਬੋਲਬਾਲਾ ਸੀ। ਨੇਕੀ ਅਤੇ ਸਦਾਚਾਰ ਕਿਧਰੇ ਨਜ਼ਰ ਨਹੀਂ ਸੀ ਆਉਂਦਾ ਉਸ ਸਮੇਂ ਗੁਰੂ ਸਾਹਿਬ ਨੇ ਲੋਕਾਈ ਨੂੰ ਉੱਚਤਾ ਵੱਲ ਲੈ ਜਾਣ ਲਈ 'ਆਸਾ ਦੀ ਵਾਰ' ਰਚੀ।

Sri Satguru Jagjit Singh Ji eLibrary NamdhariElibrary@gmail.com

'ਆਸਾ ਦੀ ਵਾਰ' ਵਿਚ ਨੈਤਿਕਤਾ ਅਨੈਤਿਕਤਾ ਦਾ ਮੰਤਵ ਗੁਰੂ ਸਾਹਿਬ ਨੇ ਉਸ ਸਮੇਂ ਸਮਾਜ ਵਿਚ ਪ੍ਰਚਲਤ ਕਰਮ-ਕਾਂਡਾਂ, ਰਸਮਾਂ-ਰੀਤਾਂ ਜਿਨ੍ਹਾਂ ਵਿਚ ਤਤਕਾਲੀਨ ਲੋਕਾਈ ਗ੍ਰਸਤ ਸੀ, ਨੂੰ ਤਿਆਗਣ ਦਾ ਉਪਦੇਸ਼ ਦਿਤਾ ਅਤੇ ਨੈਤਿਕ ਗੁਣਾਂ ਨੂੰ ਅਪਨਾਉਣ ਲਈ ਕਿਹਾ।

ਗੁਰੂ ਨਾਨਕ ਅਨੁਸਾਰ ਅਨੈਤਿਕ ਜਾਂ ਮੰਦੇ ਕਰਮ ਦੁਖ ਦਾ ਕਾਰਣ ਬਣਦੇ ਹਨ ਅਤੇ ਇਸ ਤੋਂ ਉਲਟ ਨੈਤਿਕਤਾ ਬੰਧਨ ਤੋਂ ਮੁਕਤ ਕਰਦੀ ਹੈ।

ਤਤਕਾਲੀਨ ਸਮਾਜ ਵਿਚ ਲੋਕ ਭੌਤਿਕ ਤੇ ਪਦਾਰਥਕ ਲੋੜਾਂ ਦੀ ਪੂਰਤੀ ਲਈ ਕਈ ਤਰ੍ਹਾਂ ਦੇ ਅਨੈਤਿਕ ਕਾਰਜ ਕਰ ਰਹੇ ਸਨ। ਉਸ ਸਮੇਂ ਗੁਰੂ ਅਤੇ ਚੇਲੇ ਦੇ ਸੰਬੰਧ ਮਖੌਲ ਬਣ ਕੇ ਰਹਿ ਗਏ ਸਨ। ਗੁਰੂ ਸਾਹਿਬ ਨੇ ਅਜਿਹੇ ਪਾਖੰਡੀ ਲੋਕਾਂ ਦੇ ਅਨੈਤਿਕ ਕੰਮਾਂ ਦੀ 'ਆਸਾ ਦੀ ਵਾਰ' ਵਿਚ ਜ਼ੋਰਦਾਰ ਸ਼ਬਦਾਂ ਵਿਚ ਨਿੰਦਾ ਕੀਤੀ ਹੈ:

ਵਾਇਨਿ ਚੇਲੇ ਨਚਨਿ ਗੁਰ॥
ਪੈਰ ਹਲਾਇਨਿ ਫੇਰਨਿ ਸਿਰ॥
ਉਡਿ ਉਡਿ ਰਾਵਾ ਝਾਟੈ ਪਾਇ॥
ਵੇਖੈ ਲੋਕੁ ਹਸੈ ਘਰਿ ਜਾਇ॥
ਰੋਟੀਆ ਕਾਰਣਿ ਪੂਰਹਿ ਤਾਲ॥
ਆਪੁ ਪਛਾੜਹਿ ਧਰਤੀ ਨਾਲਿ॥[33]

ਉਸ ਸਮੇਂ ਲੋਕਾਂ ਨੂੰ ਰੋਟੀ ਦੀ ਪ੍ਰਾਪਤੀ ਲਈ ਬੜੇ ਪਾਖੰਡਾਂ ਅਤੇ ਕਪਟਾਂ ਦਾ ਸਹਾਰਾ ਲੈਣਾ ਪੈਂਦਾ ਸੀ। ਰਾਸ-ਧਾਰੀਏ ਰਾਸਾਂ ਪਾਉਂਦੇ ਬਜ਼ਾਰ ਵਿਚ ਤਮਾਸ਼ਾ ਦਿਖਾਉਂਦੇ ਸਨ। ਰਜੇ ਰਾਣੀਆਂ ਦੇ ਸਵਾਂਗ ਭਰਦੇ ਤੇ ਮੂੰਹੋਂ ਗੁਰੂ ਗਿਆਨ ਦੀਆਂ ਗੱਲਾਂ ਕਰਦੇ ਸਨ:

ਬਾਜਾਰੀ ਬਾਜਾਰ ਮਹਿ

ਆਇ ਕਢਹਿ ਬਾਜਾਰ।।

ਗਾਵਹਿ ਰਾਜੇ ਰਾਣੀਆ

ਬੋਲਹਿ ਆਲ ਪਤਾਲ।।[34]

ਉਸ ਸਮੇਂ ਬ੍ਰਾਹਮਣ ਬ੍ਰਹਮ ਗਿਆਨ ਤੋਂ ਸੱਖਣੇ ਅੰਦਰੋਂ ਮਲੀਨ ਤੇ ਬਾਹਰੋਂ ਕੁਲੀਨ ਜਾਪਦੇ ਸਨ। ਗੁਰੂ ਨਾਨਕ ਨੇ 'ਆਸਾ ਦੀ ਵਾਰ' ਵਿਚ ਉਨ੍ਹਾਂ ਬ੍ਰਾਹਮਣਾਂ ਦੀ ਅਨੈਤਿਕਤਾ ਦੀ ਤਸਵੀਰ ਇਸ ਤਰ੍ਹਾਂ ਪ੍ਰਗਟਾਈ ਹੈ:

ਮਥੈ ਟਿਕਾ ਤੇੜਿ ਧੋਤੀ ਕਖਾਈ।।

ਹਥਿ ਛੁਰੀ ਜਗਤ ਕਾਸਾਈ।।[35]

ਗੁਰੂ ਸਾਹਿਬ ਅਨੁਸਾਰ ਮਨੁੱਖ ਨੂੰ ਪ੍ਰਭੂ ਪ੍ਰਾਪਤੀ ਲਈ ਪਾਖੰਡਾਂ ਨੂੰ ਛੋੜ ਕੇ ਸੁਚਤਾ ਰੂਪੀ ਨੈਤਿਕ ਗੁਣ ਨੂੰ ਅਪਨਾਉਣਾ ਚਾਹੀਦਾ ਹੈ ਤਾਂ ਹੀ ਪਰਮਾਤਮਾ ਦੀ ਪ੍ਰਾਪਤੀ ਸੰਭਵ ਹੈ:

ਛੋਡੀਲੇ ਪਾਖੰਡਾ।। ਨਾਮਿ ਲਇਐ ਜਾਹਿ ਤਰੰਦਾ।।[36]

ਮਨੁੱਖ ਨੂੰ ਝੂਠ ਨੂੰ ਤਿਆਗ ਕੇ ਸੱਚ ਨੂੰ ਅਪਨਾਉਣਾ ਚਾਹੀਦਾ ਹੈ। ਝੂਠ ਦਾ ਬੋਲਬਾਲਾ ਵਕਤੀ ਹੈ ਓੜਕ ਸੱਚ ਦੀ ਹੀ ਜਿਤ ਹੋਣੀ ਹੈ। ਇਸ ਵਾਰ ਅਨੁਸਾਰ ਸੱਚਾ ਸੁੱਚਾ ਮਨੁੱਖ ਹੀ ਪ੍ਰਭੂ ਦੇ ਦਰ ਤੇ ਪ੍ਰਵਾਨ ਹੈ:

ਉਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ।।[37]

ਤਤਕਾਲੀਨ ਸਮਾਜ ਹਉਮੈ ਵਿਚ ਜਕੜਿਆ ਹੋਇਆ ਸੀ ਹਉਮੈ ਤੋਂ ਭਾਵ 'ਮੈਂ' ਹਾਂ ਦਾ ਪ੍ਰਗਟਾਵਾ। ਸੰਸਾਰਕ ਪੁਰਖ ਤੇ ਸਾਰੇ ਕਾਰਜ ਅਹੰਕਾਰ ਵਿਚ ਹੋਇਆ ਕਰਦੇ ਹਨ। ਜਨਮ-ਮਰਣ, ਲੈਣ-ਦੇਣ, ਲਾਭ ਹਾਨੀ, ਸੱਚ-ਝੂਠ, ਪਾਪ-ਪੁੰਨ, ਨਰਕ ਸੁਰਗ, ਹੱਸਣਾ-ਰੋਣਾ,

54-1089
PANJAB UNIVERSITY LIBRARY

ਪਵਿਤਰਤਾ-ਅਪਵਿਤਰਤਾ, ਜਾਤ-ਪਾਤ, ਗਿਆਨ-ਅਗਿਆਨ, ਬੰਧਨ-ਮੋਖ ਆਦਿ ਸਭ ਹਉਮੈ ਰਾਹੀਂ ਹੁੰਦੇ ਹਨ। ਗੁਰੂ ਨਾਨਕ ਨੇ 'ਆਸਾ ਦੀ ਵਾਰ' ਵਿਚ ਇਸਦਾ ਸੁੰਦਰ ਚਿਤਰ ਦਰਸਾਇਆ ਹੈ:

ਹਉ ਵਿਚਿ ਆਇਆ ਹਉ ਵਿਚਿ ਗਇਆ ।।
ਹਉ ਵਿਚਿ ਜੰਮਿਆ ਹਉ ਵਿਚਿ ਮੁਆ।।
ਹਉ ਵਿਚਿ ਦਿਤਾ ਹਉ ਵਿਚਿ ਲਇਆ।।
ਹਉ ਵਿਚਿ ਖਟਿਆ ਹਉ ਵਿਚਿ ਗਇਆ।
ਹਉ ਵਿਚਿ ਸਚਿਆਰੁ ਕੂੜਿਆਰੁ।।
ਹਉ ਵਿਚਿ ਪਾਪ ਪੁੰਨ ਵੀਚਾਰੁ।।
ਹਉ ਵਿਚਿ ਨਰਕਿ ਸੁਰਗਿ ਅਵਤਾਰੁ।।
ਹਉ ਵਿਚਿ ਹਸੈ ਹਉ ਵਿਚਿ ਰੋਵੈ।।
ਹਉ ਵਿਚਿ ਭਰੀਐ ਹਉ ਵਿਚਿ ਧੋਵੈ।।
ਹਉ ਵਿਚਿ ਜਾਤੀ ਜਿਨਸੀ ਖੋਵੈ।।
ਹਉ ਵਿਚਿ ਮੂਰਖੁ ਹਉ ਵਿਚਿ ਸਿਆਣਾ।।
ਮੋਖ ਮੁਕਤਿ ਕੀ ਸਾਰ ਨ ਜਾਣਾ।।
ਹਉ ਵਿਚਿ ਮਾਇਆ ਹਉ ਵਿਚਿ ਛਾਇਆ।।
ਹਉਮੈ ਕਰਿ ਕਰਿ ਜੰਤ ਉਪਾਇਆ।।
ਹਉਮੈ ਬੂਝੈ ਤਾ ਦਰੁ ਸੂਝੈ।।
ਗਿਆਨ ਵਿਹੂਣਾ ਕਥਿ ਕਥਿ ਲੂਝੈ।।
ਨਾਨਕ ਹੁਕਮੀ ਲਿਖੀਐ ਲੇਖੁ।।
ਜੇਹਾ ਵੇਖਹਿ ਤੇਹਾ ਵੇਖੁ।।[38]

ਇਸ ਲਈ ਗੁਰੂ ਸਾਹਿਬ ਹਉਮੈ ਨੂੰ ਵੱਡਾ ਰੋਗ ਸਮਝਦੇ ਹਨ ਅਤੇ ਨਾਲ ਹੀ ਇਸ ਹਉਮੈ ਨੂੰ ਗੁਰੂ ਸ਼ਬਦ ਦੁਆਰਾ ਦੂਰ ਕਰਨ ਦਾ ਰਾਹ ਵੀ ਦੱਸਦੇ ਹਨ:

ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥
ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ ॥[39]

ਵਿਦਿਆ ਸੰਬੰਧੀ ਅਹੰਕਾਰ ਦਾ ਸੁੰਦਰ ਚਿਤਰ ਇਸ ਵਾਰ ਵਿਚ ਇਸ ਤਰ੍ਹਾਂ ਦਰਸਾਇਆ ਹੈ:

ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ ॥
ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ ॥
ਪੜੀਅਹਿ ਜੇਤੇ ਬਰਸ-ਬਰਸ ਪੜੀਅਹਿ ਜੇ ਤੇ ਮਾਸ ॥
ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ ॥
ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥[40]

ਸੰਤੋਖ ਸਦਾਚਾਰ ਦਾ ਮਹੱਤਵ ਪੂਰਣ ਨੈਤਿਕ ਗੁਣ ਹੈ ਜਿਸ ਰਾਹੀਂ ਮਨੁੱਖ ਅਨੈਤਿਕ ਕੰਮਾਂ ਤੋਂ ਬਚ ਸਕਦਾ ਹੈ। ਆਪ ਸੰਤੋਖੀ ਬਣ ਕੇ ਦੂਸਰਿਆਂ ਦਾ ਭਲਾ ਕਰਨ ਵਾਲਾ ਮਨੁੱਖ ਪ੍ਰਭੂ ਦੀ ਦਰਗਾਹ ਵਿਚ ਮਾਣ ਪ੍ਰਾਪਤ ਕਰਦਾ ਹੈ। ਅਤੇ ਸੰਤੋਖੀ ਪੁਰਖ ਹੀ ਪਰਮਾਤਮਾ ਨੂੰ ਪ੍ਰਾਪਤ ਕਰ ਸਕਦਾ ਹੈ। 'ਆਸਾ ਦੀ ਵਾਰ' ਵਿਚ ਇਸ ਸੰਬੰਧ ਵਿਚ ਗੁਰੂ ਸਾਹਿਬ ਦਾ ਕਥਨ ਹੈ:

ਸੇਵ ਕੀਤੀ ਸੰਤੋਖੀਈ ਜਿਨ੍ਹੀ ਸਚੋ ਸਚੁ ਧਿਆਇਆ ॥
ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥
ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਈ ਥੋੜਾ ਖਾਇਆ ॥
ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ ॥
ਵਡਿਆਈ ਵਡਾ ਪਾਇਆ ॥[41]

ਨਿਮਰਤਾ ਅਤੇ ਮਿਠਾ ਬੋਲਣਾ ਮਨੁੱਖੀ ਆਚਰਣ ਦਾ ਅਲੰਕਾਰ ਹੈ। ਜਿਸ ਮਨੁੱਖ ਵਿਚ ਨਿਮਰਤਾ ਨਹੀਂ, ਉਹ ਮਨੁੱਖ ਕਹਾਉਣ ਦਾ ਹੱਕਦਾਰ ਨਹੀਂ ਪਰ ਨਿਮਰਤਾ ਵਿਖਾਵੇ ਦੀ ਨਹੀਂ ਹੋਣੀ ਚਾਹੀਦੀ ਜਿਵੇਂ ਹਿਰਨ ਨੂੰ ਮਾਰਨ ਵਾਲਾ ਸ਼ਿਕਾਰੀ ਝੁਕ ਕੇ ਧਰਤੀ ਤੇ ਲਗ ਜਾਂਦਾ ਹੈ। 'ਆਸਾ ਦੀ ਵਾਰ' ਵਿਚ ਗੁਰੂ ਨਾਨਕ ਨੇ ਸਿੰਮਲ ਰੁਖ ਦੇ ਪ੍ਰਤੀਕ ਰਾਹੀਂ ਹੰਕਾਰੀ ਮਨੁੱਖ ਦੇ ਲੱਛਣ ਦੱਸ ਕੇ ਮਿਠਤ ਨੂੰ ਸਭ ਗੁਣਾਂ ਦਾ ਨਿਚੋੜ ਦੱਸਿਆ ਹੈ:

ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ॥
ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ॥
ਫਲ ਫਿਕੇ ਫੁਲ ਬਕਬਕੇ ਕੰਮਿ ਨ ਆਵਹਿ ਪਤ॥
ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ॥
ਸਭੁ ਕੋ ਨਿਵੈ ਆਪ ਕਉ ਪਰ ਕਉ ਨਿਵੈ ਨ ਕੋਇ॥
ਧਰਿ ਤਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ॥
ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ॥
ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ॥[42]

ਗੁਰਮੁਖ ਹਮੇਸ਼ਾ ਮਿੱਠਾ ਬੋਲਦੇ ਹਨ। ਫਿਕਾ ਬੋਲਣਾ ਅਨੈਤਿਕ ਕਰਮ ਹੈ। ਕਿਹਾ ਜਾਂਦਾ ਹੈ ਫਿਕਾ ਬੋਲਣ ਵਾਲੇ ਮਨੁੱਖ ਨੂੰ ਪ੍ਰਭੂ ਦੀ ਦਰਗਾਹ ਵਿਚ ਵੀ ਥਾਂ ਨਹੀਂ ਮਿਲਦੀ। ਜੇ ਮਨੁੱਖ ਗੁਰੂ ਦੇ ਸੰਦੇਸ਼ ਨੂੰ ਆਪਣੇ ਜੀਵਨ ਵਿਚ ਅਮਲੀ ਰੂਪ ਦੇ ਲਵੇ ਤਾਂ ਉਸਦਾ ਜੀਵਨ ਮਿਠਾਸ ਭਰਿਆ ਬਣ ਜਾਂਦਾ ਹੈ ਅਤੇ ਪ੍ਰਭੂ ਉਸਦੇ ਅੰਗ ਸੰਗ ਹੁੰਦਾ ਹੈ। ਫਿਕਾ ਬੋਲਣ ਦੇ ਸੰਬੰਧ ਵਿਚ ਗੁਰੂ ਨਾਨਕ ਨੇ ਇਸ ਵਾਰ ਵਿਚ ਇਸ ਤਰ੍ਹਾਂ ਫੁਰਮਾਇਆ ਹੈ:

ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ॥
ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ॥
ਫਿਕਾ ਦਰਗਾਹ ਸਟੀਐ ਮੁਹਿ ਥੁਕਾ ਫਿਕੇ ਪਾਇ॥
ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ॥[43]

Sri Satguru Jagjit Singh Ji eLibrary NamdhariElibrary@gmail.com

ਮਨੁੱਖ ਨੂੰ ਪਰਮਾਤਮਾ ਨੂੰ ਹਾਜਰ ਨਾਜਰ ਜਾਣ ਕੇ ਨੇਕ ਕੰਮ ਕਰਨੇ ਚਾਹੀਦੇ ਹਨ। ਜਦ ਤਕ ਸਮਾਜ ਦੇ ਨੈਤਿਕ ਜੀਵਨ ਵਿਚ ਸੁਧਾਰ ਨਹੀਂ ਹੁੰਦਾ ਤਦ ਤਕ ਮਨੁੱਖ ਕਿਸੇ ਖੇਤਰ ਵਿਚ ਕਾਮਯਾਬੀ ਹਾਸਲ ਨਹੀਂ ਕਰ ਸਕਦਾ। ਮਨੁੱਖ ਨੂੰ ਸਮਾਜ ਵਿਚ ਰਹਿੰਦੇ ਹੋਏ ਮਾਨਵਵਾਦੀ ਕਰਮ ਕਰਕੇ ਬੁਰਾਈਆਂ ਨੂੰ ਦੂਰ ਕਰਕੇ ਸਮਾਜਕ ਨੈਤਿਕਤਾ ਸਥਾਪਿਤ ਕਰਨੀ ਹੈ। ਗੁਰੂ ਸਾਹਿਬ ਨੇ ਸੱਚ ਨਾਲੋਂ ਸੱਚ ਦੀ ਰਹਿਣੀ ਨੂੰ ਉਤਮ ਦੱਸਿਆ ਹੈ:

ਸਚਹੁ ਉਰੈ ਸਭ ਕੋ ਉਪਰ ਸਚ ਆਚਾਰੁ।।[44]

ਨੈਤਿਕਤਾ ਮਨੁੱਖ ਨੂੰ ਤਨ ਮਨ ਸੁਧੀ ਦੁਆਰਾ ਸੱਚ ਵਿਵਹਾਰ ਤੇ ਕੇਂਦਰਿਤ ਕਰਦੀ ਹੋਈ ਨਿੱਜੀ, ਪਰਵਾਰਿਕ, ਸਮਾਜਕ, ਸਮੂਹਿਕ ਜੀਵਨ ਵਿਕਾਸ ਵਲ ਤੋਰਦੀ ਹੈ। ਨੈਤਿਕ ਨਿਯਮ ਮਨੁੱਖ ਦਾ ਸਵੈ-ਮੁਲੰਕਣ ਕਰਦੇ ਹਨ। ਸਵੈ ਦੀ ਪਹਿਚਾਣ, ਸਵੈ-ਸੁਧੀ, ਸਵੈ ਸੰਜਮ, ਸਵੈ-ਉਨਤੀ ਵਲ ਪ੍ਰੇਰਿਤ ਕਰਦੇ ਹਨ। ਮਨੁੱਖ ਮਾਨਵ ਕੀਮਤਾਂ ਪ੍ਰਤੀ ਜਾਗਰੂਕ ਹੋ ਕੇ ਮਾਨਵ ਕੀਮਤਾਂ ਅਪਣਾਉਂਦਾ ਹੈ ਅਤੇ ਇਸੇ ਸਦਕਾ ਵਿਵਹਾਰ ਵਿਚ ਚੰਗੇ ਗੁਣਾਂ ਦਾ ਵਿਕਾਸ ਹੁੰਦਾ ਹੈ। ਮਨੁੱਖੀ ਜੀਵਨ ਵਿਚੋਂ ਕ੍ਰੂਰ ਭਾਵ ਈਰਖਾ, ਦੁਖ ਭ੍ਰਿਸ਼ਟਾਚਾਰ ਤੇ ਭੇਖੀ ਜੀਵਨ ਦਾ ਖਾਤਮਾ ਹੁੰਦਾ ਹੈ। ਮਨੁੱਖ ਪਿਆਰ, ਸੰਜਮ, ਅਹਿੰਸਾ, ਸ਼ਹਿਨਸ਼ੀਲਤਾ ਤੇ ਖਿਮਾਂ ਦਾ ਸਬਕ ਸਿਖਦਾ ਹੈ। ਨੈਤਿਕਤਾ ਨੂੰ ਅਮਲੀ ਤੌਰ ਤੇ ਅਪਣਾ ਕੇ ਹੀ ਸਮਾਜਕ ਨੈਤਿਕਤਾ ਕਾਇਮ ਕੀਤੀ ਜਾ ਸਕਦੀ ਹੈ। ਨਿਜੀ ਜੀਵਨ ਵਿਚ ਨੈਤਿਕਤਾ ਨੂੰ ਅਪਣਾ ਕੇ ਸਮੂਹਿਕ ਨੈਤਿਕਤਾ ਵੱਲ ਕਿਵੇਂ ਵਧਿਆ ਜਾ ਸਕਦਾ ਹੈ? ਨਿਜੀ ਕਲਿਆਣ ਤੋਂ ਸਮੂਹਿਕ ਕਲਿਆਣ ਵੱਲ ਕਿਵੇਂ ਵਧਿਆ ਜਾ ਸਕਦਾ ਹੈ। ਇਸ ਸੰਦਰਭ ਵਿਚ ਵਜੀਰ ਸਿੰਘ ਲਿਖਦੇ ਹਨ:

> ਵਿਅਕਤੀ ਲਈ ਨੈਤਿਕਤਾ ਦਾ ਇਕ ਗੰਭੀਰ ਸੁਨੇਹਾ ਇਹ ਹੈ ਕਿ ਹੋਰਨਾਂ ਨੂੰ ਆਪਣੀ ਸੂਝ ਬੂਝ ਅਨੁਸਾਰ ਜਿਉਣ ਦੇਣਾ ਉਸਦੇ ਆਪਣੇ ਹਿੱਤ ਵਿਚ ਹੈ, ਜਿਸ ਜੀਵਨ ਜਾਚ ਵਿਚ ਸਾਥੀਆਂ ਦੀ ਭਲਾਈ ਤੇ ਪ੍ਰਸੰਨਤਾ ਪਹਿਲੀ ਥਾਂ ਉਤੇ ਹਨ, ਉਹ ਨਰੋਈ

ਤੇ ਪ੍ਰਸੰਨ ਜੀਵਨ-ਜਾਚ ਹੈ । ਵਰਤਮਾਨ ਕੌਮੀ ਤੇ ਕੌਮਾਂਤਰੀ ਜੀਵਨ ਖੋਹਾ-ਖੋਹੀ, ਸੰਕਟ ਅਤੇ ਲੜਾਈ ਦੀਆਂ ਸੰਭਾਵਨਾਵਾਂ ਬੇਸ਼ੱਕ ਮਨੁੱਖਤਾ ਲਈ ਖ਼ਤਰੇ ਅਤੇ ਤੌਖਲੇ ਉਤਪੰਨ ਕਰਦੇ ਹਨ, ਪਰ ਮਨੁੱਖ ਦੀ ਨੈਤਿਕ ਸੂਝ-ਸਿਆਣਪ ਉਨੀ ਹੀ ਦਲੇਰੀ ਨਾਲ ਇਹੁ ਵੰਗਾਰ ਦੇ ਟਾਕਰੇ ਦੀ ਸਮਰੱਥਾ ਪੈਦਾ ਕਰ ਲੈਂਦੀ ਹੈ ਅਤੇ ਉਜਲੇ ਭਵਿੱਖ ਦੀ ਆਸ ਫੇਰ ਲਿਸ਼ਕ ਪੈਂਦੀ ਹੈ।[45]

ਗੁਰੂ ਸਾਹਿਬ ਅਨੁਸਾਰ ਮਨੁੱਖ ਨੂੰ ਨੈਤਿਕ ਕਰਮ ਕਰਨੇ ਹਨ, ਨੇਕ ਰਾਹਾਂ ਤੇ ਚਲਣਾ ਹੈ:

ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ।।[46]

ਮਨੁੱਖ ਨੂੰ ਸਦਾਚਾਰਕ ਆਧਾਰ ਤੇ ਪਵਿੱਤਰਤਾ ਪ੍ਰਾਪਤ ਕਰਨ ਲਈ 'ਹਿਰਦੇ ਸੱਚ' ਵਾਲੀ ਅਵਸਥਾ ਦੀ 'ਆਸਾ ਦੀ ਵਾਰ' ਵਿਚ ਵਧੇਰੇ ਵਿਆਖਿਆ ਕੀਤੀ ਗਈ ਹੈ। ਉਪਰੋਂ ਮਿੱਠੇ, ਚਲਾਕੀ ਭਰੇ ਸ਼ਬਦ ਅਤੇ ਅੰਦਰੋਂ ਕੂੜ ਅਤੇ ਕੂੜ ਦੁਆਲੇ ਲਪੇਟਿਆ ਸੱਚ ਸੱਚ ਨਹੀਂ ਪਾਖੰਡ ਹੈ। ਸੱਚ ਦੀ ਮਹੱਤਤਾ ਦਰਸਾਉਂਦੇ ਹੋਏ ਗੁਰੂ ਸਾਹਿਬ ਇਸ ਵਾਰ ਵਿਚ ਸਪਸ਼ਟ ਸ਼ਬਦਾਂ ਵਿਚ ਕਹਿੰਦੇ ਹਨ:

ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ।।
ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ।।
ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ।।
ਨਾਉ ਸੁਣਿ ਮਨੁ ਰਹਸੀਐ ਤਾ ਪਾਏ ਮੋਖ ਦੁਆਰੁ।।
ਸਚੁ ਤਾ ਪਰੁ ਜਾਣੀਐ ਜਾ ਜੁਗਤਿ ਜਾਣੈ ਜੀਉ।।
ਧਰਤਿ ਕਾਇਆ ਸਾਧਿ ਕੈ ਵਿਚਿ ਦੇਇ ਕਰਤਾ ਬੀਉ।।
ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ।।

Sri Satguru Jagjit Singh Ji eLibrary NamdhariElibrary@gmail.com

ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ।।
ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ।।
ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ।।
ਸਚ ਸਭਨਾ ਹੋਇ ਦਾਰੂ ਪਾਪ ਕਢੈ ਧੋਇ।।
ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ।।[47]

'ਆਸਾ ਦੀ ਵਾਰ' ਮਨੁੱਖ ਨੂੰ ਸਮਾਜ ਵਿਚ ਰਹਿ ਕੇ ਨੈਤਿਕ ਕਰਮ ਕਰਨ ਲਈ ਪ੍ਰੇਰਿਤ ਕਰਦੀ ਹੈ। ਮਨੁੱਖ ਨੂੰ ਦੂਸਰਿਆਂ ਨਾਲ ਚੰਗਾ ਵਿਵਹਾਰ ਕਰਨ ਦਾ ਗੁਣ ਗ੍ਰਹਿਣ ਕਰਨ ਦੀ ਲੋੜ ਹੈ। ਕਿਸੇ ਨੂੰ ਬੁਰਾ ਭਲਾ ਕਹਿਣਾ ਤੇ ਮੂਰਖਾਂ ਨਾਲ ਝਗੜਾ ਖੜਾ ਕਰਨਾ ਸਿਆਣੇ ਜਾਂ ਅਕਲਮੰਦ ਮਨੁੱਖਾਂ ਦਾ ਕੰਮ ਨਹੀਂ:

ਜਾ ਰਹਿਣਾ ਨਾਹੀ ਜਗਿ ਤਾ ਕਾਇਤੁ ਗਾਰਬਿ ਹੰਢੀਐ।।
ਮੰਦਾ ਕਿਸੈ ਨ ਆਖੀਐ ਪੜਿ ਅਖਰੁ ਏਹੋ ਬੁਝੀਐ।।
ਮੂਰਖੈ ਨਾਲਿ ਨ ਲੁਝੀਐ ।।[48]

ਗੁਰੂ ਸਾਹਿਬ ਨੇ ਇਨਸਾਨ ਨੂੰ ਇਸ ਸਮਾਜ ਵਿਚਲੀਆਂ ਝੂਠੀਆਂ ਕੀਮਤਾਂ ਤੋਂ ਨਿਰਲੇਪ ਰਹਿਣ ਅਤੇ ਚੰਗੇ ਗੁਣ ਗ੍ਰਹਿਣ ਕਰਨ ਲਈ ਕਿਹਾ ਹੈ। ਝੂਠੀਆਂ ਵਡਿਆਈਆਂ ਝੂਠਾ ਇਜ਼ਤ ਮਾਣ, ਕਾਮ-ਕ੍ਰੋਧ, ਲੋਭ-ਮੋਹ, ਹੰਕਾਰ ਅਥਵਾ ਹਉਮੈ ਆਦਿ ਅਨੈਤਿਕ ਗੁਣਾਂ ਦਾ ਤਿਆਗ ਕਰਕੇ ਨੈਤਿਕ ਗੁਣਾਂ ਨਿਮਰਤਾ ਹਲੀਮੀ, ਸੇਵਾ, ਸੰਤੋਖ, ਪਿਆਰ, ਦਇਆ, ਸੱਚ ਆਦਿ ਗੁਣਾਂ ਨੂੰ ਅਪਨਾਉਣ ਦੀ ਸਿਖਿਆ ਦਿਤੀ ਹੈ। ਝੂਠਾ ਮਾਣ ਇਥੇ ਹੀ ਰਹਿ ਜਾਂਦਾ ਹੈ। ਚੰਗੇ ਕਰਮ ਕਰਨ ਵਾਲਿਆਂ ਨੂੰ ਮਾਣ ਪ੍ਰਾਪਤ ਹੁੰਦਾ ਹੈ ਅਤੇ ਮੰਦੇ ਕੰਮਾਂ ਵਾਲਿਆਂ ਨੂੰ ਸਜਾ ਮਿਲਦੀ ਹੈ। 'ਆਸਾ ਦੀ ਵਾਰ' ਵਿਚ ਗੁਰੂ ਸਾਹਿਬ ਫੁਰਮਾਉਂਦੇ ਹਨ:

ਆਪੀਨ੍ਹੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ।।
ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ।।

ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ॥

ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ॥

ਮਨਿ ਅੰਧੈ ਜਨਮੁ ਗਵਾਇਆ॥[49]

ਇਸ ਵਾਰ ਅਨੁਸਾਰ ਮਨੁੱਖ ਨੂੰ ਨੈਤਿਕ ਕਰਮ ਕਰਨੇ ਚਾਹੀਦੇ ਹਨ ਇਹ ਸੰਸਾਰ ਨਾਸ਼ਮਾਨ ਹੈ ਇਥੇ ਮਨੁੱਖ ਨੇ ਹਮੇਸ਼ਾ ਨਹੀਂ ਰਹਿਣਾ ਇਸ ਲਈ ਮਨੁੱਖ ਨੂੰ ਇਸ ਵਿਚ ਵਸਦੇ ਪ੍ਰਾਣੀਆਂ ਨਾਲ ਪਿਆਰ ਕਰਨਾ ਚਾਹੀਦਾ ਹੈ:

ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰ॥

ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰ॥[50]

ਗੁਰੂ ਨਾਨਕ ਦਾ ਵਿਚਾਰ ਹੈ ਕਿ ਮਨੁੱਖ ਨੂੰ ਸਭ ਜੀਵਾਂ ਉਤੇ ਦਇਆ ਕਰਨੀ ਚਾਹੀਦੀ ਹੈ ਅਤੇ ਆਪਣੀ ਸਚੀ ਸੁੱਚੀ ਕਿਰਤ ਵਿਚੋਂ ਕੁਝ ਪੁੰਨ-ਦਾਨ ਕਰਨ ਦੀ ਵੀ ਲੋੜ ਹੈ:

ਦਇਆ ਜਾਣੈ ਜੀਅ ਕੀ

ਕਿਛੁ ਪੁੰਨੁ ਦਾਨੁ ਕਰੇਇ॥[51]

ਜਾਤ ਪਾਤ, ਊਚ-ਨੀਚ ਦਾ ਖ਼ਾਤਮਾ ਕਰਕੇ ਮਨੁੱਖੀ ਏਕਤਾ ਨੂੰ ਦ੍ਰਿੜਾਉਣਾ ਵੀ ਸਮਾਜਕ ਨੈਤਿਕਤਾ ਹੈ। ਲਿੰਗ ਦੇ ਆਧਾਰ ਉਤੇ ਇਸਤਰੀ ਨਾਲ ਹੁੰਦੀ ਵਧੀਕੀ ਸਮਾਜਕ ਅਨੈਤਿਕਤਾ ਹੈ। ਗੁਰੂ ਨਾਨਕ ਨੇ ਇਸ ਨੂੰ 'ਆਸਾ ਦੀ ਵਾਰ' ਵਿਚ ਬਾ-ਦਲੀਲ ਗਲਤ ਦਸਿਆ ਅਤੇ ਕਿਹਾ:

ਸੋ ਕਿਉ ਮੰਦਾ ਆਖੀਐ॥

ਜਿਤੁ ਜੰਮਹਿ ਰਾਜਾਨ॥[52]

ਗੁਰੂ ਸਾਹਿਬ ਅਨੁਸਾਰ ਮਨੁੱਖ ਆਪਣੇ ਕਰਮਾਂ ਅਤੇ ਪਰਮਾਤਮਾ ਨਾਲ ਪਿਆਰ ਦੁਆਰਾ ਉਚਾ ਨੀਵਾਂ ਬਣਦਾ ਹੈ।

ਇਸ ਤਰ੍ਹਾਂ ਸਮੁੱਚੇ ਤੌਰ ਤੇ ਅਸੀਂ ਕਹਿ ਸਕਦੇ ਹਾਂ ਕਿ ਮਨੁੱਖ ਦੇ ਨੈਤਿਕ ਜੀਵਨ ਵਿਚ ਸੁਧਾਰ ਅਧਿਆਤਮਕ ਉਨਤੀ ਲਈ ਆਵੱਸ਼ਕ ਹੈ। ਜਦ ਤਕ ਸਮਾਜਕ ਨੈਤਿਕਤਾ ਸਥਾਪਿਤ ਨਹੀਂ ਹੁੰਦੀ ਤਦ ਤਕ ਅਸੀਂ ਜ਼ਿੰਦਗੀ ਦੇ ਕਿਸੇ ਖੇਤਰ ਵਿਚ ਕਾਮਯਾਬੀ ਹਾਸਲ ਨਹੀਂ ਕਰ ਸਕਦੇ। ਸਾਨੂੰ ਆਪਣੇ ਜੀਵਨ ਨੂੰ ਨੈਤਿਕ ਸਿਧਾਂਤਾਂ ਅਨੁਸਾਰ ਢਾਲਣਾ ਚਾਹੀਦਾ ਹੈ। ਅਜੋਕਾ ਮਨੁੱਖ ਮਨੁੱਖਤਾ ਤੋਂ ਡਿਗ ਚੁੱਕਿਆ ਹੈ। ਉਸ ਦਾ ਨੈਤਿਕ ਪਤਨ ਹੋ ਚੁੱਕਿਆ ਹੈ। ਮੱਧਕਾਲ ਵਿਚ ਵੀ ਮਨੁੱਖਤਾ ਇਨ੍ਹਾਂ ਬੁਰਾਈਆਂ ਦਾ ਸ਼ਿਕਾਰ ਸੀ ਅਤੇ ਅੱਜ ਵੀ ਮਨੁੱਖਤਾ ਨੈਤਿਕ ਪਤਨ ਕਰਕੇ ਆਪਣੇ ਜੀਵਨ ਨੂੰ ਨਰਕ ਬਣਾਈ ਬੈਠੀ ਹੈ। ਅੱਜ ਦੇ ਯੁਗ ਵਿਚ ਵੀ ਨੈਤਿਕ ਜੀਵਨ ਵਿਚ ਸੁਧਾਰ ਲਿਆਉਣ ਅਤੇ ਉਕਤ ਸਿਧਾਂਤਾਂ ਤੇ ਅਮਲ ਕਰਨ ਦੀ ਲੋੜ ਹੈ। ਜੇ ਸਾਡਾ ਵਿਵਹਾਰ ਸੱਚਾ ਸੁੱਚਾ ਹੋਵੇਗਾ ਤਾਂ ਹੀ ਅਸੀਂ ਪ੍ਰਭੂ ਨੂੰ ਪਾ ਸਕਾਂਗੇ।

## (ਸ) ਸਮਾਜਕ ਰਸਮਾਂ ਅਤੇ ਵਹਿਮਾਂ ਭਰਮਾਂ ਦਾ ਖੰਡਨ :

ਮੱਧਕਾਲ ਵਿਚ ਲੋਕਾਈ, ਦਿਖਾਵੇ ਤੇ ਕਰਮ ਕਾਂਡਾਂ ਵਿਚ ਫਸੀ ਹੋਈ ਸੀ। ਫੋਕੇ ਰਸਮਾਂ ਰਿਵਾਜਾਂ ਅਤੇ ਕਰਮ-ਕਾਂਡਾਂ ਨੂੰ ਹੀ ਲੋਕ ਮੁਕਤੀ ਦਾ ਸਾਧਨ ਮੰਨੀ ਬੈਠੇ ਸਨ। ਰਾਸਾਂ ਰਾਸ ਲੀਲਾਵਾਂ ਅਤੇ ਨਚਣ ਕੁਦਣ ਨੂੰ ਧਰਮ ਦਾ ਅੰਗ ਮੰਨ ਕੇ ਇਸ ਵਿਚ ਮੁਕਤੀ ਨੂੰ ਲਭਣ ਲਗ ਪਏ ਸਨ। ਦੂਜੇ ਪਾਸੇ ਇਸਲਾਮ ਦਾ ਵੀ ਪੱਕਾ ਵਿਸ਼ਵਾਸ ਸੀ ਕਿ ਕਲਮੇ ਵਿਚ ਵਿਸ਼ਵਾਸ਼ ਰਖਣਾ, ਨਮਾਜ਼ ਅਦਾ ਕਰਨੀ, ਰੋਜ਼ੇ ਰਖਣਾ ਆਦਿ ਬਾਹਰੀ ਕਿਰਿਆਵਾਂ ਨਾਲ ਸੱਚੇ ਮੁਸਲਮਾਨ ਬਣਿਆ ਜਾ ਸਕਦਾ ਹੈ। ਗੁਰੂ ਨਾਨਕ ਨੇ ਹਿੰਦੂ ਅਤੇ ਮੁਸਲਮਾਨਾਂ ਦੀ ਅਸਲੀਅਤ ਨੂੰ ਦੇਖਿਆ ਅਤੇ ਇਸ ਨਤੀਜੇ ਤੇ ਪਹੁੰਚੇ ਕਿ ਇਹ ਲੋਕ ਕੇਵਲ ਦਿਖਾਵੇ ਦੀ ਬੰਦਗੀ ਕਰਦੇ ਹਨ । ਅਸਲੀਅਤ ਵਿਚ ਇਨ੍ਹਾਂ ਦਾ ਜੀਵਨ ਬਹੁਤ ਘਟੀਆ ਹੈ, ਧਾਰਮਿਕ ਗ੍ਰੰਥਾਂ ਵਿਚ ਸੰਕਲਿਤ ਸਿਖਿਆਵਾਂ

Sri Satguru Jagjit Singh Ji eLibrary NamdhariElibrary@gmail.com

ਅਨੁਸਾਰ ਇਹ ਜੀਵਨ ਬਤੀਤ ਨਹੀਂ ਕਰਦੇ, ਕੇਵਲ ਦਿਖਾਵੇ ਮਾਤਰ ਹੀ ਪਾਠ ਪੂਜਾ ਜਾਂ ਨਮਾਜ ਪੜ੍ਹ ਕੇ ਸੰਸਾਰ ਸਾਗਰ ਤੋਂ ਪਾਰ ਹੋ ਜਾਣਾ ਚਾਹੁੰਦੇ ਹਨ ਪਰ ਗੁਰੂ ਨਾਨਕ ਨੇ ਸੱਚੇ ਹਿੰਦੂ ਅਤੇ ਸੱਚੇ ਮੁਸਲਮਾਨ ਬਣਨ ਲਈ ਯਥਾਰਥ ਉਪਰ ਆਧਾਰਿਤ ਬਾਣੀ ਦਾ ਉਚਾਰਣ ਕੀਤਾ। ਸ਼ੁਭ ਅਮਲ ਹੀ ਮਨੁੱਖੀ ਜੀਵਨ ਦੀ ਇਬਾਦਤ ਹਨ। ਜਦ ਤਕ ਮਨੁੱਖ ਵਿਚ ਮਾਨਵੀ ਗੁਣ ਪੈਦਾ ਨਹੀਂ ਹੁੰਦੇ ਉਦੋਂ ਤਕ ਸਭ ਕੁਝ ਦਿਖਾਵਾ ਬਣ ਕੇ ਰਹਿ ਜਾਵੇਗਾ। ਜਦੋਂ ਮਨੁੱਖ ਵਿਚ ਮਨੁੱਖੀ ਗੁਣ ਪੈਦਾ ਹੋ ਜਾਣਗੇ ਤਾਂ ਹੀ ਉਸ ਦੀ ਬੰਦਗੀ ਪ੍ਰਭੂ ਦੇ ਦਰ ਤੇ ਪ੍ਰਵਾਨ ਹੋਏਗੀ। ਇਸ ਯਥਾਰਥ ਨੂੰ ਗੁਰੂ ਨਾਨਕ ਨੇ ਨਿਧੜਕ ਹੋ ਕੇ ਪੇਸ਼ ਕੀਤਾ ਹੈ।

ਸਪਸ਼ਟ ਹੈ ਗੁਰੂ ਨਾਨਕ ਰਚਿਤ ਕਾਵਿ ਉਸ ਵਕਤ ਦੇ ਭ੍ਰਿਸ਼ਟ ਵਾਤਾਵਰਣ ਪ੍ਰਤੀ ਰੋਸ ਵਜੋਂ ਉਪਜਿਆ ਹੁੰਦਾ ਹੈ ਤੇ ਇਸ ਤਰ੍ਹਾਂ ਸਿਖ ਧਰਮ ਨੂੰ ਸ਼ੁਰੂ ਤੋਂ ਹੀ ਇਕ ਪ੍ਰੋਟੈਸਟ (Protest) ਲਹਿਰ ਦਾ ਸਰੂਪ ਮਿਲ ਜਾਂਦਾ ਹੈ। ਭਾਰਤੀ ਜਗਤ ਵਿਚ ਪੁਨਰ ਸੁਰਜੀਤੀ ਦੀ ਲਹਿਰ ਨੂੰ ਜਾਗ੍ਰਿਤ ਕਰਨ ਵਿਚ ਗੁਰੂ ਨਾਨਕ ਦੇਵ ਦੀ ਵਿਸ਼ੇਸ਼ ਦੇਣ ਬਾਰੇ ਕੋਈ ਦੋ ਰਾਵਾਂ ਨਹੀਂ। ਇੰਦੂ ਭੂਸ਼ਨ ਬੈਨਰਜੀ ਤੇ ਗੋਕਲ ਚੰਦ ਨਾਰੰਗ ਵਰਗੇ ਵਿਦਵਾਨ ਗੁਰੂ ਨਾਨਕ ਨੂੰ ਹਿੰਦੂ ਧਰਮ ਦਾ ਸੁਧਾਰਕ ਮੰਨਦੇ ਹਨ।[53]

ਗੁਰੂ ਕਾਵਿ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਮਨੁੱਖ ਨੂੰ ਉਸ ਦੀ ਅਸਲੀਅਤ ਦੀ ਪਛਾਣ ਕਰਾਉਣੀ ਸੀ। ਗੁਰੂ ਨਾਨਕ ਨੇ ਮਨੁੱਖੀ ਸੁਖਸ਼ਾਂਤੀ ਦੇ ਸੰਗਠਨ ਲਈ ਨਿਰਭੈ ਮਾਨਵ ਦਾ ਸੰਕਲਪ ਪੇਸ਼ ਕੀਤਾ ਅਤੇ ਨਿਰਭੈਤਾ ਨੂੰ ਮਨੁੱਖੀ ਸੁਖਸ਼ਾਂਤੀ ਦੇ ਵਿਕਾਸ ਦਾ ਸਭ ਤੋਂ ਜ਼ਰੂਰੀ ਤੱਤ ਦਸਿਆ।[54]

ਨਾਨਕ ਬਾਣੀ ਖਾਸ ਕਰ 'ਆਸਾ ਦੀ ਵਾਰ' ਵਿਚ ਗੁਰੂ ਸਾਹਿਬ ਨੇ ਤਤਕਾਲੀਨ ਮਨੁੱਖੀ ਜੀਵਨ ਦੇ ਸਮਾਜਕ, ਧਾਰਮਿਕ, ਸਦਾਚਾਰਕ, ਰਾਜਨੀਤਿਕ, ਸਭਿਆਚਾਰਕ, ਆਰਥਿਕ ਸਾਰੇ ਪੱਖਾਂ ਤੇ ਰੋਸ਼ਨੀ ਪਾਈ ਹੈ। ਮੱਧਕਾਲੀ ਭਾਰਤ ਦੀ ਕੋਈ ਵੀ ਦਿਸ਼ਾ ਚੰਗੀ ਨਹੀਂ,

Sri Satguru Jagjit Singh Ji eLibrary NamdhariElibrary@gmail.com

ਨਹੀਂ ਆਖੀ ਜਾ ਸਕਦੀ ਸੀ। ਗੁਰੂ ਸਾਹਿਬ ਨੇ ਇਨ੍ਹਾਂ ਇਖਲਾਕੀ ਗਿਰਾਵਟਾਂ ਦਾ ਚਿੱਤਰ ਯਥਾਰਥਕ ਢੰਗ ਨਾਲ 'ਆਸਾ ਦੀ ਵਾਰ' ਵਿਚ ਪੇਸ਼ ਕੀਤਾ ਹੈ। ਗੁਰੂ ਸਾਹਿਬ ਨੇ ਇਸ ਵਾਰ ਰਾਹੀਂ ਸਮਾਜ ਦੀਆਂ ਚੰਗੀਆਂ ਤੇ ਮਾੜੀਆਂ ਪ੍ਰਚਲਤ ਬਿਰਤੀਆਂ ਨੂੰ ਪ੍ਰਗਟ ਕਰਦੇ ਹੋਏ ਲੋਕਾਂ ਨੂੰ ਚੰਗੇ ਕੰਮਾਂ ਲਈ ਪ੍ਰੇਰਿਆ।

ਉਸ ਸਮੇਂ ਲੋਕਾਈ ਨਿਰਾਰਥਕ ਧਾਰਮਿਕ ਰੀਤਾਂ, ਭੇਖਾਂ ਅਤੇ ਕਰਮ ਕਾਂਡਾਂ ਵਿਚ ਖਚਿਤ ਸੀ। ਗੁਰੂ ਨਾਨਕ ਨੇ ਸਮਾਜਕ ਰਸਮਾਂ, ਧਾਰਮਿਕ ਚਿੰਨ੍ਹਾਂ ਅਤੇ ਖੋਖਲੇ ਰੂਪਵਾਦ ਤੋਂ ਆਜ਼ਾਦ ਹੋ ਕੇ ਮਨੁੱਖੀ ਜੀਵਨ ਨੂੰ ਦੇਖਿਆ ਅਤੇ ਪਾਖੰਡੀਆਂ, ਭੇਖੀ ਸੰਤਾਂ ਤੇ ਕਰਮ ਕਾਂਡੀਆਂ ਨੂੰ ਲਲਕਾਰ ਕੇ ਕਿਹਾ ਕਿ ਜੋ ਕੁਝ ਕਰਮ ਉਹ ਕਰ ਰਹੇ ਹਨ, ਸਦਾਚਾਰ ਤੋਂ ਸਖਣੇ ਹਨ ਉਸ ਸਮੇਂ ਬ੍ਰਾਹਮਣ , ਬ੍ਰਹਮ-ਗਿਆਨ ਤੋਂ ਸੱਖਣੇ ਅਤੇ ਅੰਦਰੋਂ ਕਾਲੇ ਸਨ। ਉਹ ਬਾਹਰੋਂ ਵੇਖਣ ਨੂੰ ਕੁਲੀਨ ਜਾਪਦੇ ਸਨ ਪਰ ਅੰਦਰੋਂ ਮਲੀਨ ਸਨ। ਗੁਰੂ ਨਾਨਕ ਨੇ ਆਸਾ ਦੀ ਵਾਰ ਵਿਚ ਉਨ੍ਹਾਂ ਦੀ ਤਸਵੀਰ ਇਸ ਤਰ੍ਹਾਂ ਪ੍ਰਗਟਾਈ ਹੈ:

ਮਥੈ ਟਿਕਾ ਤੇੜਿ ਧੋਤੀ ਕਖਾਈ।।
ਹਥਿ ਛੁਰੀ ਜਗਤ ਕਾਸਾਈ।।[55]

ਗੁਰੂ ਨਾਨਕ ਅਨੁਸਾਰ ਬਾਹਰਲੀ ਸੁਚਮਤਾ ਲਈ ਕੀਤੇ ਕਰਮ ਅੰਦਰ ਨੂੰ ਕਾਲਾ ਕਰਦੇ ਹਨ, ਕਿਉਂਕਿ ਦਿਖਾਵੇ ਦੀ ਸੁੰਦਰਤਾ ਪਿਛੇ ਭਾਵਨਾ ਚੰਗੀ ਨਹੀਂ ਹੁੰਦੀ। ਇਸੇ ਲਈ ਗੁਰੂ ਸਾਹਿਬ ਨੇ ਕਿਹਾ ਹੈ:

ਅੰਦਰਹੁ ਝੂਠੇ ਪੈਜ ਬਾਹਰਿ ਦੁਨੀਆ ਅੰਦਰਿ ਫੈਲੁ।।
ਅਠਸਠਿ ਤੀਰਥ ਜੇ ਨਾਵਹਿ ਉਤਰੈ ਨਾਹੀ ਮੈਲੁ।।[56]

ਸਮਾਜਕ ਜੀਵਨ ਵਿਚ ਫੈਲੇ ਹੋਏ ਭੇਖ ਅਤੇ ਕਪਟ ਨੂੰ ਗੁਰੂ ਨਾਨਕ ਨੇ ਜੋਰਦਾਰ ਸ਼ਬਦਾਂ ਵਿਚ ਬਿਆਨ ਕੀਤਾ ਹੈ। ਉਹ ਹਰ ਪ੍ਰਕਾਰ ਦੇ ਦਿਖਾਵੇ ਅਤੇ ਪਾਖੰਡ ਦਾ ਪਾਜ ਉਘਾੜਦੇ ਹਨ ਭਾਵੇਂ ਹਾਕਮ ਸ਼੍ਰੇਣੀ ਦਾ ਦੰਭ ਹੋਵੇ, ਭਾਵੇਂ ਧਾਰਮਿਕ ਆਗੂਆਂ ਦਾ, ਝੂਠੀ ਸ਼ੁਹਰਤ ਹਾਸਿਲ ਕਰਨ ਲਈ ਲੋਕ ਅਜਿਹਾ ਭੇਖ ਕਰਦੇ ਸਨ ਜਿਸ ਨਾਲ ਸਰੀਰ ਨੂੰ ਨਸ਼ਟ ਹੁੰਦਾ ਸੀ।

ਅਜਿਹਾ ਕਰਨ ਦਾ ਕੀ ਲਾਭ? ਇਸ ਨਾਲ ਨਾ ਆਪ ਨੂੰ ਸੁਖ ਅਤੇ ਨਾ ਹੀ ਦੂਸਰੇ ਦਾ ਭਲਾ ਕੀਤਾ ਜਾ ਸਕਦਾ ਹੈ। ਅਜਿਹੇ ਭੇਖਾਂ ਨਾਲ ਮਨੁੱਖ ਦਾ ਅੰਦਰ ਨਿਰਮਲ ਨਹੀਂ ਹੋ ਸਕਦਾ। 'ਆਸਾ ਦੀ ਵਾਰ' ਵਿਚ ਗੁਰੂ ਸਾਹਿਬ ਨੇ ਇਹ ਸਾਰੇ ਕਰਮ ਨਿਰਾਰਥਕ ਦਸੇ ਹਨ:

ਬਹੁ ਭੇਖ ਕੀਆ ਦੇਹੀ ਦੁਖੁ ਦੀਆ।।
ਸਹੁ ਵੇ ਜੀਆ ਅਪਣਾ ਕੀਆ।।
ਅੰਨੁ ਨ ਖਾਇਆ ਸਾਦੁ ਗਵਾਇਆ।।
ਬਹੁ ਦੁਖੁ ਪਾਇਆ ਦੂਜਾ ਭਾਇਆ।।[57]

ਮਧਕਾਲ ਵਿਚ ਲੋਕਾਂ ਦਾ ਵਿਸ਼ਵਾਸ ਸੀ ਕਿ ਸੰਧਿਆ ਵੇਲੇ ਪਾਠ ਕਰਨ ਨਾਲ ਜਾਂ ਤੀਰਥ ਯਾਤਰਾ ਕਰਨ ਨਾਲ ਪਰਮਾਤਮਾ ਨੂੰ ਪਾਇਆ ਜਾ ਸਕਦਾ ਹੈ ਪਰ ਗੁਰੂ ਨਾਨਕ ਇਸ ਭੁਲੇਖੇ ਨੂੰ ਦੂਰ ਕਰਦੇ ਹਨ ਕਿ ਜੇਕਰ ਇਨਸਾਨ ਦੇ ਕੰਮ ਚੰਗੇ ਨਹੀਂ ਤਾਂ ਅਠਸਠ ਤੀਰਥਾਂ ਦਾ ਇਸ਼ਨਾਨ ਕਰਨ ਨਾਲ ਕੋਈ ਲਾਭ ਨਹੀਂ। ਰੂੜ੍ਹੀਵਾਦੀ ਅੰਧ ਵਿਸ਼ਵਾਸਾਂ ਨੇ ਧਾਰਮਿਕ ਜੀਵਨ ਖੋਖਲਾ ਕਰ ਦਿਤਾ ਸੀ। ਉਸ ਸਮੇਂ ਸਮਾਜ ਵਿਚ ਆਡੰਬਰ ਅਤੇ ਪਾਖੰਡਾਂ ਦੀ ਪ੍ਰਧਾਨਤਾ ਸੀ। ਨਾਮ ਸਿਮਰਨ ਨੂੰ ਲੋਕਾਂ ਭੁਲੇ ਹੋਏ ਸਨ:

ਪੜਿ ਪੁਸਤਕ ਸੰਧਿਆ ਬਾਦੰ।।
ਸਿਲ ਪੂਜਸਿ ਬਗੁਲ ਸਮਾਧੰ।।
ਮੁਖਿ ਝੂਠ ਬਿਭੂਖਣ ਸਾਰੰ।।
ਤ੍ਰੈਪਾਲ ਤਿਹਾਲ ਬਿਚਾਰੰ।।

Sri Satguru Jagjit Singh Ji eLibrary NamdhariElibrary@gmail.com

ਗਲਿ ਮਾਲਾ ਤਿਲਕ ਲਿਲਾਟੰ।।
ਦੁਇ ਧੋਤੀ ਬਸਤ੍ਰ ਕਪਾਟੰ।।
ਜੇ ਜਾਣਸਿ ਬ੍ਰਹਮੰ ਕਰਮੰ।।
ਸਭਿ ਫੋਕਟ ਨਿਸਚਉ ਕਰਮੰ।।
ਕਹੁ ਨਾਨਕ ਨਿਹਚਉ ਧਿਆਵੈ।।
ਵਿਣੁ ਸਤਿਗੁਰ ਵਾਟ ਨ ਪਾਵੈ।।[58]

'ਆਸਾ ਦੀ ਵਾਰ' ਵਿਚ ਗੁਰੂ ਨਾਨਕ ਨੇ ਪਰੰਪਰਕ ਰੀਤਾਂ ਦੇ ਖੋਖਲੇਪਨ ਨੂੰ ਉਘਾੜਦਿਆਂ ਹੋਇਆ ਕਿਹਾ ਕਿ ਮਨੁੱਖ ਦਾ ਲਹੂ ਚੂਸਣ ਵਾਲੇ ਮੁਸਲਮਾਨ ਸ਼ਾਸਕ ਨਮਾਜ਼ ਪੜ੍ਹ ਵੀ ਲੈਣ ਤਾਂ ਕਿਸ ਕੰਮ?

ਮਾਣਸ ਖਾਣੇ ਕਰਹਿ ਨਿਵਾਜ।।
ਛੁਰੀ ਵਗਾਇਨਿ ਤਿਨ ਗਲਿ ਤਾਗ।।
ਤਿਨ ਘਰਿ ਬ੍ਰਹਮਣ ਪੂਰਹਿ ਨਾਦ।।
ਉਨ੍ਹਾ ਭਿ ਆਵਹਿ ਓਈ ਸਾਦ।।[59]

ਗੁਰੂ ਸਾਹਿਬ 'ਆਸਾ ਦੀ ਵਾਰ' ਵਿਚ ਉਸ ਵੇਲੇ ਦੀਆਂ ਸਮਾਜਕ ਬੁਰਾਈਆਂ ਨੂੰ ਬੜੀ ਨਿਡਰਤਾ ਤੇ ਸੱਚੇ ਸੰਤ ਸਿਪਾਹੀ ਦੀ ਤਰ੍ਹਾਂ ਨਿੰਦਦੇ ਹਨ ਜਿਹੜੇ ਸਾਧੂ ਸਿਰ ਤੇ ਸਵਾਹ ਪਾ ਕੇ ਮਿਹਨਤ ਮਜ਼ਦੂਰੀ ਛੱਡ ਕੇ ਮੰਗਦੇ ਫਿਰਦੇ ਹਨ, ਉਹਨਾਂ ਨੂੰ ਚੰਗੀਆਂ ਚੰਗੀਆਂ ਵਸਤਾਂ ਦਿਤੀਆਂ ਜਾਂਦੀਆਂ ਹਨ:

ਗਲਮਲੁ ਖਾਈ ਸਿਰਿ ਛਾਈ ਪਾਈ।।
ਮੂਰਖਿ ਅੰਧੇ ਪਤਿ ਗਵਾਈ।।[60]

ਗੁਰੂ ਨਾਨਕ ਨੇ 'ਆਸਾ ਦੀ ਵਾਰ' ਵਿਚ ਸਮਾਜ ਦੇ ਹਰ ਪਖ ਦੀਆਂ ਕੁਰੀਤੀਆਂ ਕੁਕਰਮਾਂ, ਭਰਮਾਂ ਤੇ ਵਿਕਾਰਾਂ ਦੀ ਕਰੜੀ ਨਿੰਦਾ ਕੀਤੀ ਹੈ। ਉਹਨਾਂ ਨੇ ਜਨੇਊ, ਸੂਤਕ-ਪਾਤਕ, ਜਪਮਾਲੀ, ਸਰਾਧ, ਸੁਖਣਾ ਆਦਿ ਭੇਖਾਂ ਦੀ ਆਲੋਚਨਾ ਕੀਤੀ ਤੇ ਲੋਕਾਈ ਵਿਚ ਇਨ੍ਹਾਂ ਕੁਰੀਤੀਆਂ ਤੋਂ ਬਚਣ ਲਈ ਚੇਤਨਾ ਜਗਾਈ ਤੇ ਉਨ੍ਹਾਂ ਨੂੰ ਅਸਲੀਅਤ ਸਮਝਾਈ। ਜਨੇਊ ਬਾਰੇ ਗੁਰੂ ਸਾਹਿਬ ਦਾ ਵਿਚਾਰ ਹੈ ਕਿ ਮਨੁੱਖ ਨੂੰ ਅਜਿਹਾ ਜਨੇਊ ਪਹਿਨਣਾ ਚਾਹੀਦਾ ਹੈ ਜਿਸ ਵਿਚ ਨਿਮਨ ਗੁਣ ਹੋਣ :

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥
ਨਾ ਏਹ ਤੁਟੇ ਨ ਮਲੁ ਲਗੈ, ਨਾ ਏਹੁ ਜਲੈ ਨ ਜਾਇ॥
ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ॥[61]

ਧਾਗੇ ਦੇ ਜਨੇਊ ਦਾ ਕੋਈ ਫਾਇਦਾ ਨਹੀਂ ਇਹ ਤਾਂ ਮਰਨ ਨਾਲ ਹੀ ਟੁੱਟ ਜਾਂਦਾ ਹੈ। ਜਨੇਊ ਚੰਗੀ ਸੋਚ ਵਰਗਾ ਪਵਿੱਤਰ ਤੇ ਅਟੱਲ ਹੋਣਾ ਚਾਹੀਦਾ ਹੈ।

ਸੂਤਕ ਵੀ ਬ੍ਰਾਹਮਣਾਂ ਦੁਆਰਾ ਜਨਮ ਮਰਣ ਦੇ ਅਵਸਰ ਤੇ ਪਾਇਆ ਭੁਲੇਖਾ ਅਤੇ ਉਹਨਾਂ ਦੀ ਕਮਾਈ ਦਾ ਸਾਧਨ ਸੀ। ਗੁਰੂ ਨਾਨਕ ਨੇ ਇਸ ਵਿਚਾਰ ਦਾ ਖੰਡਨ ਕੀਤਾ ਹੈ ਅਤੇ ਦਲੀਲ ਨਾਲ ਸਮਝਾਇਆ ਹੈ। ਕਿ ਗੋਹੇ, ਲਕੜੀ, ਅਨਾਜ, ਪਾਣੀ ਸਭ ਵਿਚ ਜੀਵ ਹੁੰਦੇ ਹਨ ਜੇ ਕਿਸੇ ਦੇ ਮਰਨ ਨਾਲ ਸੂਤਕ ਪੈਦਾ ਹੋਵੇ ਤਾਂ ਇਨ੍ਹਾਂ ਚੀਜਾਂ ਦੇ ਸੜਨ ਜਾਂ ਉਬਾਲਣ ਨਾਲ ਤਾਂ ਉਹ ਜੀਵ ਮਰਦੇ ਰਹਿੰਦੇ ਹਨ ਤੇ ਇਸਤਰ੍ਹਾਂ ਸਾਡੀ ਰਸੋਈ ਹਰ ਰੋਜ਼ ਹੀ ਸੂਤਕ ਗ੍ਰਹਿਣੀ ਰਹਿੰਦੀ ਹੈ:

ਜੇ ਕਰਿ ਸੂਤਕੁ ਮੰਨੀਐ ਸਭ ਤੈ ਸੂਤਕੁ ਹੋਇ॥
ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ॥

> ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ।।
> ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ।।
> ਸੂਤਕੁ ਕਿਉ ਕਰਿ ਰਖੀਐ ਸੂਤਕੁ ਪਵੈ ਰਸੋਇ।।[62]

ਸੂਤਕ ਪ੍ਰਭੂ ਤੇ ਗਿਆਨ ਨਾਲ ਉਤਰਦਾ ਹੈ:

> ਨਾਨਕ ਸੂਤਕੁ ਏਵ ਨ ਉਤਰੈ ਗਿਆਨੁ ਉਤਾਰੇ ਧੋਇ।।[63]

ਗੁਰੂ ਨਾਨਕ ਨੇ ਸਪਸ਼ਟ ਕੀਤਾਹੈ ਕਿ :

> ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ।।
> ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ।।[64]

ਅਤੇ

> ਮਨ ਕਾ ਸੂਤਕੁ ਲੋਭੁ ਹੈ ਜਿਹਵਾ ਸੂਤਕੁ ਕੂੜੁ।।
> ਅੱਖੀ ਸੂਤਕੁ ਵੇਖਣਾ ਪਰ ਤ੍ਰਿਅ ਪਰਧਨ ਰੂਪੁ।।
> ਕੰਨੀ ਸੂਤਕੁ ਕੰਨ ਪੈ ਲਾਇਤਬਾਰੀ ਖਾਹਿ।।
> ਨਾਨਕ ਹੰਸਾ ਆਦਮੀ ਬਧੇ ਜਮ ਪੁਰਿ ਜਾਹਿ।।[65]

ਅਤੇ ਉਹ ਇਸ ਵਿਚਾਰ ਦਾ ਸਿੱਟਾ ਇਹ ਕਢਦੇ ਹਨ:

> ਨਾਨਕ ਜਿਨੀ ਗੁਰਮੁਖਿ ਬੁਝਿਆ ਤਿਨਾ ਸੂਤਕੁ ਨਾਹਿ।।[66]

ਗੁਰੂ ਨਾਨਕ ਨੇ ਜਨੇਊ, ਸੂਤਕ, ਮੂਰਤੀ ਪੂਜਾ ਦੇ ਨਾਲ ਨਾਲ ਸਰਾਧ ਦੀ ਰਸਮ ਦਾ ਵੀ ਖੰਡਨ ਕੀਤਾ। ਸਰਾਧ ਇਕ ਸਮਾਜਕ ਰੀਤ ਤੇ ਨਿਰਾਰਥਕ ਕਰਮ ਹੈ। ਗੁਰੂ ਨਾਨਕ ਨੇ ਸਪਸ਼ਟ ਸ਼ਬਦਾਂ ਵਿਚ ਕਿਹਾ ਹੈ ਮਨੁੱਖ ਨੂੰ ਜੀਉਂਦੇ ਜੀਅ ਪ੍ਰਾਣੀ ਮਾਤਰ ਦੀ ਸੇਵਾ ਕਰਨੀ ਚਾਹੀਦੀ ਹੈ। ਸਰਾਧ ਵਰਗੀਆਂ ਰਸਮਾਂ ਵਿਚ ਪੈਣਾ ਫਜ਼ੂਲ ਹੈ:

Sri Satguru Jagjit Singh Ji eLibrary NamdhariElibrary@gmail.com

ਜੇ ਮੋਹਾਕਾ ਘਰ ਮੁਹੈ।।

ਘਰੁ ਮੁਹਿ ਪਿਤਰੀ ਦੇਇ।।

ਅਗੈ ਵਸਤੁ ਸਿਵਾਣੀਐ

ਪਿਤਰੀ ਚੋਰ ਕਰੇਇ।।[67]

ਗੁਰੂ ਸਾਹਿਬ ਨੇ 'ਆਸਾ ਦੀ ਵਾਰ' ਵਿਚ ਧਾਰਮਕ ਤੇ ਸਮਾਜਕ ਅੰਧ ਵਿਸ੍ਵਾਸਾਂ ਦਾ ਚਿਤ੍ਰਣ ਬੜੇ ਸੁਚੱਜੇ ਢੰਗ ਨਾਲ ਕੀਤਾ ਹੈ। ਗੁਰੂ ਸਾਹਿਬ ਨੇ ਦੇਖਿਆ ਕਿ ਹਿੰਦੂ ਲੋਕ ਮੁਰਦਾ ਸਾੜਨ ਵਿਚ ਵਿਸ੍ਵਾਸ ਰਖਦੇ ਹਨ ਤੇ ਮੁਸਲਮਾਨ ਕਬਰਾਂ ਵਿਚ ਦਬਾਉਂਦੇ ਹਨ। ਮੁਸਲਮਾਨਾਂ ਦਾ ਵਿਸ੍ਵਾਸ ਹੈ ਕਿ ਮੁਰਦਾ ਸਾੜਨ ਨਾਲ ਸਰੀਰ ਦੋਜਕ ਦੀ ਅੱਗ ਵਿਚ ਸੜਦਾ ਹੈ ਗੁਰੂ ਨਾਨਕ ਨੇ ਮੁਸਲਮਾਨਾਂ ਦੇ ਇਹਨਾਂ ਥੋਥੇ ਵਿਚਾਰਾਂ ਉਤੇ ਇਸ ਤਰ੍ਹਾਂ ਵਿਅੰਗ ਕੀਤਾ ਹੈ:

ਮਿਟੀਮੁਸਲਮਾਨ ਕੀ ਪੇੜੈ ਪਈ ਕੁਮਿਆਰ।।

ਘੜਿ ਭਾਂਡੇ ਇਟਾਂ ਕੀਆ ਜਲਦੀ ਕਰੇ ਪੁਕਾਰ।।

ਜਲਿ ਜਲਿ ਰੋਵੈ ਬਪੁੜੀ ਝੜਿ ਝੜਿ ਪਵਹਿ ਅੰਗਿਆਰ।।

ਨਾਨਕ ਜਿਨਿ ਕਰਤੈ ਕਾਰਣ ਕੀਆ ਸੋ ਜਾਣੈ ਕਰਤਾਰੁ।।[68]

ਰਾਸ ਲੀਲਾ ਬਾਰੇ ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ ਕਿ ਉਸ ਸਮੇਂ ਅਵਤਾਰਾਂ ਦੀਆਂ ਰਾਸਾਂ ਰਾਹੀਂ ਜਨਤਾ ਦਾ ਮਨੋਰੰਜਨ ਕੀਤਾ ਜਾ ਰਿਹਾ ਸੀ। ਕਿਧਰੇ ਗੁਰੂ ਚੇਲੇ ਨਚ ਰਹੇ ਸਨ ਤੇ ਕਿਧਰੇ ਹੋਰ ਲਖਾਂ ਠਗੀਆਂ ਹੋ ਰਹੀਆਂ ਸਨ। ਗੁਰੂ ਨਾਨਕ ਨੇ ਇਸ ਦਾ ਖੰਡਨ ਕੀਤਾ। ਉਹਨਾਂ ਅਨੁਸਾਰ ਨਾਮ ਸਿਮਰਨ ਦੇ ਬਿਨਾਂ ਨੱਚਣਾ ਕੁਦਣਾ, ਚੱਕਰ ਲਾਉਣਾ ਜਾਂ ਰਾਸ ਲੀਲਾ ਦਾ ਆਨੰਦ ਮਾਣਦੇ ਹੋਏ ਜੀਵਨ ਗੁਜ਼ਾਰ ਦੇਣ ਨਾਲ ਮਨੁੱਖ ਭਵ-ਸਾਗਰ ਤੋਂ ਪਾਰ ਨਹੀਂ ਉਤਰ ਸਕਦਾ:

Sri Satguru Jagjit Singh Ji eLibrary NamdhariElibrary@gmail.com

(ੳ) ਗਾਵਨਿ ਗੋਪੀਆ ਗਾਵਨਿ ਕਾਨੁ।।

ਗਾਵਨਿ ਸੀਤਾ ਰਾਜੇ ਰਾਮ।।

ਨਿਰਭਉ ਨਿਰੰਕਾਰੁ ਸਚੁ ਨਾਮੁ।।

ਜਾਕਾ ਕੀਆ ਸਗਲ ਜਹਾਨੁ ।।[69]

(ਅ) ਨਚਣੁ ਕੁਦਣੁ ਮਨ ਕਾ ਚਾਉ।।

ਨਾਨਕ ਜਿਨੁ ਮਨਿ ਭਉ ਤਿਨਾ ਮਨਿ ਭਾਉ।।[70]

ਮੱਧ ਕਾਲ ਵਿਚ ਲੋਕਾਂ ਦਾ ਤੀਰਥ ਯਾਤਰਾ ਕਰਨ ਵਿਚ ਬਹੁਤ ਵਿਸ਼ਵਾਸ ਸੀ। ਹਰੇਕ ਮਨੁੱਖ ਚਾਹੁੰਦਾ ਸੀ ਕਿ ਉਹ ਆਪਣੇ ਜੀਵਨ ਵਿਚ ਤੀਰਥ ਯਾਤਰਾ ਜ਼ਰੂਰ ਕਰੇ ਤਾਂ ਜੋ ਉਹ ਆਵਾਗਵਨ ਦੇ ਚੱਕਰ ਤੋਂ ਮੁਕਤੀ ਪ੍ਰਾਪਤ ਕਰ ਸਕੇ। ਮਨ ਨੂੰ ਸ਼ੁਧ ਨਹੀਂ ਕੀਤਾ ਜਾਂਦਾ ਸੀ। ਸ਼ਰੀਰ ਤੇ ਇਸ਼ਨਾਨ ਨੂੰ ਹੀ ਸਭ ਕੁਝ ਸਮਝ ਲਿਆ ਜਾਂਦਾ ਸੀ। ਗੁਰੂ ਸਾਹਿਬ ਅਨੁਸਾਰ ਅਜਿਹੇ ਮਨੁੱਖ ਮਨ ਤੇ ਉਲਟੀ ਮੈਲ ਚੜ੍ਹਾ ਲੈਂਦੇ ਸਨ। ਕਿਉਂਕਿ ਉਹਨਾਂ ਦਾ ਮਨ ਸ਼ੁਧ ਨਹੀਂ ਹੁੰਦਾ ਗੁਰੂ ਸਾਹਿਬ ਅਨੁਸਾਰ ਲੋਕਾਂ ਵਿਚ ਤੀਰਥਾਂ ਤੇ ਭਉਣ ਨਾਲ ਸ਼ਾਂਤੀ ਦੀ ਥਾਂ ਅੰਦਰੂਨੀ ਭਟਕਣ ਵਧੀ ਹੋਈ ਸੀ।

ਬਹੁ ਤੀਰਥ ਭਵਿਆ ਤੇਤੋ ਲਵਿਆ।।[71]

ਗੁਰੂ ਸਾਹਿਬ ਅਨੁਸਾਰ ਮਨੁੱਖ ਦੇ ਅਮਲ ਨੇਕ ਹੋਣੇ ਚਾਹੀਦੇ ਹਨ ਤੀਰਥ ਯਾਤਰਾ ਨਹੀਂ।

ਗੁਰੂ ਨਾਨਕ ਨੇ ਜਿਥੇ ਵਹਿਮਾਂ ਭਰਮਾਂ ਅਤੇ ਕਰਮ ਕਾਂਡਾਂ ਦਾ ਖੰਡਨ ਕੀਤਾ ਉਥੇ ਉਨ੍ਹਾਂ ਨੇ ਅਨਜਾਣ ਲੋਕਾਂ ਨੂੰ ਕੁਰਾਹੇ ਪਾ ਰਹੇ ਲੋਕਾਂ ਨੂੰ ਵੀ ਨਿੰਦਿਆ ਹੈ ਤੇ ਜ਼ੋਰਦਾਰ ਸ਼ਬਦਾਂ ਵਿਚ ਤਾੜਨਾ ਕੀਤੀ। ਚੌਕੇ ਚੁੱਰੇ ਕਰਨ ਨਾਲ ਤੇ ਕਾਰਾਂ ਕੱਢਣ ਨਾਲ ਸੁੱਚਮ ਪ੍ਰਾਪਤ ਨਹੀਂ ਹੁੰਦੀ ਬਲਕਿ ਹਿਰਦੇ ਦੇ ਵਿਸ਼ੇ ਵਿਕਾਰ ਦੂਰ ਕਰਨ ਨਾਲ ਸੁੱਚ ਪ੍ਰਾਪਤ

ਹੁੰਦੀ ਹੈ ਅਤੇ ਮਨੁੱਖ ਮਾਨਵਵਾਦੀ ਕਰਮ ਕਰਨ ਯੋਗ ਹੁੰ ਦਾ ਹੈ:

ਗੁਰੂ ਨਾਨਕ ਦੇਵ ਕਿਹਾ ਕਰਦੇ ਸਨ ਕਿ ਅੰਧ-ਵਿਸ਼ਵਾਸ਼ ਅਗਿਆਨਤਾ ਤੇ ਰੂੜ੍ਹੀਵਾਦਤਾ ਤੋਂ ਮੁਕਤ ਮਨ ਹੀ ਸ੍ਰੇਸ਼ਟ ਅਧਿਆਤਮਕ ਅਨੁਭਵ ਦੇ ਸਮਰਥ ਹੋ ਸਕਦਾ ਹੈ।[72]

ਸਮਾਜ ਦੇ ਵਿਕਾਸ ਲਈ ਸਾਧਾਰਣ ਮਨੁੱਖ ਦਾ ਵਿਕਾਸ ਜ਼ਰੂਰੀ ਸੀ ਲੇਕਿਨ ਉਸ ਸਮੇਂ ਆਤਮਿਕ ਵਿਕਾਸ ਦੇ ਉਲਟ ਕਰਮ ਕਾਂਡਾਂ ਨੇ ਹੀ ਧਰਮ ਦੀ ਥਾਂ ਲੈ ਲਈ ਸੀ ਇਸ ਸੰਦਰਭ ਵਿਚ ਬਲਵੰਤ ਸਿੰਘ ਆਨੰਦ ਦੇ ਵਿਚਾਰ ਇਸ ਤਰ੍ਹਾਂ ਹਨ:

> ਬ੍ਰਾਹਮਣ ਸ੍ਰੇਣੀ ਨੇ ਆਪਣੀ ਵਡਿਆਈ ਜਾਂ ਸੁਆਰਥ ਸਿੱਧੀ ਲਈ ਲੋਕਾਂ ਨੂੰ ਕਰਮਾਂ ਭਰਮਾਂ ਦੇ ਚੱਕਰ ਵਿਚ ਐਸਾ ਉਲਝਾਇਆ ਹੋਇਆ ਸੀ ਕਿ ਉਨ੍ਹਾਂ ਦਾ ਵਿਅਕਤਿਤਵ ਸਹੀ ਦਿਸ਼ਾ ਵਲ ਵਿਕਸਤ ਨਹੀਂ ਸੀ ਹੋ ਰਿਹਾ। ਕਰਮ-ਕਾਂਡ ਨੇ ਹੀ ਧਰਮ ਦੀ ਥਾਂ ਲੈ ਲਈ ਸੀ। ਉਹਨਾਂ ਨੂੰ ਇਹ ਵਿਸ਼ਵਾਸ ਦੁਆਇਆ ਜਾਂਦਾ ਸੀ ਕਿ ਉਹ ਕਰਮ ਕਾਂਡ ਨਾਲ ਦੇਵਤਿਆਂ ਨੂੰ ਪ੍ਰਭਾਵਿਤ ਕਰਕੇ ਉਨ੍ਹਾਂ ਪਾਸੋਂ ਮਨ-ਇੱਛਿਤ ਫਲ ਪ੍ਰਾਪਤ ਕਰ ਸਕਦੇ ਹਨ।[73]

ਉਸ ਸਮੇਂ ਮੁਸਲਮਾਨਾਂ ਦੇ ਦਬਾਅ ਅਤੇ ਜਜ਼ੀਏ ਦੇ ਡਰ ਸਦਕਾ ਹਿੰਦੂ ਧੜਾ ਧੜ ਮੁਸਲਮਾਨ ਬਣ ਰਹੇ ਸਨ ਅਤੇ ਮੁਗ਼ਲ ਸ਼ਾਸਕਾਂ ਨੂੰ ਖੁਸ਼ ਕਰਨ ਲਈ ਆਪਣੀ ਬੋਲੀ ਤੇ ਪੋਸ਼ਾਕ ਤਿਆਗ ਕੇ ਤੁਰਕਾਂ ਦੀ ਬੋਲੀ ਤੇ ਪਹਿਰਾਵੇ ਨੂੰ ਤਰਜੀਹ ਦੇਣ ਲੱਗ ਪਏ ਸਨ:

(ੲ) ਨੀਲ ਬਸਤ੍ਰ ਲੇ ਕੱਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ॥[74]

(ਅ) ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ॥
ਮਲੇਛ ਧਾਨੁ ਲੇ ਪੂਜਹਿ ਪੁਰਾਣੁ॥[75]

ਉਸ ਸਮੇਂ ਸਮਾਜ ਵਿਚ ਲੋਕਾਂ ਨੇ ਆਪਣੀਆਂ ਲਾਲਸਾਵਾਂ ਦੀ ਪੂਰਤੀ ਲਈ ਝੂਠ ਤੇ ਠੱਗੀ ਨੂੰ ਮਹੱਤਵ ਦੇਣਾ ਸ਼ੁਰੂ ਕਰ ਦਿੱਤਾ ਸੀ। ਉਹ ਲੋਕ ਕੂੜ ਨੂੰ ਸ਼ਹਿਦ ਤੋਂ ਵੀ ਮਿੱਠਾ

Sri Satguru Jagjit Singh Ji eLibrary NamdhariElibrary@gmail.com

ਅਨੁਭਵ ਕਰਨ ਲਗ ਪਏ ਸਨ ਪਰ ਗੁਰੂ ਨਾਨਕ ਨੇ ਲੋਕਾਈ ਦੀ ਸੁਤੀ ਆਤਮਾ ਨੂੰ ਝੰਝੋੜਿਆ ਅਤੇ ਉਹਨਾਂ ਨੂੰ ਦਸਿਆ ਕਿ ਸੰਸਾਰ ਵਿਚ ਪ੍ਰਭੂ ਦੇ ਨਾਮ ਤੋਂ ਬਿਨਾਂ ਸਭ ਕੂੜ ਹੈ:

ਕੂੜੁ ਮਿਠਾ ਕੂੜੁ ਮਾਖਿਉ ਕੂੜੁ ਡੋਬੇ ਪੂਰੁ।।
ਨਾਨਕੁ ਵਖਾਣੈ ਬੇਨਤੀ ਤੁਧੁ ਬਾਝੁ ਕੂੜੋ ਕੂੜੁ।।[76]

ਗੁਰੂ ਨਾਨਕ ਨੇ ਮਨੁੱਖ ਨੂੰ ਪਾਖੰਡ ਛੋੜ ਕੇ ਨਾਮ ਸਿਮਰਨ ਅਤੇ ਸੱਚਾ ਸੁੱਚਾ ਜੀਵਨ ਜੀਊਣ ਦੀ ਪ੍ਰੇਰਨਾ ਦਿੱਤੀ:

ਛੋਡੀਲੇ ਪਾਖੰਡਾ।। ਨਾਮਿ ਲਇਐ ਜਾਹਿ ਤਰੰਦਾ।।[77]

ਉਸ ਸਮੇਂ ਸਮਾਜ ਜਾਤ ਪਾਤ ਦੇ ਬੰਧਨਾਂ ਵਿਚ ਜਕੜਿਆ ਹੋਇਆ ਸੀ। ਵਿਅਕਤੀ ਦੀ ਪਰਖ ਦਾ ਆਧਾਰ ਉਸ ਦੀ ਜਾਤ ਸੀ ਉਸ ਦੇ ਗੁਣ ਅਵਗੁਣ ਨਹੀਂ ਦੇਖੇ ਜਾਂਦੇ ਸਨ। ਗੁਰੂ ਨਾਨਕ ਨੇ ਜਾਤੀ ਪ੍ਰਥਾ ਦਾ ਖੰਡਨ ਕਰਕੇ ਮਨੁੱਖੀ ਹੋਂਦ ਨੂੰ ਗੌਰਵ ਪ੍ਰਦਾਨ ਕੀਤਾ। ਸਮਾਨਤਾ ਵਾਲੇ ਸਮਾਜ ਦੀ ਸਥਾਪਨਾ ਕੀਤੀ ਤੇ ਮਨੁੱਖੀ ਅਧਿਕਾਰਾਂ ਦੀ ਰਖਿਆ ਕੀਤੀ। ਜਾਤ ਪਾਤ ਨੂੰ ਛਡ ਕੇ ਸ਼ੁਭ ਅਮਲਾਂ ਤੇ ਜ਼ੋਰ ਦਿੱਤਾ। ਗੁਰੂ ਨਾਨਕ ਨੇ ਲੋਕਾਈ ਨੂੰ '੧ਓ' ਦਾ ਸਿਧਾਂਤ ਦਿਤਾ ਜੋ ਏਕਤਾ ਦਾ ਸਿਧਾਂਤ ਸੀ। ਗੁਰੂ ਸਾਹਿਬ ਨੇ ਹਿੰਦੂ ਮੁਸਲਮਾਨ ਦੇ ਝਗੜੇ ਨੂੰ ਇਹ ਕਹਿ ਕੇ ਖਤਮ ਕਰ ਦਿਤਾ ਕਿ ਹਰ ਕੋਈ ਹਿੰਦੂ ਜਾਂ ਮੁਸਲਮਾਨ ਤੋਂ ਪਹਿਲਾਂ ਇਨਸਾਨ ਹੈ। ਇਹ ਇਨਸਾਨ ਉਸ ਇਕ ਪਰਮਾਤਮਾ ਦੇ ਪੈਦਾ ਕੀਤੇ ਹਨ ਅਤੇ ਉਹ ਆਪ ਹੀ ਸਭ ਵਿਚ ਆਤਮਾ ਰੂਪ ਵਿਚ ਵਿਦਮਾਨ ਹੈ:

ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇਂ।।
ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ।।[78]

ਡਾ. ਤਾਰਨ ਸਿੰਘ ਅਨੁਸਾਰ 'ਆਸਾ ਦੀ ਵਾਰ' ਪੂਰੀ ਤਰ੍ਹਾਂ ਸਮਕਾਲੀਨ ਇਤਿਹਾਸ ਹੈ। ਜਿਸ ਵਿਚ ਸਮਕਾਲੀਨ ਸਮਾਜ ਦਾ ਚਿਤ੍ਰਣ ਬੜੀ ਸੂਝ ਤੇਬਾਰੀਕੀ ਨਾਲ ਕੀਤਾ ਹੋਇਆ ਹੈ।

Sri Satguru Jagjit Singh Ji eLibrary NamdhariElibrary@gmail.com

ਉਸ ਵੇਲੇ ਦੇ ਰਸਮੀ ਧਰਮਾਂ ਉਤੇ ਥਾਂ ਥਾਂ ਵਿਅੰਗ ਕੀਤਾ ਹੈ। ਸਮਕਾਲੀਨ ਸਮੁੱਚੇ ਜੀਵਨ ਨੂੰ ਹਰ ਪੱਖ ਤੋਂ ਵਲਗਣ ਵਿਚ ਲਿਆ ਗਿਆ ਹੈ। ਇਹੋ 'ਆਸਾ ਦੀ ਵਾਰ' ਦੀ ਮਹਾਨਤਾ ਹੈ।"[79]

ਇਸ ਤਰ੍ਹਾਂ ਸਮੁੱਚੇ ਤੌਰ ਤੇ ਅਸੀਂ ਕਹਿ ਸਕਦੇ ਹਾਂ ਕਿ ਉਸ ਸਮੇਂ ਸਮਾਜ ਨਿਰਾਰਥਕ ਸਮਾਜਕ ਰਸਮਾਂ ਅਤੇ ਕਰਮ ਕਾਂਡਾਂ ਵਿਚ ਜਕੜਿਆ ਹੋਇਆ ਸੀ। ਗੁਰੂ ਨਾਨਕ ਨੇ ਵਹਿਮਾਂ ਭਰਮਾਂ ਵਿਚ ਫਸੇ ਲੋਕਾਂ ਦੇ ਵਾਸਤਵਿਕ ਜੀਵਨ ਨੂੰ ਆਪਣੀ ਇਸ ਰਚਨਾ ਵਿਚ ਬੜੇ ਕਲਾਮਈ ਢੰਗ ਨਾਲ ਪ੍ਰਗਟਾਇਆ ਹੈ ਅਤੇ ਨਾਲ ਹੀ ਮਨੁੱਖ ਨੂੰ ਇਹਨਾਂ ਪਾਖੰਡਾਂ ਦਾ ਤਿਆਗ ਕਰਕੇ ਨਾਮ ਸਿਮਰਨ ਵੱਲ ਪ੍ਰੇਰਿਆ। ਗੁਰੂ ਨਾਨਕ ਨੇ ਜਿਹੋ ਜਹੀ ਸਥਿਤੀ ਦਾ ਵਰਨਣ 'ਆਸਾ ਦੀ ਵਾਰ' ਵਿਚ ਕੀਤਾ ਹੈ। ਉਹ ਸਥਿਤੀ ਵਰਤਮਾਨ ਕਾਲ ਵਿਚ ਵੀ ਪਾਈ ਜਾਂਦੀ ਹੈ। ਅੱਜ ਦਾ ਮਨੁੱਖ ਵੀ ਉਸੇ ਤਰ੍ਹਾਂ ਫੋਕਟ ਰਸਮਾਂ ਰਿਵਾਜਾਂ ਤੇ ਵਹਿਮਾਂ ਭਰਮਾਂ ਵਿਚ ਗ੍ਰਸਿਆ ਹੋਇਆ ਹੈ। ਧਨ ਇਕੱਠਾ ਕਰਨ ਦੀ ਲਾਲਸਾ ਉਸ ਨੂੰ ਟਿਕਣ ਨਹੀਂ ਦਿੰਦੀ। ਅਜ ਵੀ ਬਗਲ ਵਿਚ ਛੁਰੀ ਰੱਖ ਕੇ ਮੂਹੋਂ ਰਾਮ ਰਾਮ ਦਾ ਜਾਪ ਕੀਤਾ ਜਾਂਦਾ ਹੈ।

ਅੱਜ ਵੀ ਉਚੀ ਜਾਤੀ ਜਾਂ ਕੁਲੀਨਤਾ ਦਾ ਅਭਿਮਾਨ ਮਨੁੱਖ ਵਿਚ ਪਾਇਆ ਜਾਂਦਾ ਹੈ। ਅਸਲ ਵਿਚ ਗੁਰੂ ਸਾਹਿਬ ਨੇ 'ਆਸਾ ਦੀ ਵਾਰ' ਵਿਚ ਜਿਹੜਾ ਚਿਤਰ ਪੇਸ਼ ਕੀਤਾ ਹੈ, ਉਹ ਮਨੁੱਖ ਦੀ ਸਰਬਕਾਲੀ ਮਨੋਸਥਿਤੀ ਦਾ ਹੀ ਲਖਾਇਕ ਹੈ ।

(ਹ) <u>ਇਸਤਰੀ ਦਾ ਸਥਾਨ :</u>

ਇਸਤਰੀ ਸਮਾਜ ਦਾ ਸਹਜ ਸ਼ਕਤੀ ਅਤੇ ਨਰੋਆ ਅੰਗ ਹੈ। ਇਸਤਰੀ ਦਾ ਗੌਰਵ ਭਾਰਤੀ ਸੰਸਕ੍ਰਿਤੀ ਦੀ ਇਕ ਵਿਸ਼ੇਸ਼ਤਾ ਹੈ। ਪ੍ਰਾਚੀਨ ਕਾਲ ਵਿਚ ਇਸਤਰੀ ਨੂੰ ਸਮਾਜ ਵਿਚ ਵਿਸ਼ੇਸ਼ ਅਧਿਕਾਰ ਪ੍ਰਾਪਤ ਸਨ ਪਰ ਬਾਅਦ ਵਿਚ ਜਦ ਸਮਾਜਕ ਅਤੇ ਰਾਜਸੀ ਵਾਤਾਵਰਣ ਜਾਗੀਰਦਾਰੀ ਰੁਚੀਆਂ ਨਾਲ ਯੁਕਤ ਹੋ ਗਿਆ ਤਾਂ ਉਨ੍ਹਾਂ ਦੀ ਸਭ ਤੋਂ ਵੱਡੀ ਗਲਤ ਧਾਰਣਾ ਇਹ ਬਣੀ ਕਿ ਇਸਤਰੀ ਹਵਸ ਅਤੇ ਕਾਮ ਭੋਗ ਦਾ ਸਾਧਨ ਹੈ। ਇਸ ਸਮੇਂ ਇਸਤਰੀ ਦੀ

Sri Satguru Jagjit Singh Ji eLibrary NamdhariElibrary@gmail.com

ਹਾਲਤ ਮਾਲਕਣ ਵਾਲੀ ਨਾ ਹੋ ਕੇ ਦਾਸੀ ਵਾਲੀ ਸੀ। ਉਸ ਦਾ ਪੂਰਾ ਸਤਿਕਾਰ ਵੀ ਨਹੀਂ ਸੀ। ਲੜਕੀ ਦੇ ਜਨਮ ਨੂੰ ਬਦਸ਼ਗਨੀ ਸਮਝਿਆ ਜਾਂਦਾ ਸੀ। ਪੜ੍ਹਨਾ ਲਿਖਣਾ ਵੀ ਔਰਤ ਲਈ ਵਿਵਰਜਿਤ ਸੀ। ਗੁਰੂ ਨਾਨਕ ਨੇ ਇਸ ਪੱਖਪਾਤੀ ਅਤੇ ਕਠੋਰ ਬਿਰਤੀ ਦਾ ਵਿਰੋਧ ਕੀਤਾ ਅਤੇ ਇਸਤਰੀ ਪ੍ਰਤੀ ਮਾਨਵਵਾਦੀ ਦ੍ਰਿਸ਼ਟੀਕੋਣ ਅਪਨਾਇਆ। ਕਿਸੇ ਸਮਾਜ ਦੀ ਸਭਿਅਤਾ ਦਾ ਅੰਦਾਜ਼ਾ ਉਸ ਵਿਚ ਪ੍ਰਾਪਤ ਇਸਤਰੀ ਦੇ ਸਥਾਨ ਤੋਂ ਲਗ ਸਕਦਾ ਹੈ। ਇਸਤਰੀ ਨੂੰ ਸਤਿਕਾਰ ਯੋਗ ਸਥਾਨ ਦੇਣ ਵਾਲਾ ਸਮਾਜ ਹੀ ਉੱਨਤ, ਸਭਿਅ ਸਮਾਜ ਕਿਹਾ ਜਾ ਸਕਦਾ ਹੈ। ਗੁਰੂ ਨਾਨਕ ਨੇ ਜਾਤ ਪਾਤ ਦੇ ਵਖੇਵੇਂ ਦੇ ਨਾਲ ਜਿਨਸ ਦੇ ਵਖੇਵੇਂ ਮੁਕਾਉਣ ਤੇ ਵੀ ਜ਼ੋਰ ਦਿੱਤਾ।

ਪੁਰਾਤਨ ਭਾਰਤੀ ਦਰਸ਼ਨ ਵਿਚ ਇਸਤਰੀ ਨੂੰ ਮਰਦ ਦੀ ਅਧਿਆਤਮਕ ਪ੍ਰਾਪਤੀ ਵਿਚ ਬਾਧਕ, ਅਪਵਿੱਤਰ, ਬੁਰਾਈਆਂ ਦੀ ਜੜ੍ਹ ਆਦਿ ਮੰਨਿਆ ਗਿਆ ਹੈ।

ਸਮਾਜ ਦਾ ਇਕ ਇਕਾਈ ਦਾ ਅੱਧਾ ਅੰਗ ਇਸਤਰੀ ਹੈ ਤੇ ਪੱਛਮੀ ਚਿੰਤਕਾਂ ਨੇ ਇਸਤਰੀ ਨੂੰ ਕੁਦਰਤ ਦੀ ਇਕ ਮਜ਼ੇਦਾਰ ਗਲਤੀ ਆਖ ਕੇ ਨਿੰਦਿਆ ਤੇ ਦੁਰਕਾਰਿਆ। ਅਰਸਤੂ ਨੇ ਵੀ ਇਸਤਰੀ ਨੂੰ ਨਾ ਮੁਕੰਮਲ ਵਸਤੂ ਕਿਹਾ ਹੈ। ਇਸਲਾਮ ਨੇ ਇਕ ਆਦਮੀ ਨੂੰ ਬਹੁਤੀਆਂ ਪਤਨੀਆਂ ਰੱਖਣ ਦੀ ਆਗਿਆ ਦੇ ਕੇ ਇਸਤਰੀ ਦੀ ਸਮਾਜਕ ਪਦਵੀ ਨੂੰ ਬਹੁਤ ਨੀਵਾਂ ਕਰ ਦਿੱਤਾ ਹੈ।

ਹਿੰਦੂ ਸਮਾਜ ਦੀ ਬੁਨਿਆਦ ਮੰਨੂ ਦੀ ਨਿਯਮਾਂਵਲੀ ਹੈ। ਮੰਨੂ ਅਨੁਸਾਰ, "ਤੀਵੀਂ ਦੀ ਜਾਤ ਇਸ ਲਾਇਕ ਹੀ ਨਹੀਂ ਕਿ ਉਸ ਨੂੰ ਆਜ਼ਾਦੀ ਦਿਤੀ ਜਾਏ।"[80] . . . ਉਸ ਦਾ ਵਿਆਹ ਬਾਲਗ ਹੋਣ ਤੋਂ ਪਹਿਲਾਂ ਕਰ ਦਿਤਾ ਜਾਣਾ ਚਾਹੀਦਾ ਹੈ ਤਾਂ ਕਿ ਉਹ ਕੋਈ ਸ਼ਰਾਰਤ ਨਾ ਕਰ ਸਕੇ।[81]

ਆਪਣੇ ਪਤੀ ਤੋਂ ਬਿਨਾਂ ਤੀਵੀਂ ਲਈ ਇਸ ਦੁਨੀਆ ਦੇ ਵਿਚ ਹੋਰ ਕੋਈ ਦੇਵਤਾ

Sri Satguru Jagjit Singh Ji eLibrary NamdhariElibrary@gmail.com

ਨਹੀਂ, ਪਤੀ ਭਾਵੇਂ ਅੰਨ੍ਹਾ, ਕਾਣਾ, ਲੰਗੜਾ, ਗੁੰਗਾ, ਬੋਲ਼ਾ, ਸ਼ਰਾਬੀ, ਜੁਆਰੀ ਤੇ ਆਚਰਣਹੀਣ ਵੀ ਹੋਵੇ, ਦੂਜਿਆਂ ਦੇ ਹੋਰ ਵੀ ਸਾਰੇ ਐਬ ਔਗੁਣ ਭਾਵੇਂ ਉਸ ਵਿਚ ਹੋਣ ਪਤਨੀ ਲਈ ਉਹ ਦੇਵਤਾ ਹੋਣਾ ਚਾਹੀਦਾ ਹੈ ਜਿਸ ਨੂੰ ਖੁਸ਼ ਕਰਨ ਲਈ ਪਤਨੀ ਹਰ ਯਤਨ ਕਰੇ।[82]

ਪਤੀ ਦੀ ਮੌਤ ਪਿਛੋਂ ਪਤਨੀ ਨੂੰ ਉਸ ਨਾਲ ਸਤੀ ਹੋ ਜਾਣਾ ਚਾਹੀਦਾ ਹੈ।[83] ਰੰਡੇ ਪੁਰਖ ਨੂੰ ਵਿਆਹ ਕਰਵਾਉਣ ਦਾ ਅਧਿਕਾਰ ਸੀ ਪਰ ਤੀਵੀਂ ਨੂੰ ਨਹੀਂ।[84]

ਬੁਧ ਧਰਮ ਦੀ ਵੀ ਇਸਤਰੀ ਬਾਰੇ ਰਾਇ ਬੜੀ ਸਖਤ ਹੈ। ਬੁਧ ਦੀ ਆਪਣੀ ਰਾਇ ਵੀ ਇਸਤਰੀ ਬਾਰੇ ਚੰਗੀ ਨਹੀਂ: ਇਕ ਵਾਰ ਆਪਣੇ ਚੇਲੇ ਅਨੰਦ ਨੂੰ ਉਹਨਾਂ ਨੇ ਕਿਹਾ ਸੀ:

> ਜੇ ਇਸਤਰੀਆਂ ਨੂੰ ਆਪਣੇ ਧਰਮ 'ਚ ਦਾਖਲ ਨਾ ਕੀਤਾ
> ਜਾਂਦਾ ਤਾਂ ਇਹ ਵੱਧ ਪ੍ਰਭਾਵਸ਼ਾਲੀ ਰਹਿਣਾ ਸੀ।[85]

ਨਾਥ ਜੋਗੀ ਇਸਤਰੀ ਦੇ ਕਾਮਿਨੀ ਰੂਪ ਦਾ ਵਿਰੋਧ ਕਰਦੇ ਹਨ ਅਤੇ ਉਸਦੇ ਇਸ ਰੂਪ ਲਈ ਬਾਘਨਿ ਨਾਗਨੀ ਅਤੇ ਮਾਇਆ ਆਦਿ ਘਿਰਣਾ-ਸੂਚਕ ਸ਼ਬਦ ਵਰਤਦੇ ਹਨ। ਨਾਥ ਜੋਗੀਆਂ ਅਨੁਸਾਰ ਇਸਤਰੀ ਇਕ ਅਜਿਹੀ 'ਬਾਘਨਿ' ਹੈ ਜਿਸਨੇ 'ਤ੍ਰੈਲੋਕੀ' ਨੂੰ ਖਾ ਲਿਆ ਹੈ:

> ਬਾਘਨਿ ਜਿੰਦ ਲੈ ਬਾਘਨਿ ਬਿੰਦ ਲੈ, ਬਾਘਨਿ ਹਮਰੀ ਕਾਇਆ।
> ਇੰਨ ਬਾਘਨਿ ਤ੍ਰੈ ਲੋਈ ਖਾਈ ਬਧਤਿ ਗੋਰਖ ਰਾਇਆ।।
>
> (ਗੋਰਖ ਬਾਣੀ)

ਸੰਤ ਕਵੀਆਂ ਵਲੋਂ ਬ੍ਰਹਮ ਅਤੇ ਜੀਵ ਦੇ ਸੰਜੋਗ ਲਈ ਭਗਤੀ ਤੇ ਜੋਰ ਦਿਤਾ ਗਿਆ ਤੇ ਇਸਤਰੀ ਅਤੇ ਮਾਇਆ ਦਾ ਤਿਆਗ ਆਵਸ਼ਕ ਸਮਝਿਆ ਗਿਆ ਕਿਉਂਕਿ ਇਸਤਰੀ

ਮਰਦ ਨੂੰ ਗੁਮਰਾਹ ਕਰਦੀ ਹੈ। ਇਸਤਰੀ ਨੂੰ ਪਸ਼ੂਆਂ ਅਤੇ ਸ਼ੂਦਰਾਂ ਦੇ ਬਰਾਬਰ ਦਰਜਾ ਦਿੱਤਾ ਜਾਂਦਾ ਸੀ ਅਤੇ ਪਤੀ ਨੂੰ ਉਸ ਉਤੇ ਹਰ ਪ੍ਰਕਾਰ ਦਾ ਹੱਕ ਪ੍ਰਾਪਤ ਸੀ। ਤੁਲਸੀਦਾਸ ਜਿਹੇ ਵਿਦਵਾਨਾਂ ਨੇ ਇਸਤਰੀ ਬਾਰੇ ਕਿਹਾ ਹੈ:

ਢੋਰ, ਗਾਂਵਾਰ, ਸ਼ੂਦਰ, ਪਸ਼ੂ, ਨਾਰੀ।।<br>
ਸਭ ਪਾਰੇ ਤਾੜਨ ਕੇ ਅਧਿਕਾਰੀ।।

ਇਸ ਤਰ੍ਹਾਂ ਅਸੀਂ ਅੰਦਾਜ਼ਾ ਲਗਾ ਸਕਦੇ ਹਾਂ ਕਿ ਗੁਰੂ ਨਾਨਕ ਤੋਂ ਪਹਿਲਾਂ ਸਭ ਧਰਮਾਂ, ਵਿਦਵਾਨਾਂ ਅਤੇ ਆਮ ਲੋਕਾਂ ਨੇ ਇਸਤਰੀ ਨੂੰ ਘਟੀਆ ਤੇ ਨੀਵਾਂ ਕਰਾਰ ਦਿੱਤਾ।

ਮੱਧਕਾਲੀ ਭਾਰਤ ਦੇ ਇਤਿਹਾਸ ਵਿਚ ਗੁਰੂ ਨਾਨਕ ਪਹਿਲੇ ਮਹਾਂ ਪੁਰਖ ਹੋਏ ਹਨ ਜਿਨ੍ਹਾਂ ਨੇ ਇਸਤਰੀ ਦੇ ਹੱਕ ਵਿਚ ਆਵਾਜ਼ ਉਠਾਈ। ਗੁਰੂ ਨਾਨਕ ਨੇ ਇਸਤਰੀ ਨੂੰ ਮਰਦ ਦਾ ਸ਼ਿੰਗਾਰ ਹੀ ਨਹੀਂ ਦਸਿਆ ਬਲਕਿ ਸੰਜਮ ਤੇ ਬੰਧੇਜ ਦਾ ਚਿੰਨ੍ਹ ਕਿਹਾ: 'ਭੰਡਿ ਹੋਵਹਿ ਬੰਧਾਨ'। ਗੁਰੂ ਨਾਨਕ ਨੇ ਇਸਤਰੀ ਪ੍ਰਤੀ ਕੋਹਜੇ ਵਿਚਾਰਾਂ ਦੀ ਨਿੰਦਾ ਕੀਤੀ। ਉਨ੍ਹਾਂ ਅਨੁਸਾਰ ਇਸਤਰੀ ਜਨਮ-ਦਾਤੀ ਹੈ ਇਸ ਕਰਕੇ ਇਹ ਨਿੰਦਨੀਯ ਨਹੀਂ ਹੈ। ਗੁਰੂ ਨਾਨਕ ਅਨੁਸਾਰ ਮਰਦ ਅਤੇ ਇਸਤਰੀਆਂ ਇਕ ਸਮਾਨ ਹਨ। ਸਮਾਜ ਵਿਚ ਇਸਤਰੀ ਨੂੰ ਉਹੀ ਸਥਾਨ ਪ੍ਰਾਪਤ ਹੈ ਜੋ ਮਰਦ ਨੂੰ। ਗੁਰੂ ਨਾਨਕ ਨੇ ਇਸਤਰੀ ਨੂੰ ਘਰ ਦੀ ਚਾਰ ਦੀਵਾਰੀ ਵਿਚੋਂ ਬਾਹਰ ਕੱਢ ਕੇ ਧਾਰਮਿਕ ਸਥਾਨਾਂ ਤੇ ਲਿਆਂਦਾ ਤੇ ਧਾਰਮਿਕ ਸਥਾਨ ਇਸਤਰੀਆਂ ਲਈ ਉਸੀ ਤਰ੍ਹਾਂ ਖੋਲਣ ਲਈ ਕਿਹਾ ਜਿਸ ਤਰ੍ਹਾਂ ਮਰਦਾਂ ਲਈ ਖੁਲ੍ਹਦੇ ਸਨ। ਗੁਰੂ ਸਾਹਿਬ ਨੇ 'ਪਰਦਾ ਪ੍ਰਥਾ' ਦਾ ਖੰਡਨ ਕੀਤਾ। ਇਸਤਰੀਆਂ ਨੂੰ ਲੰਗਰ ਵਿਚ ਸੇਵਾ ਕਰਨ ਦੀ ਖੁੱਲ੍ਹ ਦਿੱਤੀ। ਗੁਰੂ ਨਾਨਕ ਨੇ ਇਸਤਰੀ ਨੂੰ ਮਾਨ ਆਦਰ ਦੇ ਕੇ ਇਸਤਰੀ ਦਾ ਸਮਾਜ ਵਿਚ ਸਥਾਨ ਉਚਾ ਕੀਤਾ ਅਤੇ ਲੋਕਾਈ ਨੂੰ ਇਸ ਪ੍ਰਸੰਗ ਵਿਚ ਚੇਤੰਨ ਕੀਤਾ। ਇਸ ਸੰਦਰਭ ਵਿਚ ਪ੍ਰੋ. ਹਰਨਾਮ ਦਾਸ ਲਿਖਦੇ ਹਨ:

Sri Satguru Jagjit Singh Ji eLibrary NamdhariElibrary@gmail.com

> ਗੁਰੂ ਨਾਨਕ ਨੇ ਇਸ ਗੱਲ ਦਾ ਜ਼ੋਰਦਾਰ ਸਮਰਥਨ ਕੀਤਾ ਕਿ ਔਰਤ ਦੀ ਪ੍ਰਸੰਸਾ ਤੇ ਸਤਿਕਾਰ ਮਾਨਵਵਾਦੀ ਦ੍ਰਿਸ਼ਟੀਕੋਣ ਤੋਂ ਵੀ ਕਰਨਾ ਚਾਹੀਦਾ ਹੈ, ਜਿਨ੍ਹਾਂ ਨਾਲ ਸਦੀਆਂ ਤੋਂ ਗੁਲਾਮਾਂ ਤੇ ਘਰੇਲੂ ਨੌਕਰਾਂ ਵਾਲਾ ਸਲੂਕ ਕੀਤਾ ਗਿਆ ਹੈ।[86]

ਡਾ. ਹਰਿਭਜਨ ਸਿੰਘ ਇਸ ਸੰਬੰਧ ਵਿਚ ਇਸ ਪ੍ਰਕਾਰ ਲਿਖਦੇ ਹਨ:

> ਜਿਵੇਂ ਨਾਥ-ਸੰਤ-ਬਾਣੀਕਾਰਾਂ ਨੇ ਪ੍ਰਚੰਡ ਇਸਤਰੀ-ਨਿੰਦਾ ਅਤੇ ਦਿਵਜ-ਨਿੰਦਾ ਰਾਹੀਂ ਮਾਨਵੀ ਦ੍ਰਿਸ਼ ਪਾਸਾਰ ਵਿਚ ਦਿਲਚਸਪੀ ਲਈ ਉਵੇਂ ਹੀ ਨਾਨਕ ਬਾਣੀ ਨੇ ਮਾਨਵ ਜੀਵਨ ਪ੍ਰਬੰਧ ਵਿਚੋਂ ਰਾਜੇ ਅਤੇ ਰਾਜ ਕਰਮਚਾਰੀਆਂ ਨੂੰ ਵਿਸ਼ੇਸ਼ ਖੰਡਨ ਲਈ ਚੁਣਿਆ ਹੈ। ਇਸਤਰੀ-ਨਿੰਦਾ, ਨਾਨਕ ਬਾਣੀ ਵਿਚ ਵਰਜਿਤ ਹੈ। ਦਿਵਜ-ਵਿਰੋਧ, ਵਰਜਿਤ ਨਹੀਂ, ਵਿਰਲ ਹੈ। ਨਾਨਕ ਬਾਣੀ ਵਿਚ ਸਪਸ਼ਟ ਨਿੰਦਾ ਹਾਕਮ-ਜਮਾਤ ਦੀ ਹੀ ਹੋਈ।[87]

'ਆਸਾ ਦੀ ਵਾਰ' ਵਿਚ ਗੁਰੂ ਨਾਨਕ ਅਨੁਸਾਰ ਇਸਤਰੀ ਬਿਨ੍ਹਾਂ ਇਹ ਦੁਨੀਆਂ ਨਹੀਂ ਚਲਦੀ। ਇਸ ਤੋਂ ਸਭ ਇਨਸਾਨ ਪੈਦਾ ਹੁੰਦੇ ਹਨ ਅਤੇ ਇਸਤਰੀ ਨਾਲ ਵਿਆਹ ਹੋ ਕੇ ਅੱਗੇ ਰਿਸ਼ਤੇਦਾਰੀਆਂ ਵਧਦੀਆਂ ਹਨ ਅਤੇ ਮਨੁੱਖੀ ਸਮਾਜ ਬਣਦਾ ਹੈ। ਇਸਤਰੀ ਜੋ ਪੀਰ-ਪੈਗੰਬਰਾਂ ਰਾਜਿਆਂ-ਜੋਧਿਆਂ ਨੂੰ ਜਨਮ ਦਿੰਦੀ ਹੈ ਉਸ ਨੂੰ ਮੰਦਾ ਕਿਸ ਤਰ੍ਹਾਂ ਆਖਿਆ ਜਾ ਸਕਦਾ ਹੈ। ਇਸ ਵਾਰ ਵਿਚ ਗੁਰੂ ਨਾਨਕ ਦੇ ਵਿਚਾਰ ਇਸਤਰੀ ਬਾਰੇ ਇਸ ਤਰ੍ਹਾਂ ਹਨ:

> ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥
> ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥
> ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥
> ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥[88]

ਸਭ ਤੋਂ ਵੱਡੀ ਗੱਲ ਗੁਰੂ ਨਾਨਕ ਬਾਣੀ ਵਿਚ ਪ੍ਰਭੂ ਭਗਤੀ ਦਾ ਪ੍ਰਤੀਕ ਪਤਨੀ

ਦੇ ਆਪਣੇਪਤੀ ਲਈ ਵਿਯੋਗ ਨੂੰ ਬਣਾਇਆ ਹੈ। ਪ੍ਰਭੂ ਪ੍ਰਾਪਤੀ ਦੀ ਮੂਲ ਸਾਧਨਾ ਗੁਰੂ ਸਾਹਿਬ ਦੀ ਦ੍ਰਿਸ਼ਟੀ ਵਿਚ ਇਕ ਅਜੇਹਾ ਸੰਬੰਧ ਹੈ ਜਿਸ ਵਿਚ ਇਸਤਰੀ ਨੂੰ ਸਾਧਕਾਂ ਦਾ ਕੇਂਦਰੀ ਸਥਾਨ ਦਿੱਤਾ ਹੈ ਅਤੇ ਉਸਦੀ ਭਾਵਨਾ, ਜੀਵਨਤਾ ਆਤਮ ਸਮਰਪਣ ਅਤੇ ਪਤਨੀਦੇ ਪਤੀ ਨਾਲ ਸੰਜੋਗ ਦੀ ਚੇਸ਼ਟਾ ਨੂੰ ਸੰਸਾਰਿਕ ਸਰੋਕਾਰਾਂ ਤੋਂ ਉਪਰ ਚੁਕ ਕੇ ਪਰਮਾਰਥਕ ਸੰਸਕਾਰਾਂ ਨਾਲ ਜੋੜ ਦਿੱਤਾ ਹੈ। ਇਹ ਗੱਲ ਹੋਰ ਵੀ ਮਹੱਤਵ ਪੂਰਣ ਹੈ ਕਿ ਗੁਰੂ ਸਾਹਿਬ ਨੇ ਇਸਤਰੀ ਪੁਰਖ ਦੇ ਰਿਸ਼ਤੇ ਨੂੰ ਵੈਸ਼ੀ ਯਾ ਜਾਂਗਲੀ ਮਰਿਆਦਾ ਹੀਣ ਰਿਸ਼ਤੇ ਦੇ ਰੂਪ ਵਿਚ ਨਹੀਂ ਚਿਤਵਿਆ ਸਗੋਂ ਗ੍ਰਹਿਸਤ ਦੇ ਪਤੀ ਪਤਨੀ ਦੇ ਸੰਬੰਧਾਂ ਦੇ ਪ੍ਰਸੰਗ ਵਿਚ ਚਿਤਵਿਆ ਹੈ।

ਇਸ ਤਰ੍ਹਾਂ ਗੁਰੂ ਸਾਹਿਬ ਦੀ ਬਾਣੀ ਦੁਆਰਾ ਮਾਨਵਵਾਦ ਦੇ ਵਿਸਤਾਰ ਲਈ ਮੱਧਕਾਲ ਵਿਚ ਸਭ ਤੋਂ ਮਹੱਤਵਪੂਰਣ ਵਿਚਾਰਧਾਰਾ ਪ੍ਰਫੁੱਲਤ ਹੋਈ ਹੈ। ਆਪਣੇ ਪਤੀ ਤੋਂ ਵਿਯੋਗੀ ਹੋਈ ਪਤਨੀ ਦੀ ਬਿਰਹਾ ਵਿਰਹਣੀ ਨੂੰ ਗੁਰੂ ਸਾਹਿਬ ਨੇ ਪਰਮਾਰਥਕ ਪਵਿੱਤਰਤਾ ਤੇ ਸਮਾਜਕ ਗੌਰਵ ਦੋਹਾਂ ਆਧਾਰਾਂ ਵਿਚ ਨਵੇਂ ਸਿਰਿਓਂ ਜਾਗ੍ਰਿਤ ਕੀਤਾ।

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਮੱਧਕਾਲੀ ਇਤਿਹਾਸ ਵਿਚ ਗੁਰੂ ਨਾਨਕ ਪਹਿਲੇ ਮਹਾਨ ਸੁਧਾਰਕ ਸਨ ਜਿਨ੍ਹਾਂ ਨੇ ਸੈਂਕੜੇ ਵਰ੍ਹਿਆਂ ਤੋਂ ਲਿਤਾੜੀ ਜਾਂਦੀ ਇਸਤਰੀ ਨੂੰ ਉਪਰ ਚੁੱਕਿਆ ਅਤੇ ਉਸ ਨੂੰ ਸਮਾਜ ਵਿਚ ਸਨਮਾਨਯੋਗ ਸਥਾਨ ਦਿੱਤਾ। ਇਸ ਸੰਦਰਭ ਵਿਚ ਡਾ. ਮਨਮੋਹਨ ਸਿੰਘ ਦੇ ਵਿਚਾਰ ਇਸ ਤਰ੍ਹਾਂ ਹਨ:

> ਗੁਰੂ ਨਾਨਕ ਦੇਵ ਜੀ ਨੇ ਇਸਤਰੀ ਦੇ ਹੱਕ ਵਿਚ ਨਾ ਕੇਵਲ ਜ਼ੋਰਦਾਰ ਆਵਾਜ਼ ਹੀ ਉਠਾਈ ਸਗੋਂ ਅੱਕਟ ਦਲੀਲ ਪੇਸ਼ ਕਰਦਿਆਂ ਹੋਇਆਂ ਉਹਨਾਂ ਨੇ ਕਿਹਾ ਕਿ ਸਾਰੇ ਸੰਸਾਰ ਦੀ ਜਨਨੀ ਇਸਤਰੀ ਹੈ। ਇਸ ਨੂੰ ਬੁਰਾ ਕਹਿਣ ਵਾਲਾ ਮਰਦ ਇਸਤਰੀ ਹੋਂਦ ਤੋਂ ਬਿਨਾਂ ਆਪਣੀ ਹੋਂਦ ਦਾ ਕਿਆਸ ਵੀ ਨਹੀਂ ਕਰ ਸਕਦਾ। ਜੀਵਨ ਵਿਚ ਮਰਦ ਦਾ ਇਸਤਰੀ ਨਾਲ ਅਟੁੱਟ ਸੰਬੰਧ ਹੈ, ਇਹ ਸਭ ਕੁਝ ਹੁੰਦਿਆਂ ਇਸਤਰੀ ਨੂੰ ਮੰਦਾ ਕਿਉਂ ਆਖਿਆਂ ਜਾਵੇ। ਗੁਰੂ ਨਾਨਕ ਦੇਵ ਜੀ ਤੋਂ

Sri Satguru Jagjit Singh Ji eLibrary NamdhariElibrary@gmail.com

> ਪਹਿਲਾਂ ਦੇ ਅਤੇ ਸਮਕਾਲੀ ਕਿਸੇ ਵੀ ਭਗਤ ਕਵੀ ਜਾਂ ਆਚਾਰੀਆਂ ਨੇ ਇਸਤਰੀ ਦੇ ਹੱਕ ਵਿਚ ਅਜਿਹੀ ਜ਼ੋਰਦਾਰ ਆਵਾਜ਼ ਉਠਾਈ। ਗੁਰੂ ਨਾਨਕ ਦੇਵ ਜੀ ਨੇ ਹੀ ਮਾਨੋ ਸਭ ਤੋਂ ਪਹਿਲਾਂ ਇਸਤਰੀ ਦੇ ਸਮਾਜ ਵਿਚਲੇ ਸਥਾਨ ਦੀ ਸਮੱਸਿਆ ਨੂੰ ਭਗਤੀ-ਸਾਹਿਤ ਦਾ ਵਿਸ਼ਾ ਬਣਾਇਆ। ਇੰਜ ਗੁਰੂ ਸਾਹਿਬ ਨੇ ਭਗਤੀ ਸਾਹਿਤ ਦੇ ਮਗਰਲੇ ਰਚਣਹਾਰਿਆਂ ਦੀ ਅਗਵਾਈ ਕੀਤੀ।[89]

ਇਸ ਤਰ੍ਹਾਂ ਸਮੁੱਚੇ ਤੌਰ ਤੇ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਨਾਨਕ ਪਹਿਲੇ ਮਹਾਂ ਪੁਰਸ਼ ਸਨ ਜਿਨ੍ਹਾਂ ਨੇ ਇਸਤਰੀ ਦੇ ਹੱਕ ਵਿਚ ਆਵਾਜ਼ ਉਠਾਈ। ਉਨ੍ਹਾਂ ਨੇ ਇਸਤਰੀ ਨੂੰ ਸਮਾਜ ਵਿਚ ਯੋਗ ਥਾਂ ਦੇ ਕੇ ਆਦਰਸ਼ਕ ਸਮਾਜ ਦੀ ਸਥਾਪਨਾ ਦਾ ਮੁੱਢ ਬੰਨ੍ਹਿਆ । ਨਾਲ ਹੀ ਮਨੁੱਖ ਦੇ ਸਨਮਾਨ ਨੂੰ ਵਧਾਇਆ।

## <u>ਹਵਾਲੇ ਅਤੇ ਟਿੱਪਣੀਆਂ</u>


1. ਏ.ਉਵਰਾਰੋਕੇ, <u>ਸਮਾਜਵਾਦੀ ਯਥਾਰਥਵਾਦ ਅਤੇ ਆਧੁਨਿਕ ਸਾਹਿਤਕ ਪ੍ਰਕ੍ਰਿਆ</u>, ਪੰ. 9

2. T.S. Eliot, <u>Selected Essays</u>, P. 488

3. <u>Encyclopedia Britanica 1968</u>, Vol.II,P. 825

4. J.T.Shipley, <u>Dictionary of World Literature</u> Ed.1943,P.305

5. Prof. Wazor Singh 'Aspects of Guru Nanak's Humanism' <u>Parkh</u>, Guru NanakSamriti Ank, 1969, P.68

6. ਡਾ. ਨਵਲ ਕਿਸ਼ੋਰ, <u>ਮਾਨਵਵਾਦ ਔਰ ਸਾਹਿਤਯ</u>, ਪੰ. 14

7. Dr.Radha Krishnanm, <u>Recovery of Faith</u>, Orient Paper back, Delhi 1969, P.49

8. ਡਾ. ਵਜ਼ੀਰ ਸਿੰਘ, 'ਪੰਜਾਬੀ ਸਭਿਆਚਾਰ ਵਿਚ ਮਾਨਵਵਾਦ' <u>ਜਾਗ੍ਰਤੀ</u>, ਜਿਲਦ-35, ਅੰਕ 12, ਦਸੰਬਰ 1988, ਚੰਡੀਗੜ੍ਹ, ਪੰ. 7

9. ਡਾ. ਵਜ਼ੀਰ ਸਿੰਘ, <u>ਧਰਮ ਦਾ ਦਾਰਸ਼ਨਿਕ ਪੱਖ</u>, ਪੰ. 65

10. Prof.Puran Singh,<u>The Spirit Born People</u>, P.115

11. ਵਾਰ ਆਸਾ, ਮਹਲਾ ੧, <u>ਆਦਿ ਗ੍ਰੰਥ</u>, ਪੰ. 470-471

12. ਉਹੀ, ਪੰ. 468-469

13. ਉਹੀ, ਪੰ. 468

14. ਉਹੀ, ਪੰ. 471-472

15. ਉਹੀ, ਪੰ. 465

16. ਪੰਜਾਬੀ ਦੁਨੀਆ, ਗੁਰੂ ਨਾਨਕ ਅੰਕ (ਭਾਗ ਪਹਿਲਾ), ਪੰ. 150

17. ਡਾ. ਕਾਲਾ ਸਿੰਘ ਬੇਦੀ, ਗੁਰੂ ਨਾਨਕ ਦਰਸ਼ਨ, ਪੰ. 110

18. ਡਾ. ਜਗਬੀਰ ਸਿੰਘ, 'ਗੁਰੂ ਨਾਨਕ ਬਾਣੀ ਵਿਚ ਮਾਨਵ ਦਾ ਸੰਕਲਪ' ਖੋਜ ਪਤ੍ਰਿਕਾ, ਗੁਰੂ ਨਾਨਕ ਵਿਸ਼ੇਸ਼ ਅੰਕ (ਨਵੰਬਰ 1969) ਪੰ. 182

19. ਵਾਰ ਆਸਾ, ਮਹਲਾ ੧, ਆਦਿ ਗ੍ਰੰਥ, ਪੰ. 468

20. ਡਾ. ਅਤਰ ਸਿੰਘ 'ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੀ ਵਸਤੂ ਬਣਤਰ' (ਸੰਪਾ. ਡਾ. ਸੁਰਿੰਦਰ ਸਿੰਘ ਕੋਹਲੀ) ਗੁਰੂ ਤੇਗ ਬਹਾਦਰ ਜੀਵਨ ਸਮੇਂ ਤੇ ਰਚਨਾ, ਪੰ. 194

21. ਵਾਰ ਆਸਾ, ਮਹਲਾ ੧, ਆਦਿ ਗ੍ਰੰਥ, ਪੰ. 474

22. ਆਦਿ ਗ੍ਰੰਥ, ਪੰ. 3

23. ਵਾਰ ਆਸਾ, ਮਹਲਾ ੧, ਆਦਿ ਗ੍ਰੰਥ, ਪੰ. 469

24. ਸੂਹੀ ਮਹਲਾ ੧, ਆਦਿ ਗ੍ਰੰਥ, ਪੰ. 751

25. ਡਾ. ਜਗਬੀਰ ਸਿੰਘ, 'ਗੁਰੂ ਨਾਨਕ ਬਾਣੀ ਵਿਚ ਮਾਨਵ ਦਾ ਸੰਕਲਪ' ਖੋਜ ਪਤ੍ਰਿਕਾ, ਗੁਰੂ ਨਾਨਕ ਵਿਸ਼ੇਸ਼ ਅੰਕ: ਨਵੰਬਰ 1969, ਪੰ. 185

26. ਵਾਰ ਆਸਾ, ਮਹਲਾ ੧, ਆਦਿ ਗ੍ਰੰਥ, ਪੰ. 467

27. ਡਾ. ਜਗਬੀਰ ਸਿੰਘ, ਗੁਰੂ ਨਾਨਕ ਬਾਣੀ ਵਿਚ ਨੈਤਿਕਤਾ ਦਾ ਸੰਕਲਪ, ਪੰ. 8

28. ਮਹਾਨ ਕੋਸ਼,

29. Avtar Singh, Ethics of the Sikhs (Introduction), P.1

30. Ibid, P.1

Sri Satguru Jagjit Singh Ji eLibrary NamdhariElibrary@gmail.com

31. Sohan Singh, <u>The Ballad of God and Man</u> (Introduction)P.14

32. Ibid, P. 15

33. ਵਾਰ ਆਸਾ, ਮਹਲਾ ੧, <u>ਆਦਿ ਗ੍ਰੰਥ</u>, ਪੰ. 465

34. ਉਹੀ, ਪੰ. 464

35. ਉਹੀ, ਪੰ. 471-472

36. ਉਹੀ, ਪੰ. 471

37. ਉਹੀ, ਪੰ. 463

38. ਉਹੀ, ਪੰ. 466

39. ਉਹੀ, ਪੰ. 466

40. ਉਹੀ, ਪੰ. 467

41. ਉਹੀ, ਪੰ. 466-467

42. ਉਹੀ, ਪੰ. 470

43. ਉਹੀ, ਪੰ. 473

44. ਸਿਰੀ ਰਾਗ ਮਹਲਾ ੧, <u>ਆਦਿ ਗ੍ਰੰਥ</u>, ਪੰ. 62

45. ਡਾ. ਵਜ਼ੀਰ ਸਿੰਘ, <u>ਨੈਤਿਕ ਨਿਯਮ</u>, ਪੰ. 101

46. ਵਾਰ ਆਸਾ, ਮਹਲਾ ੧, <u>ਆਦਿ ਗ੍ਰੰਥ</u>, ਪੰ. 470-471

47. ਉਹੀ, ਪੰ. 468

48. ਉਹੀ, ਪੰ. 473

49. ਉਹੀ, ਪੰ. 464

50. ਉਹੀ, ਪੰ. 468

51. ਉਹੀ, ਪੰ. 468

52. ਉਹੀ, ਪੰ. 473

Sri Satguru Jagjit Singh Ji eLibrary NamdhariElibrary@gmail.com

53. Wazir Singh, 'Social Protest in Gurbani' Journal of Medieval Indian Literature, P.U., Chd. Vol. II, March-Sept, 1978 No. 18, P. 26

54. Dr. Attar Singh, 'Guru Nanak's Vision of Religions Humanism' Studies in Sikhism and Comparative Religion, Vol. I, Oct 1982 P. 21-22

55. ਵਾਰ ਆਸਾ, ਮਹਲਾ ੧, ਆਦਿ ਗ੍ਰੰਥ, ਪੰ. 471

56. ਉਹੀ, ਪੰ. 473

57. ਉਹੀ, ਪੰ. 467

58. ਉਹੀ, ਪੰ. 470

59. ਉਹੀ, ਪੰ. 471

60. ਉਹੀ, ਪੰ. 467

61. ਉਹੀ, ਪੰ. 471

62. ਉਹੀ, ਪੰ. 472

63. ਉਹੀ, ਪੰ. 472

64. ਉਹੀ, ਪੰ. 472

65. ਉਹੀ, ਪੰ. 472

66. ਉਹੀ, ਪੰ. 473

67. ਉਹੀ, ਪੰ. 472

68. ਉਹੀ, ਪੰ. 466

69. ਉਹੀ, ਪੰ. 465

70. ਉਹੀ, ਪੰ. 465

71. ਉਹੀ, ਪੰ. 467

Sri Satguru Jagjit Singh Ji eLibrary NamdhariElibrary@gmail.com

72. Some Social Religious Ideas of Guru Nanak, P.3
(The Paper read at International Seminar on Guru Nanak's life and teachings, Panjabi University, Patiala.

73. Balwant Singh Anand, Guru Nanak Religion and Ethics, P.31

74. ਵਾਰ ਆਸਾ, ਮਹਲਾ ੧, ਆਦਿ ਗ੍ਰੰਥ, ਪੰ. 470

75. ਉਹੀ, ਪੰ. 472

76. ਉਹੀ, ਪੰ. 468

77. ਉਹੀ, ਪੰ. 471

78. ਉਹੀ, ਪੰ. 469

79. ਡਾ. ਤਾਰਨ ਸਿੰਘ, ਗੁਰੂ ਨਾਨਕ ਚਿੰਤਨ ਤੇ ਕਲਾ, ਪੰ. 120

80. ਵੀਰ ਸਿੰਘ ਰੰਧਾਵਾ, 'ਗੁਰੂ ਨਾਨਕ ਬਾਣੀ ਵਿਚ ਸਮਾਜਕ ਚਿਤ੍ਰਣ' ਖੋਜ ਪਤ੍ਰਿਕਾ, ਗੁਰੂ ਨਾਨਕ ਵਿਸ਼ੇਸ਼ ਅੰਕ, ਨਵੰਬਰ 1969, ਪੰ. 108

81. ਉਹੀ, ਪੰ. 108

82. ਉਹੀ, ਪੰ. 108

83. ਉਹੀ, ਪੰ. 108

84. ਉਹੀ, ਪੰ. 108

85. ਉਹੀ, ਪੰ. 108

86. Prof. Harnam Dass 'Guru Nanak-As An Ideal Humanist' 'PARKH' Guru Nanak Samriti Ank, 1969, P.U. Chandigarh, P.121

Sri Satguru Jagjit Singh Ji eLibrary NamdhariElibrary@gmail.com

87. ਡਾ. ਹਰਿਭਜਨ ਸਿੰਘ, ਅਧਿਐਨ ਤੇ ਅਧਿਆਪਨ, ਪੰ. 146

88. ਵਾਰ ਆਸਾ, ਮਹਲਾ ੧, ਆਦਿ ਗ੍ਰੰਥ, ਪੰ. 473

89. ਡਾ. ਮਨਮੋਹਨ ਸਿੰਘ, ਭਗਤੀ ਅੰਦੋਲਨ ਪ੍ਰਤੀ ਗੁਰੂ ਨਾਨਕ ਦੇਵ ਜੀ ਦੀ ਦੇਣ, ਪੰ.34- 35

Sri Satguru Jagjit Singh Ji eLibrary NamdhariElibrary@gmail.com

ਅਧਿਆਇ ਤੀਜਾ :

*
*
*
*
*
*
*

# ਆਸਾ ਦੀ ਵਾਰ ਵਿਚ ਰਾਜਨੀਤਕ ਅਤੇ ਇਤਿਹਾਸਕ ਸਥਿਤੀ ਦੀ ਚੇਤਨਾ

Sri Satguru Jagjit Singh Ji eLibrary NamdhariElibrary@gmail.com

## ਆਸਾ ਦੀ ਵਾਰ ਵਿਚ ਰਾਜਨੀਤਿਕ ਇਤਿਹਾਸਕ ਸਥਿਤੀ ਦੀ ਚੇਤਨਾ

ਮੱਧਕਾਲ ਵਿਚ ਪੰਜਾਬੀ ਸਾਹਿਤ ਵਿਚ ਕਈ ਤਰ੍ਹਾਂ ਦੀਆਂ ਵਾਰਾਂ ਰਚੀਆਂ ਗਈਆਂ ਜਿਨ੍ਹਾਂ ਨੂੰ ਖਾਸਾਂ ਦੋ ਭਾਗਾਂ ਵਿਚ ਵੰਡ ਸਕਦੇ ਹਾਂ; ਇਕ ਬੀਰ ਰਸੀ ਤੇ ਦੂਜੀਆਂ ਅਧਿਆਤਮਕ ਵਾਰਾਂ। ਗੁਰੂ ਨਾਨਕ ਤੋਂ ਪਹਿਲਾਂ ਵੀ ਕਈ ਵਾਰਾਂ ਰਚੀਆਂ ਗਈਆਂ ਜਿਨ੍ਹਾਂ ਨੂੰ ਧੁਨੀਆਂ ਦੀਆਂ ਵਾਰਾਂ ਆਖਿਆ ਜਾਂਦਾ ਹੈ। ਇਨ੍ਹਾਂ ਵਾਰਾਂ ਦਾ ਵਿਸ਼ਾ ਰਾਜਿਆਂ, ਮਹਾਰਾਜਿਆਂ, ਸੂਰਬੀਰਾਂ ਤੇ ਬਹਾਦਰਾਂ ਦੀ ਜਿਸਮਾਨੀ ਅਤੇ ਉਚੀ ਸ਼ਾਨ ਨੂੰ ਗਾਉਣਾ ਸੀ।

ਪੰਜਾਬੀ ਸਾਹਿਤ ਵਿਚ ਦੂਸਰੀ ਕਿਸਮ ਦੀਆਂ ਵਾਰਾਂ ਨੂੰ ਅਧਿਆਤਮਕ ਵਾਰਾਂ ਕਿਹਾ ਜਾਂਦਾ ਹੈ। ਜਿਨ੍ਹਾਂ ਵਿਚ ਭਾਈ ਗੁਰਦਾਸ ਦੀਆਂ ਅਤੇ ਗੁਰੂ ਗ੍ਰੰਥ ਸਾਹਿਬ ਵਿਚ ਲਿਖੀਆਂ ਹੋਰ ਕਈ ਵਾਰਾਂ ਹਨ। ਅਧਿਆਤਮਕ ਵਾਰਾਂ ਦਾ ਵਿਸ਼ਾ ਮਨੁੱਖ ਨੂੰ ਸੱਚਾ ਸੁੱਚਾ ਜੀਵਨ ਬਤੀਤ ਕਰਨ ਦੀ ਸੋਝੀ ਬਖਸ਼ਦਾ ਹੈ। 'ਆਸਾ ਦੀ ਵਾਰ' ਇਕ ਅਧਿਆਤਮਕ ਵਾਰ ਹੈ। ਇਹ ਇਕ ਅਜਿਹੀ ਰਚਨਾ ਹੈ ਜਿਸ ਵਿਚ ਗੁਰੂ ਨਾਨਕ ਨੇ ਆਤਮ ਅਤੇ ਅਨਾਤਮ, ਲੌਕਿਕ ਅਤੇ ਪਾਰਲੌਕਿਕ, ਆਤਮਾ ਅਤੇ ਪਰਮਾਤਮਾ ਦੇ ਸੰਬੰਧਾਂ ਨੂੰ ਸੰਸਾਰਿਕ ਪੱਧਰ ਤੇ ਵਿਚਰ ਕੇ ਪੇਸ਼ ਕੀਤਾ ਹੈ। ਇਸ ਵਿਚੋਂ ਪਰਮਾਤਮਾ ਦੀ ਸਿਰਜਨਾ ਅਤੇ ਮਨੁੱਖੀ ਸਿਰਜਨਾ ਦਾ ਝਲਕਾਰਾ ਪੈਂਦਾ ਹੈ। 'ਆਸਾ ਦੀ ਵਾਰ' ਸਦੀਆਂ ਤੋਂ ਮਨੁੱਖਤਾ ਨੂੰ ਜਾਗ੍ਰਿਤੀ ਦਾ ਸੰਦੇਸ਼ ਦੇਂਦੀ ਆ ਰਹੀ ਹੈ।

ਇਹ ਰਚਨਾ ਸਿਖ ਮਤ ਅਨੁਸਾਰ ਮਨੁੱਖ ਦੇ ਜੀਵਨ ਦਾ ਅਨਿਖੜਵਾਂ ਅੰਗ ਬਣ ਚੁੱਕੀ ਹੈ। ਰੋਜ ਅੰਮ੍ਰਿਤ ਵੇਲੇ ਇਸ ਦਾ ਕੀਰਤਨ ਸਾਨੂੰ ਅਮਰਤਾ ਦੀ ਪ੍ਰਾਪਤੀ ਲਈ ਪ੍ਰੇਰਦਾ ਹੈ। ਇਸ ਨੂੰ ਸਰਵਣ ਕਰਨ ਨਾਲ ਮਨੁੱਖ ਮੋਕਸ਼ ਪ੍ਰਾਪਤ ਕਰ ਲੈਂਦਾ ਹੈ।

ਤਤਕਾਲੀਨ ਸਮਾਜ ਵਿਚ ਫੈਲੇ ਹੋਏ ਵਿਕਾਰਾਂ ਦੀ ਇਸ ਬਾਣੀ ਵਿਚ ਕਟੂ ਆਲੋਚਨਾ ਕੀਤੀ ਗਈ ਹੈ। ਇਹ ਰਚਨਾ ਨਿਰਾਸ਼ ਲੋਕਾਈ ਨੂੰ ਆਸ਼ਾ ਦਾ ਸੰਦੇਸ਼ ਦੇਂਦੀ ਹੈ। ਇਸ ਵਿਚ

Sri Satguru Jagjit Singh Ji eLibrary NamdhariElibrary@gmail.com

ਤਤਕਾਲੀਨ ਲੋਕ ਵਿਸ਼ਵਾਸ਼ਾਂ, ਭਰਮਾਂ, ਪਾਖੰਡਾਂ ਆਦਿ ਦਾ ਵਿਸ਼ਲੇਸ਼ਣਾਤਮਕ ਵਰਨਣ ਹੈ। ਇਹ ਸਾਡਾ ਮਾਰਗ ਦਰਸ਼ਕ ਚਾਨਣ ਮੁਨਾਰਾ ਹੈ।

ਇਸ ਵਾਰ ਵਿਚ ਉਸ ਸਮੇਂ ਦੀ ਰਾਜਨੀਤਿਕ ਸਥਿਤੀ ਦਾ ਵਰਨਣ ਬਹੁਤ ਸੁੰਦਰ ਕੀਤਾਂ ਗਿਆ ਹੈ। ਭਾਰਤ ਦੇ ਇਤਿਹਾਸ ਵਿਚ ਜਿਸ ਸਮੇਂ ਗੁਰੂ ਨਾਨਕ ਨੇ ਜਨਮ ਲਿਆ। ਉਸ ਯੁੱਗ ਨੂੰ ਰਾਜਨੀਤਿਕ ਅਰਾਜਕਤਾ ਦਾ ਯੁੱਗ ਕਿਹਾ ਜਾਂਦਾ ਹੈ। ਸਮਾਜ ਦਾ ਬੌਧਿਕ ਅਤੇ ਆਰਥਿਕ ਪਤਨ ਹੋ ਚੁੱਕਾ ਸੀ। ਇਸਦਾ ਮੂਲ ਕਾਰਣ ਉਸ ਸਮੇਂ ਦੀ ਰਾਜਨੀਤੀ ਸੀ। ਗੁਰੂ ਨਾਨਕ ਨੇ 'ਆਸਾ ਦੀ ਵਾਰ' ਵਿਚ ਸਮਕਾਲੀਨ ਰਾਜਸੀ ਅਤੇ ਇਤਿਹਾਸਕ ਸਥਿਤੀ ਦਾ ਵਰਨਣ ਬੜੇ ਸੁਖਮ ਢੰਗ ਨਾਲ ਕੀਤਾ ਹੈ। ਰਾਜਨੀਤੀ ਦਾ ਸਮਾਜ ਅਤੇ ਧਰਮ ਉਤੇ ਜੋ ਪ੍ਰਭਾਵ ਪੈ ਰਿਹਾ ਸੀ ਉਸ ਤੋਂ ਉਹ ਪੂਰੀ ਤਰ੍ਹਾਂ ਜਾਗ੍ਰਿਤ ਸਨ। ਵਿਦੇਸ਼ੀ ਹਮਲਾਵਰਾਂ ਦੇ ਬਾਰ ਬਾਰ ਹਮਲਿਆਂ ਨੇ ਦੇਸ਼ ਦੀ ਰਾਜਨੀਤਿਕ ਤੇ ਆਰਥਿਕ ਸਥਿਤੀ ਨੂੰ ਡਾਵਾਂ ਡੋਲ ਕਰ ਦਿੱਤਾ ਸੀ। ਉਸ ਵੇਲੇ ਦੇਸ਼ ਵਿਚ ਸੁਖਸੀ ਹਕੂਮਤ ਸੀ ਤੇ ਉਹ ਬਹੁਤ ਕਰਕੇ ਇਸਲਾਮੀ ਸਰ੍ਹਾ ਦੇ ਅਨੁਸਾਰ ਸ਼ਾਸਨ ਪ੍ਰਬੰਧ ਕਰ ਰਹੀ ਸੀ। ਜਾਗੀਰਦਾਰੀ ਜੋਬਨ ਤੇ ਸੀ। ਹਰ ਜਾਗੀਰਦਾਰ ਆਪਣੇ ਵਿਲਾਸਤਾ ਪੂਰਤੀ ਲਈ ਪ੍ਰਯਤਨਸ਼ੀਲ ਸੀ। ਮੁਸਲਮਾਨ ਸ਼ਾਸਕ ਸਾਰਾ ਜ਼ੋਰ ਇਸਲਾਮ ਦੇ ਪ੍ਰਚਾਰ ਤੇ ਵਿਕਾਸ ਤੇ ਲਗਾ ਰਹੇ ਸਨ। ਅਜਿਹੀ ਰਾਜਨੀਤਿਕ ਸਥਿਤੀ ਵਿਚ ਕਾਜ਼ੀਆਂ ਅਤੇਮੌਲਵੀਆਂ ਨੂੰ ਉਚੀ ਪਦਵੀ ਮਿਲੀ ਹੋਈ ਸੀ। ਉਹ ਕੁਰਾਨ ਅਤੇ ਹਦੀਸ ਅਨੁਸਾਰ ਦੇਸ਼ ਦੀਆਂ ਸਮਸਿਆਵਾਂ ਹਲ ਕਰਦੇ ਸਨ। ਮੂਰਤੀ ਪੂਜਾ ਇਸਲਾਮ ਦੀ ਨਜ਼ਰ ਵਿਚ ਸਭ ਤੋਂ ਵੱਡਾ ਕੁਫ਼ਰ ਸੀ। ਇਸ ਲਈ ਮੂਰਤੀ ਪੂਜਕਾਂ ਲਈ ਰਾਜ ਵਿਚ ਦੋ ਰਸਤੇ ਸਨ ਇਕ ਤਾਂ ਇਸਲਾਮ ਗ੍ਰਹਿਣ ਕਰਨਾ ਜਾਂ ਮੌਤ । ਇਸ ਲਈ ਮੁਸਲਮਾਨ ਸ਼ਾਸਕਾਂ ਨੂੰ ਖੁਸ਼ ਕਰਨ ਲਈ ਬਹੁਤੇ ਲੋਕ ਕੁਰਾਨ ਆਦਿ ਪੜ੍ਹਦੇ ਸਨ। ਮੁਸਲਮਾਨ ਵੀ ਆਪਣੇ ਧਰਮ ਤੋਂ ਡਿਗ ਰਹੇ ਸਨ। ਉਸ ਸਮੇਂ ਦੀ ਰਾਜਨੀਤੀ ਕਾਰਣ ਸਾਰੀਆਂ ਧਾਰਮਿਕ ਕ੍ਰਿਆਵਾਂ ਦਿਖਾਵਾ ਮਾਤਰ ਰਹਿ ਗਈਆਂ ਸਨ।

Sri Satguru Jagjit Singh Ji eLibrary NamdhariElibrary@gmail.com

ਗਊ ਬਿਰਾਹਮਣ ਕਉ ਲਾਵਹੁ ਗੋਬਰਿ ਤਰਣੁ ਨ ਜਾਈ।।
ਧੋਤੀ ਟਿਕਾ ਤੇ ਜਪਮਾਲੀ ਧਾਨੁ ਮਲੇਛਾਂ ਖਾਈ।।
ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ।।
ਛੋਡੀਲੇ ਪਾਖੰਡਾ ।। ਨਾਮਿ ਲਇ ਐ ਜਾਹਿ ਤਰੰਦਾ।।[1]

ਰਾਜ ਵਰਗ ਦੇ ਮਨਮਾਨੇ ਅਤਿਆਚਾਰਾਂ ਕਰਕੇ ਜਨਤਾ ਵਿਚ ਉਨ੍ਹਾਂ ਪ੍ਰਤੀ ਨਫ਼ਰਤ ਦੀ ਭਾਵਨਾ ਸੀ। ਬਾਬਰ ਦੇ ਹਮਲਿਆਂ ਕਾਰਣ ਜਨਤਾ ਦੇ ਜਾਨ ਮਾਲ ਤੇ ਦੇਸ਼ ਦੀ ਆਰਥਕ ਦੁਰਦਸ਼ਾ ਹੋ ਰਹੀ ਸੀ ਜਨਤਾ ਦੇ ਜੀਵਨ ਵਿਚ ਆਏ ਪਰਾਧੀਨਤਾ ਦੇ ਭਾਵ ਇਤਨੇ ਵੱਧ ਗਏ ਸਨ ਕਿ ਜਨਤਾ ਨੇ ਤੁਰਕਾਂ ਪਠਾਣਾ ਦੀ ਤਰ੍ਹਾਂ ਹੀ ਰਹਿਣੀ ਬਹਿਣੀ ਆਪਣਾ ਲਈ ਸੀ। ਬ੍ਰਾਹਮਣ ਸ਼ਾਸਕਾਂ ਨੂੰ ਖ਼ੁਸ਼ ਕਰਨ ਲਈ ਜੋ ਕੁਝ ਕਰਨਾ ਪਵੇ ਹੱਸ ਕੇ ਕਰਦੇ ਸਨ:

ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲਕੀਆ।[2]

ਨੀਲ ਵਸਤ੍ਰ ਪਹਿਰਿ ਹੋਵਹਿ ਹੋਵਹਿ ਪਰਵਾਣੁ।।
ਮਲੇਛ ਧਾਨੁ ਲੇ ਪੂਜਹਿ ਪੁਰਾਣੁ।।
ਅਭਾਖਿਆ ਕਾ ਕੁਠਾ ਬਕਰਾ ਖਾਣਾ।।
ਚਉ ਕੇ ਊਪਰਿ ਕਿਸੈ ਨ ਜਾਣਾ।।[3]

ਜਿਸ ਤਰ੍ਹਾਂ ਅੰਗਰੇਜ਼ੀ ਹਕੂਮਤ ਸਮੇਂ ਹਿੰਦੁਸਤਾਨੀ ਰਾਜੇ ਮਹਾਰਾਜੇ, ਸਰਦਾਰ ਆਦਿ ਆਪਣੀ ਜਨਤਾ ਦੇ ਦੁਖੜੇ ਵਿਸਾਰ ਕੇ ਆਪਣੇ ਸੁਆਰਥ ਲਈ ਅੰਗਰੇਜ਼ੀ ਸਰਕਾਰ ਨਾਲ ਮਿਲਕੇ ਚਲ ਰਹੇ ਸਨ, ਉਸੀ ਤਰ੍ਹਾਂ ਅੰਗਰੇਜ਼ਾਂ ਦੇ ਆਉਣ ਤੋਂ ਪਹਿਲਾਂ ਬ੍ਰਾਹਮਣ, ਕਾਜ਼ੀ ਤੇ ਮੁਲਾਣੇ ਮੁਗਲ ਰਾਜ ਨਾਲ ਮਿਲਕੇ ਉਨ੍ਹਾਂ ਦਾ ਸਾਥ ਦੇ ਰਹੇ ਸਨ। ਗੁਰੂ ਨਾਨਕ ਨੇ ਬੜੇ ਜ਼ੋਰਦਾਰ ਸ਼ਬਦਾਂ ਵਿਚ ਇਹਨਾਂ ਦੀ ਨਿਖੇਧੀ ਕੀਤੀ। ਇਹਨਾ ਦੀਆਂ ਵਧੀਕੀਆਂ, ਛਲ ਕਪਟ ਤੇ ਫ਼ਰੇਬ ਦਾ ਪਰਦਾ ਹਟਾਇਆ।

ਗੁਰੂ ਨਾਨਕ ਜੀਵਨ ਕਾਲ ਵਿਚ ਤਿੰਨ ਲੋਧੀਆਂ ਬਹਿਲੋਲ ਲੋਧੀ, ਸਿਕੰਦਰ ਲੋਧੀ ਤੇ ਇਬਰਾਹੀਮ ਲੋਧੀ ਤੇ ਦੋ ਮੁਗਲਾਂ ਬਾਬਰ ਤੇ ਹਮਾਯੂੰ ਨੇ ਰਾਜ ਕੀਤਾ। ਇਸ ਸਮੇਂ ਸ਼ੇਰ ਸ਼ਾਹ ਸੂਰੀ ਵੀ ਆਪਣਾ ਪ੍ਰਭਾਵ ਬਣਾ ਰਿਹਾ ਸੀ। ਗੁਰੂ ਨਾਨਕ ਨੇ ਆਪਣੇ ਜੀਵਨ ਕਾਲ ਵਿਚ ਛੇ ਰਾਜਿਆਂ ਦਾ ਰਾਜ ਦੇਖਿਆ ਪਰ ਨਾਨਕ ਬਾਣੀ ਵਿਚ ਕਿਧਰੇ ਵੀ ਇਹਨਾਂ ਦੀ ਪ੍ਰਸੰਸਾ ਬਾਰੇ ਕੋਈ ਲਫ਼ਜ਼ ਨਹੀਂ ਮਿਲਦਾ ਕਿਉਂਕਿ ਇਹ ਹਾਕਮ ਜਮਾਤ ਲੋਕਾਂ ਤੇ ਜ਼ੁਲਮ ਕਰਦੀ ਸੀ, ਲੋਕਾਂ ਦੀ ਮਿਹਨਤ ਤੇ ਐਸ਼ ਕਰਦੀ ਸੀ। ਲੋਕਾਂ ਦੇ ਮਨਾਂ ਵਿਚ ਬੇਚੈਨੀ ਤੇ ਗੁਲਾਮੀ ਦੀ ਭਾਵਨਾ ਸੀ।

ਗੁਰੂ ਨਾਨਕ ਦੇ ਆਗਮਨ ਸਮੇਂ ਭਾਰਤ ਵਿਚ ਅਤਿਆਚਾਰ, ਜ਼ੁਲਮ, ਅਗਿਆਨ ਅਤੇ ਬੇਇਨਸਾਫ਼ੀ ਆਪਣੀਆਂ ਸਿਖਰਾਂ ਤਕ ਪੁੱਜ ਚੁੱਕੇ ਸਨ। ਵਾਸਤਵ ਵਿਚ ਸੰਸਾਰ ਨੂੰ ਉਸ ਵੇਲੇ ਗੁਰੂ ਨਾਨਕ ਜਿਹੇ ਪ੍ਰਤਿਭਾਸ਼ਾਲੀ ਮਹਾਂ ਪੁਰਸ਼ ਦੀ ਲੋੜ ਸੀ। ਗੁਰੂ ਨਾਨਕ ਨੇ ਮਾਨਵ ਜਾਤੀ ਦੀਆਂ ਅੰਤ੍ਰੀਵ ਪੀੜਾਂ ਦਾ ਅਨੁਭਵ ਕੀਤਾ। ਅਮੀਰ ਉਸ ਸਮੇਂ ਸੰਪੰਨ ਜੀਵਨ ਗੁਜ਼ਾਰਦੇ ਸਨ। ਉਹ ਸ਼ਾਨਦਾਰ ਸੇਜਾਂ ਤੇ ਸੌਂਦੇ ਸਨ। ਸੁੱਤੇ ਪਿਆਂ ਦੇ ਸਿਰਹਾਣੇ ਨੌਕਰ ਖੜੇ ਹੁੰਦੇ ਸਨ।

ਇਕਿ ਨਿਹਾਲੀ ਪੈ ਸਵਨਿ੍ ਇਕਿ ਉਪਰਿ ਰਹਨਿ ਖੜੇ।।[4]

ਗੁਰੂ ਨਾਨਕ ਨੇ ਉਸ ਸਮੇਂ ਦੇ ਰਾਜਿਆਂ ਦੀ ਵਿਲਾਸਤਾ ਨੂੰ ਬਰੀਕੀ ਨਾਲ ਅੰਕਿਤ ਕੀਤਾ ਹੈ। 'ਆਸਾ ਦੀ ਵਾਰ' ਵਿਚ ਰਾਜਿਆਂ ਦੀ ਵਿਲਾਸਤਾ ਦੀ ਇਕ ਹੋਰ ਉਦਾਹਰਣ:

ਤੁਰੇ ਪਲਾਣੇ ਪਉਣ ਵੇਗ ਹਰ ਰੰਗੀ ਹਰਮ-ਸਵਾਰਿਆ।।
ਕੋਠੇ ਮੰਡਪ ਮਾੜੀਆ ਲਾਇ ਬੈਠੇ ਕਰਿ ਪਾਸਾਰਿਆ।।
ਚੀਜ ਕਰਨਿ ਭਾਵ ਦੇ ਹਰਿ ਬੁਝਨਿ ਨਾਹੀ ਹਾਰਿਆ।।
ਕਰਿ ਫੁਰਮਾਇਸਿ ਖਾਇਆ ਵੇਖਿ ਮਹਲਤਿ ਮਰਣੁ ਵਿਸਾਰਿਆ ।।[5]

Sri Satguru Jagjit Singh Ji eLibrary NamdhariElibrary@gmail.com

ਇਸਦੇ ਵਿਪਰੀਤ ਗਰੀਬਾਂ ਕੋਲ ਜ਼ਰੂਰਤ ਦੀਆਂ ਚੀਜ਼ਾਂ ਵੀ ਪੂਰੀਆਂ ਨਹੀਂ ਸਨ।

ਮੱਧਕਾਲ ਵਿਚ ਰਾਜਨੀਤਕ ਸਥਿਤੀ ਬਹੁਤ ਡਾਵਾਂ ਡੋਲ ਸੀ। ਗੁਰੂ ਨਾਨਕ ਨੇ ਆਪਣੀ ਬਾਣੀ ਵਿਚ ਉਸ ਵੇਲੇ ਦਾ ਰਾਜਸੀ ਚਿਤਰ ਉਲੀਕਦੇ ਹੋਏ ਰਾਜਿਆਂ, ਜਾਗੀਰਦਾਰਾਂ ਤੇ ਹਾਕਮਾਂ ਨੂੰ ਕਸਾਈ, ਸ਼ੀਂਹ, ਬਘਿਆੜ, ਕੁੱਤੇ, ਜਰਵਾਣੇ, ਰੱਤ ਪੀਣੇ, ਤੇ ਮਾਣਸ ਖਾਣੇ ਆਦਿ ਕਹਿ ਕੇ ਉਨ੍ਹਾਂ ਦੀ ਨਿੰਦਾ ਕੀਤੀ ਹੈ ਕਿਉਂਕਿ ਇਹ ਆਪ ਜਨਤਾ ਦਾ ਲਹੂ ਪੀਂਦੇ ਸਨ। ਰਿਸ਼ਵਤਾਂ ਲੈਂਦੇ ਸਨ ਉਹਨਾਂ ਦੇ ਸੰਬੰਧ ਵਿਚ ਭਾਈ ਗੁਰਦਾਸ ਨੇ ਵੀ ਆਪਣੀ ਪਹਿਲੀ ਵਾਰ ਵਿਚ ਲਿਖਿਆ ਹੈ:

ਕਾਜ਼ੀ ਹੋਏ ਰਿਸ਼ੁਵਤੀ, ਵੱਢੀ ਲੈ ਕੈ ਹਕੁ ਗਵਾਇਨ।[6]

ਗੁਰੂ ਨਾਨਕ ਨੇ 'ਆਸਾ ਦੀ ਵਾਰ' ਵਿਚ ਉਸ ਸਮੇਂ ਦਾ ਨਕਸ਼ਾ ਉਲੀਕਦੇ ਹੋਏ ਪ੍ਰਚਲਤ ਰੀਤਾਂ ਦੇ ਖੋਖਲੇ ਪਾਜ ਨੂੰ ਉਘੇੜਦੇ ਹੋਏ ਕਿਹਾ ਹੈ ਕਿ ਮਨੁੱਖ ਦਾ ਲਹੂ ਚੂਸਣ ਵਾਲੇ ਸ਼ਾਸਕ ਭਾਵੇਂ ਨਿਮਾਜ਼ਾਂ ਵੀ ਪੜ੍ਹ ਲੈਣ ਤਾਂ ਵੀ ਕੀ ਲਾਭ? ਇਸੀ ਤਰ੍ਹਾਂ ਅੰਦਰੋ ਛੁਰੀਆਂ ਚਲਾਉਣ ਵਾਲੇ ਜਨੇਊ ਪਾ ਵੀ ਲੈਣ ਤਾਂ ਵੀ ਉਸ ਦਾ ਕੋਈ ਲਾਭ ਨਹੀਂ:

ਮਾਣਸ ਖਾਣੇ ਕਰਹਿ ਨਿਵਾਜ॥
ਛੁਰੀ ਵਗਾਇਨਿ ਤਿਨ ਗਲਿ ਤਾਗ॥
ਤਿਨ ਘਰਿ ਬ੍ਰਹਮਣ ਪੂਰਹਿ ਨਾਦ॥
ਉਨ੍ਹਾ ਭਿ ਆਵਹਿ ਓਈ ਸਾਦ॥[7]

ਮੱਧਕਾਲੀ ਭਾਰਤ ਵਿਚ ਪਾਪ, ਅਧਰਮ ਤੇ ਜਬਰ ਦਾ ਬੋਲਬਾਲਾ ਸੀ। ਸ਼ਰਮ ਧਰਮ ਉਸ ਵੇਲੇ ਅਲੋਪ ਹੋ ਚੁੱਕੇ ਸਨ। ਸੱਚ ਤੇ ਉਸ ਵੇਲੇ ਭਾਰਤ ਵਿਚੋਂ ਮਾਨੋ ਖੰਭ ਲਾ ਕੇ ਉਡ ਗਿਆ ਸੀ। ਉਸ ਵੇਲੇ ਦੇ ਹਾਲਾਤ ਗੁਰੂ ਨਾਨਕ ਨੇ ਇਹਨਾਂ ਸ਼ਬਦਾਂ ਵਿਚ ਬਿਆਨ ਕੀਤੇ ਹਨ:

Sri Satguru Jagjit Singh Ji eLibrary NamdhariElibrary@gmail.com

(ੳ) ਸਰਮੁ ਧਰਮੁ ਦੁਇ ਛਪਿ ਖਲੋਏ
ਕੂੜੁ ਫਿਰੈ ਪਰਧਾਨੁ ਵੇ ਲਾਲੋ।।[8]

(ਅ) ਸਰਮ ਧਰਮ ਕਾ ਡੇਰਾ ਦੂਰਿ।।
ਨਾਨਕ ਕੂੜੁ ਰਹਿਆ ਭਰਪੂਰਿ।।[9]

(ੲ) ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ।।[10]

ਇਸ ਸਮੇਂ ਕਾਜ਼ੀ ਤੇ ਸ਼ਾਸਕ ਵਰਗ ਦੂਸਰੇ ਧਰਮਾਂ ਉਪਰ ਮਨਮਾਨੇ ਅਤਿਆਚਾਰ ਕਰ ਰਹੇ ਸਨ। ਹਰ ਪਾਸੇ ਭ੍ਰਿਸ਼ਟਾਚਾਰ ਤੇ ਰਿਸ਼ਵਤ ਖੋਰੀ ਫੈਲੀ ਹੋਈ ਸੀ। ਅਮੀਰ ਲੋਕ ਰਾਜੇ ਤੇ ਸ਼ਾਸਕ ਵਰਗ ਵਿਲਾਸਤਾ ਦੇ ਨਸ਼ੇ ਵਿਚ ਮਸਤ ਸਨ ਅਤੇ ਦੂਸਰੇ ਪਾਸੇ ਆਮ ਲੋਕਾਈ ਦੀ ਹਾਲਤ ਤਰਸ ਯੋਗ ਸੀ। ਉਨ੍ਹਾਂ ਨੂੰ ਦੋ ਵੇਲੇ ਰੋਟੀ ਵੀ ਨਸੀਬ ਨਹੀਂ ਹੁੰਦੀ ਸੀ। ਹਰ ਪਾਸੇ ਕੂੜ ਪ੍ਰਧਾਨਸੀ। ਜਿਹੜੀ ਹਕੂਮਤ ਜੋਰ, ਜਬਰ ਅਤੇ ਜ਼ੁਲਮ ਕਰੇ ਉਸ ਵਿਰੁੱਧ ਰੋਸ ਉਤਪੰਨ ਹੋਣਾ ਕੁਦਰਤੀ ਹੈ ਪਰ ਉਸ ਰੋਸ ਵਿਰੁੱਧ ਆਵਾਜ਼ ਕੋਈ ਮਹਾਨ ਸ਼ਖਸੀਅਤ ਹੀ ਦੇ ਸਕਦੀ ਹੈ। ਆਮ ਆਦਮੀ ਵਿਚ ਸ਼ਾਸਨ ਦੇ ਖਿਲਾਫ ਬੋਲਣ ਦੀ ਹਿੰਮਤ ਨਹੀਂ ਹੋ ਸਕਦੀ। ਏਸੇ ਸਮੇਂ ਗੁਰੂ ਨਾਨਕ ਨੇ ਨਿਡਰ ਹੋ ਕੇ ਸਿਕੰਦਰ ਲੋਧੀ ਦੇ ਅਤਿਆਚਾਰਾਂ ਅਤੇ ਬਾਬਰ ਦੇ ਹਿੰਦੁਸਤਾਨ ਉਪਰ ਹਮਲਿਆਂ ਵਿਰੁੱਧ ਜਬਰਦਸਤ ਆਵਾਜ਼ ਬੁਲੰਦ ਕੀਤੀ। ਗੁਰੂ ਨਾਨਕ ਨੇ ਪਰਮਾਤਮਾ ਨੂੰ ਸੰਬੋਧਨ ਕਰਦਿਆਂ ਕਿਹਾ:

ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ।।
ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ।।
ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ।।
ਕਰਤਾ ਤੂੰ ਸਭਨਾ ਕਾ ਸੋਈ।।
ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ।।

Sri Satguru Jagjit Singh Ji eLibrary NamdhariElibrary@gmail.com

ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ।।
ਰਤਨ ਵਿਗਾੜਿ ਵਿਗੋਏ ਕੁਤੀ ਮੁਇਆ ਸਾਰ ਨ ਕਾਈ।।[11]

ਗੁਰੂ ਨਾਨਕ ਪਾਸ ਸਚਾਈ ਦਾ ਅਮੁਕ ਖਜਾਨਾ ਸੀ। ਜਿਸਦੇ ਬਲ ਉਪਰ ਉਨ੍ਹਾਂ ਨੇ ਲੋਕ ਕਲਿਆਣ ਦਾ ਬੀੜਾ ਚੁੱਕਿਆ। ਸੰਸਾਰ ਦੀ ਕੋਈ ਸ਼ਕਤੀ ਆਪ ਨੂੰ ਸਚ ਕਹਿਣ ਤੋਂ ਨਹੀਂ ਰੋਕ ਸਕਦੀ ਸੀ।

ਮੱਧਕਾਲ ਵਿਚ ਲੋਭ ਤੇ ਪਾਪ ਸਿਖਰ ਤੇ ਪੁੱਜੇ ਹੋਏ ਸਨ। ਸਮਾਜ ਵਿਚ ਅਮਾਨਵੀ ਤੱਤਾਂ ਦੀ ਬਹੁਲਤਾ ਸੀ। ਸਮਾਜ ਦਾ ਨੈਤਿਕ ਅਤੇ ਮਾਨਸਿਕ ਪਤਨ ਹੋ ਚੁੱਕਾ ਸੀ। ਇਸ ਤਰ੍ਹਾਂ ਦੇ ਹਾਲਾਤਾਂ ਦਾ ਚਿੱਤਰ ਗੁਰੂ ਨਾਨਕ ਨੇ ਆਸਾ ਦੀ ਵਾਰ ਵਿਚ ਇਸ ਤਰ੍ਹਾਂ ਖਿਚਿਆ ਹੈ:

(ੳ) ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ।।
ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ।।
ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰਿ।।[12]

(ਅ) ਲਖ ਚੋਰੀਆ ਲਖ ਜਾਰੀਆ ਲਖ ਕੂੜੀਆ ਲਖ ਗਾਲਿ।।
ਲਖ ਠਗੀਆ ਪਹਿਨਾਮੀਆ ਰਾਤਿ ਦਿਨਸੁ ਜੀਅ ਨਾਲਿ।।[13]

ਗੁਰੂ ਨਾਨਕ ਦੇ ਸਮੇਂ ਸਮਾਜ ਵਿਚ ਮਾਨਵੀ ਗੁਣਾਂ ਦੀ ਘਾਟ ਸੀ। ਸਮਾਜ ਨੂੰ ਕਿਸੇ ਤਰ੍ਹਾਂ ਦੇ ਅਧਿਕਾਰ ਪ੍ਰਾਪਤ ਨਹੀਂ ਸਨ। ਹਿੰਦੂਆਂ ਤੋਂ ਨਾਜਾਇਜ ਟੈਕਸ ਲਏ ਜਾਂਦੇ ਸਨ। ਇਸਲਾਮ ਨਾ ਧਾਰਨ ਕਰਨ ਵਾਲੇ ਲੋਕਾਂ ਉਪਰ ਜਜ਼ੀਆ ਲਗਾਇਆ ਜਾਂਦਾ ਸੀ। ਤੀਰਥਾਂ ਉਪਰ ਜਾਣ ਲਈ ਵੀ ਹਿੰਦੂਆਂ ਨੂੰ ਟੈਕਸ ਦੇਣਾ ਪੈਂਦਾ ਸੀ। ਸਿਕੰਦਰ ਲੋਧੀ ਦੇ ਪ੍ਰਸੰਗ ਵਿਚ ਇਤਿਹਾਸਕਾਰ ਫ਼ਰਿਸ਼ਤਾ ਲਿਖਦਾ ਹੈ:

ਮੁਸਲਮਾਨ ਬਹੁਤ ਪੱਖ ਪਾਤੀ ਸਨ। ਹਿੰਦੂਆਂ ਅਤੇ ਬ੍ਰਾਹਮਣਾਂ ਨੂੰ ਮਿੱਟੀ ਵਾਂਗ ਸਮਝਦੇ ਸਨ। ਤੀਰਥ ਯਾਤ੍ਰੀਆਂ ਨੂੰ ਤੰਗ ਕੀਤਾ ਜਾਂਦਾ ਸੀ।[14]

Sri Satguru Jagjit Singh Ji eLibrary NamdhariElibrary@gmail.com

ਮੱਧਕਾਲ ਦੇ ਕਠੋਰ ਸਮੇਂ ਵਿਚ ਲੋਕਾਂ ਨੂੰ ਰੋਟੀ ਲਈ ਕਈ ਤਰ੍ਹਾਂ ਦੇ ਫਰੇਬ, ਛਲ, ਕਪਟ ਕਰਨੇ ਪੈਂਦੇ ਸਨ। ਕੁਰੀਤੀਆਂ ਹਰ ਕੌਮ ਵਿਚ ਪ੍ਰਧਾਨ ਸਨ। ਹਰ ਕੌਮ ਲਈ ਸ਼ਾਸਕ ਵਰਗ ਦੀਆਂ ਖ਼ੁਸ਼ਾਮਦਾਂ ਕਰਨੀਆਂ ਪੈਂਦੀਆਂ ਸਨ। ਰਾਮ ਧਾਰੀਏ ਰਾਸਾਂ ਪਾਉਂਦੇ ਬਜ਼ਾਰ ਵਿਚ ਤਮਾਸ਼ਾ ਵਿਖਾਉਂਦੇ ਸਨ। ਉਹ ਰਾਜੇ ਰਾਣੀਆਂ ਦੇ ਸਵਾਂਗ ਭਰਦੇ ਤੇ ਮੂੰਹ ਤੋਂ ਗਿਆਨ ਦੀਆਂ ਗੱਲਾਂ ਕਰਦੇ ਸਨ। ਰਾਜ ਵਿਚ ਰਾਸ ਧਾਰੀਏ ਅਮਾਨਵੀ ਵਿਧੀਆਂ ਦੁਆਰਾ ਧਨ ਕਮਾਉਂਦੇ ਸਨ:

ਬਾਜਾਰੀ ਬਾਜਾਰ ਮਹਿ,
ਆਇ ਕਢਹਿ ਬਾਜਾਰ
ਗਾਵਹਿ ਰਾਜੇ ਰਾਣੀਆ
ਬੋਲਹਿ ਆਲ ਪਤਾਲ।।[15]

ਗੁਰੂ ਨਾਨਕ ਦੇ ਸਮੇਂ ਦਾ ਯੁੱਗ ਸਰਬ ਪੱਖੀ ਨੈਤਿਕ ਪੱਤਨ ਦਾ ਸ਼ਿਕਾਰ ਸੀ। ਵੈਸੇ ਵੀ ਮਨੁੱਖ ਦਾ ਮੂਲ ਸੁਭਾਅ ਆਪਣਾ ਹਿਤ ਵੇਖਣਾ ਹੈ ਪਰ ਮਧਕਾਲ ਦੇ ਭਿਆਨਕ ਸਮੇਂ ਤਾਂ ਸੁਆਰਥ, ਲੋਭ ਅਤੇ ਤ੍ਰਿਸ਼ਨਾ ਇਤਨੇ ਵੱਧ ਚੁੱਕੇ ਸਨ ਕਿ ਲੋਕਾਂ ਵਿਚ ਮਾਨਵੀ ਗੁਣ ਖਤਮ ਹੋ ਚੁੱਕੇ ਸਨ ਪਰ ਗੁਰੂ ਨਾਨਕ ਵਿਤਕਰਿਆਂ ਵਾਲੇ ਰਾਜ ਦੀ ਨਿੰਦਾ ਕਰਦੇ ਅਤੇ ਸਮਾਨ ਅਧਿਕਾਰਾਂ ਵਾਲਾ ਰਾਜ ਚਾਹੁੰਦੇ ਸਨ। ਗੁਰੂ ਨਾਨਕ ਨੇ ਅਤਿਆਚਾਰੀ ਲੋਭੀ ਅਤੇ ਬੇਇਨਸਾਫ਼ ਪਸੰਦ ਲੋਕਾਂ ਨੂੰ ਲੋਕ ਕਲਿਆਣ ਦੀ ਭਾਵਨਾ ਨਾਲ ਸੰਪੰਨ ਹੋਣ ਲਈ ਪ੍ਰੇਰਿਆ।

'ਆਸਾ ਦੀ ਵਾਰ' ਰਾਜਨੈਤਿਕ ਸੰਦਰਭ ਵਿਚ ਮਾਨਵ ਵਾਦ ਦੀ ਸਥਾਪਤੀ ਦੀ ਚਾਹਵਾਨ ਹੈ। ਗੁਰੂ ਨਾਨਕ ਪਹਿਲੇ ਮਹਾਂ ਪੁਰਸ਼ ਹੋਏ ਸਨ ਜਿਹਨਾਂ ਨੇ ਜਾਬਰ ਰਾਜਿਆਂ ਵਿਰੁੱਧ ਆਵਾਜ਼ ਉਠਾਈ। ਮੱਧਕਾਲੀ ਸੰਤਾਂ, ਭਗਤ ਕਬੀਰ ਆਦਿ ਨੇ ਰੱਬ ਦਾ ਭਾਣਾ ਆਖ ਕੇ ਰਾਜਿਆਂ ਵਿਰੁੱਧ ਚੁੱਪ ਸਾਧ ਰਖੀ। ਉਨ੍ਹਾਂ ਨੇ ਵੇਲੇ ਦੀ ਹਕੂਮਤ ਵਿਰੁੱਧ ਕੋਈ ਰੋਸ ਨਹੀਂ ਪ੍ਰਗਟ ਕੀਤਾ ਪਰ ਗੁਰੂ ਨਾਨਕ ਨੇ ਨਿਧੜਕ ਹੋ ਕੇ ਜਾਲਮ ਹਕੂਮਤ ਦੇ ਔਗੁਣ ਦੱਸ ਕੇ ਜ਼ਾਲਮ ਨੂੰ ਵੰਗਾਰਿਆ

Sri Satguru Jagjit Singh Ji eLibrary NamdhariElibrary@gmail.com

ਅਤੇ ਦੂਜੇ ਪਾਸੇ ਮਜਲੂਮਾਂ ਨੂੰ ਉਭਾਰਿਆ। ਮਨੁੱਖ ਦੀ ਕੌਮੀ ਗੈਰਤ ਅਤੇ ਸਵੈਮਾਨ ਨੂੰ ਝੰਜੋੜਿਆ ਡਾ. ਗੰਡਾ ਸਿੰਘ ਇਸ ਸੰਦਰਭ ਵਿਚ ਇਸ ਪ੍ਰਕਾਰ ਲਿਖਦੇ ਹਨ:

> ਹਕੂਮਤ ਦੀ ਰਾਜਸਕ ਨੀਤੀ ਉਸਦੇ ਪਰਜਾ ਨਾਲ ਜਬਰ ਵਿਰੁੱਧ ਤਕੜੀ ਆਵਾਜ ਉਠਾਈ ਜੋ ਤਲਵਾਰ ਨਾਲੋਂ ਤਿਖੀ ਅਤੇ ਬਰੂਦ ਨਾਲੋਂ ਵਧੇਰੇ ਸ਼ਕਤੀਸ਼ਾਲੀ ਸੀ। ਭਾਰਤੀਆਂ ਦੀ ਰਾਜਸਕ ਚੇਤਨਤਾ ਤਾਂ ਲਗਭਗ ਮੁਰਦਾ ਹੋ ਚੁੱਕੀ ਸੀ, ਜਿਸਨੂੰ ਗੁਰੂ ਨਾਨਕ ਨੇ ਪੁਨਰ-ਸੁਰਜੀਤ ਕੀਤਾ। ਖਤਰੀ ਨੂੰ ਆਪਣਾ ਫਰਜ਼ ਪਛਾਣਨ ਲਈ ਉਭਾਰਿਆ, ਮਾਨਸਿਕ ਕਮਜੋਰੀ ਕਰਕੇ ਪਰਾਏ ਸਭਿਆਚਾਰ ਨੂੰ ਧਾਰਨ ਕਰਨ ਦੀ ਰੁਚੀ ਵਿਰੁੱਧ ਤਾੜਨਾ ਕੀਤੀ।[16]

'ਆਸਾ ਦੀ ਵਾਰ' ਰਾਜਨੀਤਿਕ ਸੰਦਰਭ ਵਿਚ ਨੈਤਿਕਤਾ ਭਰਪੂਰ ਮਾਨਵਵਾਦੀ ਸੰਕਲਪਾਂ ਦੇ ਸਮਾਵੇਸ਼ ਬਾਰੇ ਪ੍ਰੇਰਨਾ ਦਿੰਦੀ ਹੈ। ਮਨੁੱਖ ਸਭ ਪ੍ਰਾਣੀਆਂ ਪ੍ਰਤੀ ਦਇਆ ਭਾਵ ਰਖੇ, ਲੋੜਵੰਦਾਂ ਤੇ ਜ਼ਰੂਰਤ ਮੰਦਾਂ ਦੀ ਸੇਵਾ ਕਰੇ ਅਤੇ ਕੁਝ ਦਾਨ ਪੁੰਨ ਕਰਦਾ ਰਹੇ। ਮਨੁੱਖ ਆਤਮਾ ਰੂਪੀ ਤੀਰਥ ਵਿਚ ਨਿਵਾਸ ਕਰੇ ਸੱਚ ਸਭ ਮਨੁੱਖਾਂ ਦੇ ਰੋਗਾਂ ਦੀ ਦਵਾਈ ਹੈ ਜਿਸ ਮਨੁੱਖ ਦੇ ਹਿਰਦੇ ਵਿਚ ਸੱਚ ਵਸ ਜਾਂਦਾ ਹੈ ਉਸ ਦੇ ਸਭ ਪਾਪ ਕਟ ਜਾਂਦੇ ਹਨ:

> ਸਚ ਤਾਂ ਪਰੁ ਜਾਣੀਐ ਜਾ ਸਿਖ ਸਚੀ ਲੇਇ॥
> ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ॥
> ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ॥
> ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ॥
> ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ॥
> ਨਾਨਕ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ॥[17]

ਉਸ ਸਮੇਂ ਸਮਾਜ ਵਿਚ ਊਚ-ਨੀਚ ਦਾ ਭੇਦ ਭਾਵ ਬਹੁਤ ਮੰਨਿਆ ਜਾਂਦਾ ਸੀ। ਉਚੀ ਜਾਤ ਵਾਲੇ ਨੀਵੀਂ ਜਾਤ ਵਾਲਿਆਂ ਨਾਲ ਨਫਰਤ ਕਰਦੇ ਸਨ, ਜਿਸ ਕਾਰਣ ਮਨੁੱਖ ਮਨੁੱਖ ਤੋਂ

Sri Satguru Jagjit Singh Ji eLibrary NamdhariElibrary@gmail.com

ਦੂਰ ਹੁੰਦਾ ਜਾ ਰਿਹਾ ਸੀ। ਮਨੁੱਖੀ ਰਿਸ਼ਤੇ ਟੁੱਟ ਰਹੇ ਸਨ। ਗੁਰੂ ਅੰਗਦ ਦੇਵ ਨੇ ਆਸਾ ਦੀ ਵਾਰ ਵਿਚ ਰਾਜ ਦੀ ਕਮਜ਼ੋਰੀ ਦੀ ਸੁੰਦਰ ਟਿਪਣੀ ਇਸ ਸਲੋਕ ਰਾਹੀਂ ਪੇਸ਼ ਕੀਤੀ ਹੈ:

ਜੋਗ ਸਬਦੰ ਗਿਆਨ ਸਬਦੰ ਬੇਦ ਸਬਦੰ ਬ੍ਰਾਹਮਣਹ।।
ਖਤ੍ਰੀ ਸਬਦੰ ਸੂਰ ਸਬਦੰ ਸੂਦ੍ਰ ਸਬਦੰ ਪਰਾਕ੍ਰਿਤਹ।।
ਸਰਬ ਸਬਦੰ ਏਕ ਸਬਦੰ ਜੇ ਕੋ ਜਾਣੈ ਭੇਉ।।
ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ।।[18]

'ਆਸਾ ਦੀ ਵਾਰ' ਉਪਰ ਵਿਚਾਰ ਕਰਦੇ ਹੋਏ ਡਾ. ਤਾਰਨ ਸਿੰਘ ਲਿਖਦੇ ਹਨ:

> ਇਸ ਰਚਨਾ ਵਿਚ ਦਾਰਸ਼ਨਿਕ ਤੇ ਧਾਰਮਿਕ ਵਿਚਾਰ ਤੇ ਉਹ ਹੀ ਹਨ ਜੋ ਗੁਰੂ ਸਾਹਿਬ ਦੀਆਂ ਹੋਰ ਰਚਨਾਵਾਂ ਵਿਚ ਦਿੱਤੇ ਹੋਏ ਹਨ। ਪਰ ਰਸਮਾਂ ਤੇ ਕਰਮ ਕਾਂਡਾਂ ਬਾਰੇ ਰਾਜਸੀ ਤੇ ਸਭਿਆਚਾਰਕ ਅਧੋਗਤੀ ਬਾਰੇ, ਜਿੰਨੀ ਦ੍ਰਿੜ੍ਹਤਾ ਨਾਲ ਦ੍ਰਿਸ਼ਟੀਕੋਣ ਇਸ ਰਚਨਾ ਵਿਚ ਦਿਤੇ ਹਨ, ਸਮੁੱਚੇ ਤੌਰ ਤੇ ਇਸ ਤਰ੍ਹਾਂ ਕਿਸੇ ਹੋਰ ਰਚਨਾ ਵਿਚ ਨਹੀਂ ਦਿੱਤੇ ਗਏ।[19]

'ਆਸਾ ਦੀ ਵਾਰ' ਵਿਚ ਸਾਰੇ ਜਗਤ ਦੇ ਕਲਿਆਣ ਲਈ ਮਾਨਵਵਾਦੀ ਸਿਧਾਂਤ ਹਨ। ਇਹ ਮਨੁੱਖ ਨੂੰ ਮਾਨਵਵਾਦੀ ਰਾਹਾਂ ਤੇ ਤੋਰਦੀ ਹੈ।

ਗੁਰੂ ਨਾਨਕ ਦੇ ਸਮੇਂ ਰਾਜਨੀਤਕ ਦਸ਼ਾ ਬਹੁਤ ਮਾੜੀ ਸੀ। ਦੇਸ਼ ਛੋਟੇ ਛੋਟੇ ਹਿੱਸਿਆਂ ਵਿਚ ਵੰਡਿਆ ਹੋਇਆ ਸੀ। ਦੇਸ਼ ਵੰਡਿਆ ਹੋਣ ਕਰਕੇ ਬਾਹਰਲੇ ਹਮਲੇ ਅਕਸਰ ਹੁੰਦੇ ਰਹਿੰਦੇ ਸਨ। ਜਿਸ ਕਾਰਣ ਦੇਸ਼ ਵਿਚ ਹਰ ਖੇਤਰ ਵਿਚ ਗਿਰਾਵਟ ਆ ਰਹੀ ਸੀ। ਬਾਬਰ ਦੇ ਹਮਲਿਆਂ ਨੇ ਤਾਂ ਵੱਡੀਆਂ ਵੱਡੀਆਂ ਜਾਇਦਾਦਾਂ ਵਾਲਿਆਂ ਨੂੰ ਵੀ ਫਕੀਰ ਬਣਾ ਦਿੱਤਾ ਸੀ। ਗੁਰੂ ਨਾਨਕ ਨੇ ਉਸ ਵੇਲੇ ਲੋਕਾਈ ਦੇ ਦੁਖਾਂ ਦਰਦਾਂ ਅਤੇ ਮਾਨਸਿਕ ਰੋਗਾਂ ਨੂੰ ਅਨੁਭਵ ਕੀਤਾ ਤੇ ਪ੍ਰਤੀਕਰਮ ਵਜੋਂ ਉਹਨਾਂ ਨੇ ਇਨ੍ਹਾਂ ਹਾਲਤਾਂ ਦਾ ਵਰਣਨ ਆਪਣੀ ਬਾਣੀ ਖਾਸ ਕਰ

Sri Satguru Jagjit Singh Ji eLibrary NamdhariElibrary@gmail.com

'ਆਸਾ ਦੀ ਵਾਰ' ਵਿਚ ਕੀਤਾ। ਗੁਰੂ ਨਾਨਕ ਨੇ ਉਸ ਵੇਲੇ ਦੀਆਂ ਭਾਰਤ ਪ੍ਰਸਥਿਤੀਆਂ ਉਪਰ ਰੱਜ ਕੇ ਟਿੱਪਣੀ ਕੀਤੀ। ਹੁਕਮਰਾਨ ਜਮਾਤ ਵਿਰੁੱਧ ਆਵਾਜ਼ ਉਠਾਈ ਜਿਹੜੀ ਮਨੁੱਖੀ ਸਖ਼ਸੀਅਤ ਦੇ ਵਿਕਾਸ ਵਿਚ ਰੋੜਾ ਬਣਦੀ ਸੀ। ਉਸ ਸਮੇਂ ਸਮਾਜ ਵਿਚ ਇਕ ਹੋਰ ਵੱਡੀ ਘਾਟ ਸੀ ਗਰੀਬ ਮਜ਼ਦੂਰਾਂ ਦਾ ਖ਼ੂਨ ਚੂਸਿਆ ਜਾਂਦਾ ਸੀ। ਗਰੀਬਾਂ ਨੂੰ ਉਨ੍ਹਾਂ ਦਾ ਜਾਇਜ਼ ਹੱਕ ਨਹੀਂ ਮਿਲਦਾ ਸੀ। ਗੁਰੂ ਨਾਨਕ ਨੇ ਇਸ ਯਥਾਰਥ ਨੂੰ ਕਰੜੇ ਸ਼ਬਦਾਂ ਵਿਚ ਉਜਾਗਰ ਕੀਤਾ ਤੇ ਮਨੁੱਖ ਨੂੰ ਸੱਚੇ ਮਾਰਗ ਉਪਰ ਚੱਲਣ ਲਈ ਕਿਹਾ।

ਗੁਰੂ ਨਾਨਕ ਹਰੇਕ ਵਿਅਕਤੀ ਨੂੰ ਉੱਚ ਵੇਖਣਾ ਚਾਹੁੰਦੇ ਸਨ। ਆਪ ਨੇ ਇਸ ਸਚਾਈ ਨੂੰ ਬਾਰ ਬਾਰ ਪ੍ਰਗਟ ਕੀਤਾ ਕਿ ਜਨਮ ਤੋਂ ਨ ਕੋਈ ਮੁਸਲਮਾਨ ਹੈ ਤੇ ਨ ਹਿੰਦੂ ਤੇ ਨ ਹੀ ਕੋਈ ਹੋਰ ਧਰਮ ਦਾ ਪੈਰੋਕਾਰ। ਉਹਨਾਂ ਅਨੁਸਾਰ:

> ਹਰ ਧਰਮ ਇਕ ਇਨਸਾਨ ਬਣਨ ਦੀ ਤਾਲੀਮ ਦਿੰਦਾ ਹੈ
> ਜੇ ਕਰ ਅਸੀਂ ਇਕ ਮਾਨਵ ਧਰਮ ਨੂੰ ਮੰਨ ਲਈਏ, ਤੇ ਸਦਾਚਾਰ
> ਤੇ ਅਖਲਾਕੀ ਕੀਮਤਾਂ ਨੂੰ ਅਪਣਾ ਲਈਏ ਪਸ਼ੂਤਾ ਤੋਂ ਉਪਰ
> ਉਠ ਕੇ ਮਨੁੱਖਤਾ ਦੀ ਪਦਵੀ ਪ੍ਰਾਪਤ ਕਰ ਲਈਏ ਤਦ ਅਸੀਂ
> ਹਿੰਦੂ, ਮੁਸਲਮਾਨ, ਈਸਾਈ ਧਰਮਾਂ ਦੇ ਪੈਰੋਕਾਰ ਕਹਾਵਨ
> ਦੇ ਹਕਦਾਰ ਹੋ ਸਕਦੇ ਹਾਂ। ਵਾਸਤਵ ਵਿਚ ਇਸ ਸਚਾਈ ਤਾਹੀਂ
> ਗੁਰੂ ਦੇਵ ਇਕ ਨਵੇਂ ਸਮਾਜ ਦਾ ਨਿਰਮਾਣ ਚਾਹੁੰਦੇ ਸਨ ਜੋ
> ਵਿਸ਼ਵ ਵਿਆਪੀ ਹੋਵੇ ਅਤੇ ਸੰਕੀਰਣਤਾ ਤੋਂ ਬਹੁਤ ਦੂਰ ਹੋਵੇ।[20]

ਮੱਧਕਾਲ ਦੇ ਭਿਆਨਕ ਸਮੇਂ ਵਿਚ ਨੀਵੀਆਂ ਜਾਤਾਂ ਦੇ ਹੱਕ ਵਿਚ ਖਲੋਣਾ ਅਤੇ ਰਾਜਿਆਂ ਨੂੰ ਲਲਕਾਰਨਾ ਵਾਸਤਵ ਵਿਚ ਦਲੇਰੀ ਵਾਲਾ ਕਦਮ ਸੀ। ਕਿਸੇ ਭਗਤ ਜਾਂ ਨੇਤਾ ਨੂੰ ਹਕੂਮਤ ਦੇ ਵਿਰੁੱਧ ਆਵਾਜ਼ ਬੁਲੰਦ ਕਰਨ ਦਾ ਹੌਸਲਾ ਨਹੀਂ ਸੀ। ਏਸੇ ਸਮੇਂ ਗੁਰੂ ਨਾਨਕ ਨੇ ਹਕੂਮਤ ਦੇ ਯਥਾਰਥ ਨੂੰ ਨਿਡਰ ਹੋ ਕੇ ਚਿਤਰਿਆ। ਨਾਨਕ ਬਾਣੀ ਰਾਜਨੀਤਿਕ ਸੰਦਰਭ ਵਿਚ ਮਹਾਨ ਮਾਨਵਵਾਦੀ ਕੀਮਤਾਂ ਦਾ ਪ੍ਰਤੀਪਾਦਨ ਕਰਦੀ ਹੈ। ਡਾ. ਗੋਕਲ ਚੰਦ ਨਾਰੰਗ

Sri Satguru Jagjit Singh Ji eLibrary NamdhariElibrary@gmail.com

ਦੇ ਸ਼ਬਦਾਂ ਵਿਚ:

> ਸਦੀਆਂ ਦੀ ਅਧੀਨਤਾ ਉਪਰੰਤ, ਹਿੰਦੂਆਂ ਵਿਚੋਂ ਗੁਰੂ ਸਾਹਿਬ
> ਪ੍ਰਥਮ ਪੁਰਸ਼ ਸਨ ਜਿਨ੍ਹਾਂ ਨੇ ਅਤਿਆਚਾਰ ਅਤੇ ਜ਼ੁਲਮ ਵਿਰੁੱਧ
> ਆਵਾਜ਼ ਉਠਾਈ ।[21]

ਮੱਧਕਾਲੀ ਸ਼ਾਸਨ ਪ੍ਰਬੰਧ ਵਿਚ ਇਸਤਰੀ ਦੀ ਬਹੁਤ ਦੁਰਦਸ਼ਾ ਸੀ, ਉਸ ਨੂੰ ਹਰ ਪ੍ਰਕਾਰ ਦੇ ਅਧਿਕਾਰਾਂ ਤੋਂ ਵੰਚਿਤ ਰੱਖਿਆ ਗਿਆ ਸੀ।ਮੁਗਲ ਸਿਪਾਹੀਆਂ ਦੁਆਰਾ ਭਾਰਤੀ ਇਸਤਰੀ ਦਾ ਅਪਮਾਨ ਕੀਤਾ ਜਾਂਦਾ ਸੀ। ਉਹਨਾਂ ਉਪਰ ਹੋਏ ਜ਼ੁਲਮ ਦੀ ਨਿਖੇਧੀ ਕਰਦੇ ਹੋਏ ਗੁਰੂ ਨਾਨਕ ਨੇ ਇਸ ਪ੍ਰਕਾਰ ਲਿਖਿਆ ਹੈ:

> ਜਿਨ੍ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ
> ਸੇ ਸਿਰ ਕਾਤੀ ਮੁੰਨੀਅਨਿ ਗਲ ਵਿਚਿ ਆਵੈ ਧੂੜਿ
> ਮਹਲਾ ਅੰਦਰਿ ਹੋਦੀਆ ਹੁਣਿ ਬਹਣਿ ਨ ਮਿਲਨਿ ਹਦੂਰਿ
> ਆਦੇਸੁ ਬਾਬਾ ਆਦੇਸੁ ।।[22]

ਗੁਰੂ ਨਾਨਕ ਨੇ ਇਸਤਰੀ ਦੀ ਇਸ ਦਰਦ ਨਾਕ ਹਾਲਤ ਨੂੰ ਦੇਖ ਕੇ ਇਸਤਰੀ ਦੇ ਹੱਕ ਵਿਚ ਜੋਰਦਾਰ ਆਵਾਜ਼ ਉਠਾਈ। 'ਆਸਾ ਦੀ ਵਾਰ' ਵਿਚੋਂ ਇਹ ਪੰਕਤੀਆਂ:

> ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ।।
> ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ।।
> ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ।।
> ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ।।[23]

ਗੁਰੂ ਨਾਨਕ ਨੇ ਬਾਬਰ ਦੀ ਸੈਨਾ ਨੂੰ 'ਪਾਪ ਦੀ ਜੰਞ' ਕਿਹਾ। ਗੁਰੂ ਨਾਨਕ ਨੇ ਮਨੁੱਖ ਨੂੰ ਮਿਹਨਤ ਤੇ ਉਦਮ ਨਾਲ ਹੱਕ ਦੀ ਕਮਾਈ ਵਲ ਸੁਚੇਤ ਕੀਤਾ । ਉਨ੍ਹਾਂ

ਨੇ ਲੋਕਾਈ ਵਿਚ ਸਵੈ ਮਾਣਦੀ ਭਾਵਨਾ ਉਪਜਾ ਕੇ ਸਾਂਝੀ ਜਥੇਬੰਦੀ ਵਿਚ ਰਹਿਣ ਦੀ ਪ੍ਰੇਰਣਾ ਦਿਤੀ। 'ਆਸਾ ਦੀ ਵਾਰ' ਨੇ ਉਸ ਸਮੇਂ ਲੋਕਾਈ ਨੂੰ ਧਰਵਾਸ ਪ੍ਰਦਾਨ ਕੀਤੀ। ਇਸ ਬਾਣੀ ਵਿਚ ਮਾਨਵੀ ਏਕਤਾ ਅਤੇ ਭਰਾਤ੍ਰੀਅਤਾ ਦੀ ਭਾਵਨਾ ਮੌਲਿਕ ਰੂਪ ਵਿਚ ਦਿਖਾਈ ਦੇਂਦੀ ਹੈ।

ਇਸ ਤਰ੍ਹਾਂ ਸਮੁੱਚੇ ਤੌਰ ਤੇ ਅਸੀਂ ਕਹਿ ਸਕਦੇ ਹਾਂ ਕਿ 'ਆਸਾ ਦੀ ਵਾਰ' ਵਿਚ ਗੁਰੂ ਨਾਨਕ ਨੇ ਉਸ ਸਮੇਂ ਦੀ ਰਾਜਸੀ ਇਤਿਹਾਸਕ ਸਥਿਤੀ ਦਾ ਵਰਨਣ ਬਹੁਤ ਸੁੰਦਰ ਸ਼ਬਦਾਂ ਵਿਚ ਵਿਚ ਕੀਤਾ ਤੇ ਉਸ ਸਮੇਂ ਪ੍ਰਚਲਿਤ ਗਲਤ ਕੀਮਤਾਂ ਪ੍ਰਤੀ ਲੋਕਾਈ ਨੂੰ ਜਾਗਰੂਕ ਕੀਤਾ। ਉਨ੍ਹਾਂ ਦੇ ਸਵੈਮਾਣ ਨੂੰ ਝੰਜੋੜਿਆ ਅਤੇ ਉਨ੍ਹਾਂ ਨੂੰ ਆਪਣੇ ਹੱਕਾਂ ਲਈ ਆਵਾਜ਼ ਬੁਲੰਦ ਕਰਨ ਲਈ ਕਿਹਾ। ਗੁਰੂ ਨਾਨਕ ਨੇ ਲੋਕਾਂ ਨੂੰ ਮਾਨਵੀ ਏਕਤਾ ਦਾ ਸੰਦੇਸ਼ ਦਿਤਾ।

ਗੁਰੂ ਨਾਨਕ ਨੇ ਜਿਸ ਸੰਘਰਸ਼ ਲਈ ਲੋਕਾਂ ਨੂੰ ਜਗਾਇਆ ਉਹ ਜੰਗਾਂ, ਜਰ, ਜੋਰੂ ਜ਼ਮੀਨ ਜਾਂ ਰਾਜ ਗੱਦੀ ਲਈ ਨਹੀਂ ਸਗੋਂ ਮਨੁੱਖੀ ਹੱਕਾਂ ਦੀ ਰਾਖੀ ਲਈ ਲੜੀਆਂ ਗਈਆਂ। ਇਸ ਤਰ੍ਹਾਂ ਗੁਰੂ ਨਾਨਕ ਨੇ ਲੋਕਾਈ ਨੂੰ ਬਾਣੀ ਰਾਹੀਂ ਰਾਜਨੀਤਕ ਇਨਕਲਾਬ ਲਿਆਉਣ ਲਈ ਜਗਾਇਆ। ਇਹ ਮੱਧਕਾਲੀਨ ਯੁਗ ਦੇ ਇਤਿਹਾਸ ਵਿਚ ਮਹੱਤਵ ਪੂਰਨ ਘਟਨਾ ਹੈ।

Sri Satguru Jagjit Singh Ji eLibrary NamdhariElibrary@gmail.com

## ਹਵਾਲੇ ਅਤੇ ਟਿੱਪਣੀਆਂ


1. ਵਾਰ ਆਸਾ, ਮਹਲਾ ੧, ਆਦਿ ਗ੍ਰੰਥ, ਪੰ. 471

2. ਉਹੀ, ਪੰ. 470

3. ਉਹੀ, ਪੰ. 472

4. ਉਹੀ, ਪੰ. 475

5. ਉਹੀ, ਪੰ. 472

6. ਵਾਰ ਪਹਿਲੀ, ਭਾਈ ਗੁਰਦਾਸ

7. ਵਾਰ ਆਸਾ, ਮਹਲਾ ੧, ਆਦਿ ਗ੍ਰੰਥ, ਪੰ. 471

8. ਤਿਲੰਗ ਮਹਲਾ ੧, ਆਦਿ ਗ੍ਰੰਥ, ਪੰ. 722

9. ਵਾਰ ਆਸਾ, ਮਹਲਾ ੧, ਆਦਿ ਗ੍ਰੰਥ, ਪੰ. 471

10. ਉਹੀ, ਪੰ. 468

11. ਰਾਗ ਆਸਾ, ਮਹਲਾ ੧, ਆਦਿ ਗ੍ਰੰਥ, ਪੰ. 360

12. ਵਾਰ ਆਸਾ, ਮਹਲਾ ੧, ਆਦਿ ਗ੍ਰੰਥ, ਪੰ. 468-469

13. ਉਹੀ, ਪੰ. 471

14. ਖੋਜ ਪਤ੍ਰਿਕਾ: ਗੁਰੂ ਨਾਨਕ ਵਿਸ਼ੇਸ਼ ਅੰਕ, ਨਵੰਬਰ, 1969 ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ. 75

15. ਵਾਰ ਆਸਾ, ਮਹਲਾ ੧, ਆਦਿ ਗ੍ਰੰਥ, ਪੰ. 464

16. Dr. Ganda Singh, Sources of the Life and Teachking of Guru Nanak )Ed.) Panjabi University, Patiala 1969, P. 248


Sri Satguru Jagjit Singh Ji eLibrary NamdhariElibrary@gmail.com

17. ਵਾਰ ਆਸਾ, ਮਹਲਾ ੧, ਆਦਿ ਗ੍ਰੰਥ, ਪੰ. 468

18. ਉਹੀ, ਮਹਲਾ , ਆਦਿ ਗ੍ਰੰਥ, ਪੰ. 469

19. ਡਾ. ਰਤਨ ਸਿੰਘ, ਗੁਰੂ ਨਾਨਕ ਚਿੰਤਨ ਤੇ ਕਲਾ, ਪੰ. 117

20. ਕਾਲਾ ਸਿੰਘ ਬੇਦੀ,' ਗੁਰੂ ਨਾਨਕ ਬਾਣੀ ਵਿਚ ਯਥਾਰਥ', ਪਰਖ, ਗੁਰੂ ਨਾਨਕ ਸਿਮ੍ਰਿਤੀ ਅੰਕ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਨੰਬਰ 1, 1969, ਪੰ. 11

21. ਗੋਕਲ ਚੰਦ ਨਾਰੰਗ, ਸਿਖ ਮਤ ਦਾ ਪਰਿਵਰਤਨ (ਅਨੁਵਾਦਕ: ਗੁਰਚਰਨ ਸਿੰਘ), ਪੰ. 11

22. ਰਾਗ ਆਸਾ, ਮਹਲਾ ੧ , ਆਦਿ ਗ੍ਰੰਥ, ਪੰ. 417

23. ਵਾਰ ਆਸਾ, ਮਹਲਾ ੧, ਆਦਿ ਗ੍ਰੰਥ, ਪੰ. 473

Sri Satguru Jagjit Singh Ji eLibrary NamdhariElibrary@gmail.com

ਅਧਿਆਇ ਚੌਥਾ :

*
*
*
*
*
*
*

## ਆਸਾ ਦੀ ਵਾਰ ਵਿਚ ਧਾਰਮਿਕ ਸਥਿਤੀ ਦੀ ਚੇਤਨਾ

Sri Satguru Jagjit Singh Ji eLibrary NamdhariElibrary@gmail.com

## ਆਸਾ ਦੀ ਵਾਰ ਵਿਚ ਧਾਰਮਿਕ ਸਥਿਤੀ ਦੀ ਚੇਤਨਾ

ਧਰਮ ਮਨੁੱਖੀ ਜੀਵਨ ਦਾ ਅਟੁੱਟ ਅੰਗ ਹੈ । ਧਰਮ ਪ੍ਰਤੀ ਮਨੁੱਖ ਦੀ ਨਿੱਜੀ ਰਾਇ ਕੁਝ ਵੀ ਹੋ ਸਕਦੀ ਹੈ ਪਰ ਇਸ ਤੱਥ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਮਨੁੱਖ ਦੇ ਇਤਿਹਾਸ ਵਿਚ ਧਰਮ ਇਕ ਬਹੁਤ ਹੀ ਬਲਵਾਨ ਤੱਤ ਰਿਹਾ ਹੈ। ਮਨੁੱਖ ਦੇ ਇਸ ਜਗਤ ਵਿਚ ਪ੍ਰਵੇਸ਼ ਕਰਦਿਆਂ ਹੀ, ਕਈ ਤਰ੍ਹਾਂ ਦੇ ਧਾਰਮਿਕ ਨਿਯਮਾਂ ਤੇ ਵਿਸ਼ਵਾਸਾਂ ਨਾਲ ਉਸ ਦੀ ਸਾਂਝ ਸ਼ੁਰੂ ਹੋ ਜਾਂਦੀ ਹੈ, ਜੋ ਉਸਦੇ ਜੀਵਨ ਦਾ ਇਕ ਅਟੁੱਟ ਅੰਗ ਬਣ ਜਾਂਦੇ ਹਨ। ਧਰਮ ਮਨੁੱਖ ਦੀ ਆਤਮਕ ਉਨਤੀ ਦਾ ਰਾਹ ਦਰਸਾਉਂਦਾ ਹੈ ਜੋ ਮਨੁੱਖ ਨੂੰ ਮਾਨਵਵਾਦੀ ਰਾਹਾਂ ਤੇ ਤੋਰਦਾ ਹੈ। ਧਰਮ ਮਨੁੱਖ ਨੂੰ ਦੈਵੀ ਸੰਭਾਵਨਾ ਪ੍ਰਦਾਨ ਕਰਦਾ ਹੈ ਇਹ ਦੈਵੀ ਸੰਭਾਵਨਾ ਮਨੁੱਖ ਅੰਦਰਲੀਆਂ ਪਾਸ਼ਵਿਕ ਬਿਰਤੀਆਂ ਦਾ ਨਾਸ਼ ਕਰਦੀ ਹੈ।

ਧਰਮ ਮਨੁੱਖ ਦੇ ਜੀਵਨ ਵਿਚ ਵਾਪਰਨ ਵਾਲੇ ਅਨੁਭਵਾਂ ਵਿਚੋਂ ਇਕ ਅਜਿਹਾ ਅਨੁਭਵ ਹੈ ਜੋ ਉਸਦੇ ਸੰਪੂਰਨ ਜੀਵਨ ਨੂੰ ਸੇਧ ਦਿੰਦਾ ਹੈ, ਭਾਵੇਂ ਮਨੁੱਖ ਸੁਚੇਤ ਤੌਰ ਤੇ ਉਸ ਅਨੁਭਵ ਨੂੰ ਗ੍ਰਹਿਣ ਨਹੀਂ ਕਰ ਰਿਹਾ ਹੁੰਦਾ। ਧਰਮ ਆਦਿ ਕਾਲ ਤੋਂ ਹੀ ਕਿਸੇ ਨਾ ਕਿਸੇ ਰੂਪ ਵਿਚ ਮਨੁੱਖ ਦੇ ਜੀਵਨ ਨੂੰ ਪ੍ਰਭਾਵਿਤ ਕਰਦਾ ਆ ਰਿਹਾ ਹੈ। ਧਰਮ ਤੋਂ ਹੀ ਮਨੁੱਖ ਨੇ ਮੁਕਤੀ ਦਾ ਮਾਰਗ ਪਾਇਆ ਹੈ।

ਭਾਰਤ ਇਕ ਧਰਮ ਪ੍ਰਧਾਨ ਦੇਸ਼ ਹੈ । ਇਥੇ ਅਨੇਕਾਂ ਧਰਮ ਵਿਕਸਿਤ ਹੋਏ ਪਰ ਗੁਰੂ ਨਾਨਕ ਵੇਲੇ ਸਥਿਤੀ ਅਜਿਹੀ ਸੀ ਕਿ ਉਸ ਸਮੇਂ ਦੇ ਧਰਮ ਨੂੰ ਅਧਰਮ ਕਹਿਣਾ ਹੀ ਉਚਿਤ ਹੈ। ਧਰਮ ਦਾ ਅਸਲੀ ਰੂਪ ਮਿਟ ਚੁੱਕਿਆ ਸੀ। ਕੁਰੀਤੀਆਂ, ਕੁਰਸਮਾਂ, ਵਹਿਮ ਤੇ ਭਰਮ ਆਦਿ ਧਰਮ ਦਾ ਉਘਾ ਅੰਗ ਬਣ ਚੁਕੇ ਸਨ। ਅਸਲੀਅਤ ਦੀ ਥਾਂ ਕੇਵਲ ਦਿਖਾਵਾ ਰਹਿ ਗਿਆ ਸੀ। ਧਾਰਮਿਕ ਆਗੂਆਂ ਅਤੇ ਉਹਨਾਂ ਦੇ ਪੈਰੋਕਾਰਾਂ ਦੀ ਕਥਨੀ ਤੇ ਕਰਨੀ ਵਿਚ ਫਰਕ ਸੀ।

Sri Satguru Jagjit Singh Ji eLibrary NamdhariElibrary@gmail.com

ਧਾਰਮਿਕ ਮੁਖੀ ਆਪ ਅਗਿਆਨਤਾ ਵਿਚ ਫਸੇ ਹੋਏ ਸਨ ਅਤੇ ਚੇਲਿਆਂ ਨੂੰ ਵੀ ਕੁਰਾਹੇ ਪਾ ਰਹੇ ਸਨ। ਮੁਸਲਮਾਨ ਹਾਕਮਾਂ ਦੇ ਜ਼ੁਲਮ ਦਿਨੋ ਦਿਨ ਵੱਧ ਰਹੇ ਸਨ। ਅਤਿ ਅੰਤ ਜ਼ੁਲਮ ਦੇ ਪੀੜਤ ਤੇ ਗੁਲਾਮੀ ਵਿਚ ਜਕੜੇ ਬੇਬਸ ਹਿੰਦੂ ਸਦਾਚਾਰਕ ਤੌਰ ਤੇ ਮਰ ਰਹੇ ਸਨ। ਉਹਨਾਂ ਵਿਚੋਂ ਬਹੁਤ ਸਾਰੇ ਮੁਸਲਮਾਨੀ ਮਤ ਵਿਚ ਸ਼ਾਮਲ ਹੋ ਰਹੇ ਸਨ। ਖਤਰੀ ਵੀ ਆਪਣੀ ਜਾਇਦਾਦ ਤੇ ਇਜ਼ਤ ਬਚਾਉਣ ਲਈ ਧਰਮ ਪਰਿਵਰਤਨ ਕਰ ਰਹੇ ਸਨ। ਧਾਰਮਕ ਮੁਖੀ ਆਪਣੇ ਨਿੱਜੀ ਸੁਆਰਥਾਂ ਦੀ ਪੂਰਤੀ ਤੱਕ ਹੀ ਮਹਿਦੂਦ ਸਨ।

ਮੱਧਕਾਲ ਵਿਚ ਧਾਰਮਕ ਨੇਤਾ ਧਰਮ ਦੇ ਨਾਂ ਤੇ ਅਮਾਨਵੀ ਕਰਮ ਕਰ ਰਹੇ ਸਨ। ਉਸ ਸਮੇਂ ਲੋਕਾਈ ਗੈਰ ਮਾਨਵਵਾਦੀ ਕਰਮਾਂ ਵਿਚ ਰੁਝੀ ਹੋਈ ਸੀ। ਧਾਰਮਿਕ ਪਤਨ ਦਾ ਸਮਾਂ ਸੀ। ਹਰ ਖੇਤਰ ਵਿਚ ਝੂਠ ਫਰੇਬ ਦਾ ਬੋਲਬਾਲਾ ਸੀ। ਧਰਮ ਦੀ ਥਾਂ ਸ਼ੈਤਾਨ ਨੇ ਮਲ ਲਈ ਸੀ। ਵਿਦੇਸ਼ੀ ਹਮਲਾਵਰਾਂ ਵਿਚ ਇਸਲਾਮੀ ਰਾਜ ਦੇਖਣ ਦੀ ਰੀਝ ਸੀ, ਇਸ ਲਈ ਉਹਨਾਂ ਨੇ ਨਿਰਦਈ ਰੂਪ ਧਾਰਿਆ ਹੋਇਆ ਸੀ। ਉਸ ਸਮੇਂ ਸਿਕੰਦਰ ਲੋਧੀ ਦਾ ਰਾਜ ਸੀ ਜੋ ਕਿ ਚੰਗਾ ਸ਼ਾਸਕ ਸੀ ਪਰ ਧਾਰਮਿਕ ਕੱਟੜਤਾ ਤੋਂ ਮੁਕਤ ਨਹੀਂ ਸੀ ਉਸਨੇ ਬਹੁਤ ਸਾਰੇ ਹਿੰਦੂ ਮੰਦਰਾਂ ਨੂੰ ਢਾਹਿਆ ਅਤੇ ਅਜਿਹਾ ਕਰਨਾ ਉਹ ਆਪਣਾ ਧਰਮ ਸਮਝ ਬੈਠਾ ਸੀ। ਉਸਨੇ ਉਹਨਾਂ ਮੰਦਰਾਂ ਦੀ ਥਾਂ ਤੇ ਮਸਜਦਾਂ ਉਸਾਰੀਆਂ। ਗਾਂ ਜੋ ਹਿੰਦੂ ਧਰਮ ਦਾ ਪਵਿੱਤਰ ਜਾਨਵਰ ਹੈ, ਨੂੰ ਜ਼ਿਬ੍ਹਾ ਕੀਤਾ ਜਾਂਦਾ ਸੀ।

ਮੱਧਕਾਲ ਵਿਚ ਸਮਾਜ ਦੀ ਧਾਰਮਕ ਦਸ਼ਾ ਬਹੁਤ ਤਰਸ-ਯੋਗ ਸੀ। ਧਾਰਮਿਕ ਪਤਨ ਸਿਖਰ ਤੇ ਪਹੁੰਚ ਗਿਆ ਸੀ। ਲੋਕ ਅਮਲੀ ਜੀਵਨ ਤੋਂ ਕੋਰੇ ਹੋ ਚੁੱਕੇ ਸਨ। ਧਰਮ ਕੇਵਲ ਬਾਹਰਲੇ ਚਿੰਨ੍ਹ ਤਕ ਹੀ ਸੀਮਤ ਹੋ ਕੇ ਰਹਿ ਗਿਆ ਸੀ ਇਸ ਸਮੇਂ ਗੁਰੂ ਨਾਨਕ ਨੇ 'ਆਸਾ ਦੀ ਵਾਰ' ਅਧਰਮ ਦੇ ਖਿਲਾਫ ਆਪਣੀ ਆਵਾਜ਼ ਬੁਲੰਦ ਕੀਤੀ ਤੇ ਧਰਮ ਦੀ ਵਾਸਤਵਿਕਤਾ

Sri Satguru Jagjit Singh Ji eLibrary NamdhariElibrary@gmail.com

ਨੂੰ ਪਛਾਨਣ ਤੇ ਜ਼ੋਰ ਦਿੱਤਾ। ਲੋਕਾਂ ਵਿਚ ਸਚਾਈ ਅਤੇ ਇਨਸਾਫ ਬਾਰੇ ਚੇਤਨਾ ਪੈਦਾ ਕੀਤੀ। ਲੋਕਾਈ ਦੀ ਮਰ ਚੁੱਕੀ ਅਣਖ ਨੂੰ ਸੁਰਜੀਤ ਕੀਤਾ। ਉਸ ਵੇਲੇ ਲੋਕਾਂ ਨੇ ਆਪਣੇ ਹਾਕਮਾਂ ਨੂੰ ਖੁਸ਼ ਕਰਨ ਲਈ ਆਪਣੇ ਆਪ ਨੂੰ ਮਾਰ ਕੇ ਆਪਣੀ ਪੋਸ਼ਾਕ ਤੇ ਬੋਲੀ ਤਿਆਗ ਦਿੱਤੀ ਅਤੇ ਤੁਰਕਾਂ ਦੀ ਰਹਿਣੀ ਬਹਿਣੀ ਅਪਨਾ ਲਈ ਸੀ:

ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ।[1]

ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ।[2]

ਉਸ ਸਮੇਂ ਜੋਗੀ ਤੇ ਸੰਨਿਆਸੀ ਕਰਾਮਾਤਾਂ ਵਿਖਾ ਵਿਖਾ ਕੇ ਲੋਕਾਂ ਨੂੰ ਆਪਣੇ ਵਲ ਖਿਚ ਰਹੇ ਸਨ। ਗੁਰੂ ਨਾਨਕ ਨੇ ਇਹਨਾਂ ਸਾਰੇ ਧਾਰਮਿਕ ਆਗੂਆਂ ਦਾ ਖੰਡਨ ਆਪਣੀ ਬਾਣੀ 'ਆਸਾ ਦੀ ਵਾਰ' ਵਿਚ ਕੀਤਾ ਹੈ ਕਿਉਂਕਿ ਇਹ ਜੋਗੀ, ਸੰਨਿਆਸੀ ਅਸਲੀਅਤ ਤੋਂ ਕੋਰੇ ਸਨ ਪਰ ਕਰਮ ਕਾਂਡਾਂ ਵਿਚ ਫਸੇ ਹੋਏ ਸਨ। ਉਸ ਸਮੇਂ ਦੀ ਧਾਰਮਿਕ ਅਧੋਗਤੀ, ਦਾ ਚਿਤਰ ਭਾਈ ਗੁਰਦਾਸ ਨੇ ਵੀ ਆਪਣੀ ਵਾਰ ਵਿਚ ਇਸ ਤਰ੍ਹਾਂ ਪੇਸ਼ ਕੀਤਾ ਹੈ:

ਕੋਈ ਨਾ ਕਿਸੈ ਵਰਜਦਾ ਸੋਈ ਕਰੈ ਜੋਈ ਮਨ ਭਾਵੈ।
ਕਿਸੈ ਪੁਜਾਈ ਸਿਲਾ ਸੁੰਨ ਕੋਈ ਗੋਰੀ ਮੜ੍ਹੀ ਪੁਜਾਵੈ।
ਤੰਤ੍ਰ ਮੰਤ੍ਰ ਪਾਖੰਡ ਕਰ ਕਲਹ ਕ੍ਰੋਧ ਬਹੁ ਵਾਦ ਵਧਾਵੈ।
ਆਪੋ ਧਾਪੀ ਹੋਇ ਕੈ ਨਿਆਰੇ ਨਿਆਰੇ ਧਰਮ ਚਲਾਵੈ।
ਕੋਈ ਪੂਜੇ ਚੰਦਰ ਸੂਰ ਕੋਈ ਧਰਤ ਅਕਾਸ਼ ਮਨਾਵੈ।
ਪਉਣ ਪਾਣੀ ਬੈਸੰਤਰੋ ਧਰਮ ਰਾਜ ਕੋਈ ਤ੍ਰਿਪਤਾਵੈ।
ਫੋਕਟ ਧਰਮੀ ਭਰਮ ਭੁਲਾਵੈ।[3]

ਉਸ ਸਮੇਂ ਮਨੁੱਖ ਪ੍ਰਕਿਰਤੀ ਦੀਆਂ ਸ਼ਕਤੀਆਂ ਦੇ ਸਾਹਮਣੇ ਆਪਣੇ ਆਪ ਨੂੰ ਹੀਣਾ

Sri Satguru Jagjit Singh Ji eLibrary NamdhariElibrary@gmail.com

www.archive.org/details/namdhari



ਸਮਝਦਾ ਸੀ ਅਤੇ ਆਪਣੇ ਆਪ ਨੂੰ ਨੁਕਾਣ ਲਈ ਮਨੁੱਖ ਉਹਨਾਂ ਨੂੰ ਪੂਜਦਾ ਅਤੇ ਕਰਮ ਕਾਂਡਾਂ ਦੀਆਂ ਰਸਮਾਂ ਨਿਭਾਉਂਦਾ ਸੀ। ਉਸ ਸਮੇਂ ਲੋਕਾਈ ਆਪਣੇ ਅਸਲ ਮਨੋਰਥ ਨੂੰ ਭੁਲ ਕੇ ਕਰਮ ਕਾਂਡ ਦੇ ਭੁਲੇਖਿਆਂ ਨੂੰ ਹੀ ਧਰਮ ਸਮਝੀ ਬੈਠੀ ਸੀ। ਉਸ ਸਮੇਂ ਹਿੰਦੂ ਅਤੇ ਮੁਸਲਮ ਧਰਮ ਦੋਵੇਂ ਬਹੁਤ ਵਿਆਪਕ ਸਨ। ਹਿੰਦੂਆਂ ਵਿਚ ਕਈ ਫਿਰਕੇ ਸਨ ਜੈਨ ਮਤ, ਬੁਧ ਮਤ ਆਦਿ। ਭਗਤੀ ਲਹਿਰ ਵੀ ਜੋਰਾਂ ਤੇ ਸੀ ਜਿਨ੍ਹਾਂ ਦੇ ਮੋਢੀ ਕਬੀਰ ਤੇ ਰਾਮਾਨੰਦ ਲੋਕਾਂ ਨੂੰ ਭਗਤੀ ਦਾ ਉਪਦੇਸ਼ ਦੇ ਰਹੇ ਸਨ। ਬ੍ਰਾਹਮਣ ਵਾਦ ਨੇ ਲੋਕਾਂ ਨੂੰ ਵਹਿਮਾਂ ਭਰਮਾਂ ਵਿਚ ਪਾਇਆ ਹੋਇਆ ਸੀ। ਅਵਤਾਰਵਾਦ ਜੋਰਾਂ ਤੇ ਸੀ। ਮਨੁੱਖ ਦਾ ਕੋਈ ਮੁੱਲ ਨਹੀਂ ਸੀ। ਮੜ੍ਹੀ, ਮਸਾਣ ਦੀ ਪੂਜਾ ਕੀਤੀ ਜਾਂਦੀ ਸੀ। ਧਰਮ ਦਾ ਕਿਸੇ ਨੂੰ ਕੁਝ ਪਤਾ ਨਹੀਂ ਸੀ। ਰੱਬ ਦੀ ਭਾਲ ਵਿਚ ਲੋਕ ਗ੍ਰਹਿਸਥ ਧਰਮ ਤਿਆਗ ਕੇ ਜੰਗਲਾਂ ਵਿਚ ਜਾਂਦੇ, ਪਿੰਡੇ ਤੇ ਸਵਾਰ ਮਲ ਕੇ, ਕੰਨ ਪੜਵਾ ਕੇ ਚਿੱਲੇ ਕੱਟ ਕੇ ਰੱਬ ਨੂੰ ਮਿਲਣ ਦੇ ਉਪਰਾਲੇ ਕਰਦੇ ਸਨ ਪਰ ਫਿਰ ਵੀ ਸਫਲਤਾ ਨਹੀਂ ਮਿਲਦੀ ਸੀ। ਕਿਉਂਕਿ ਲੋਕਾਂ ਨੂੰ ਹਉਮੈ ਦਾ ਰੋਗ ਲਗਾ ਹੋਇਆ ਸੀ। ਕਰਮ ਕਾਂਡ ਵਿਚ ਲੋਕਾਂ ਦਾ ਵਿਸ਼ਵਾਸ ਸੀ ਚੰਗੇ ਅਮਲ ਉਹਨਾਂ ਤੋਂ ਕੋਹਾਂ ਦੂਰ ਸਨ ਉਹਨਾਂ ਦਾ ਅੰਦਰ ਪਾਪਾਂ ਨਾਲ ਭਰਿਆ ਹੋਇਆ ਸੀ। 'ਆਸਾ ਦੀ ਵਾਰ' ਵਿਚ ਗੁਰੂ ਸਾਹਿਬ ਨੇ ਅਜਿਹੇ ਲੋਕਾਂ ਨੂੰ ਸਖਤ ਤਾੜਨਾ ਕੀਤੀ ਹੈ:

ਅੰਦਰਹੁ ਝੂਠੇ ਪੈਜ ਬਾਹਰਿ
ਦੁਨੀਆ ਅੰਦਰਿ ਫੈਲੁ।
ਅਠਸਠਿ ਤੀਰਥ ਜੇ ਨਾਵਹਿ
ਉਤਰੈ ਨਾਹੀ ਮੈਲੁ।[4]

ਗੁਰੂ ਨਾਨਕ ਨੇ ਜਨੇਊ, ਸੂਤਕ, ਸੁਚਮਤਾ, ਪਠਨ ਪਾਠਨ, ਇਸਤਰੀ ਨਿੰਦਾ ਤੇ ਟਿਕਾ ਆਦਿ ਧਾਰਮਿਕ ਪਾਖੰਡਾਂ ਅਤੇ ਰਸਮਾਂ ਦੀ 'ਆਸਾ ਦੀ ਵਾਰ' ਵਿਚ ਦਲੀਲਾਂ ਰਾਹੀਂ

Sri Satguru Jagjit Singh Ji eLibrary NamdhariElibrary@gmail.com

ਨਿਖੇਧੀ ਕੀਤੀ ਹੈ। ਜਨੇਊ ਬਾਰੇ ਗੁਰੂ ਸਾਹਿਬ ਦੇ ਵਿਚਾਰ ਇਸ ਤਰ੍ਹਾਂ ਹਨ ਕਿ ਮਨੁੱਖ ਨੂੰ ਇਸ ਤਰ੍ਹਾਂ ਦਾ ਜਨੇਊ ਪਾਉਣਾ ਚਾਹੀਦਾ ਹੈ ਜਿਹੜਾ ਨ ਟੁੱਟੇ ਨਾ ਇਸ ਨੂੰ ਮੈਲ ਲੱਗੇ ਨਾ ਇਹ ਅਗਨੀ ਦੀ ਭੇਟਾ ਹੋ ਸਕੇ। ਜਿਹੜੇ ਮਨੁੱਖ ਇਸ ਤਰ੍ਹਾਂ ਦਾ ਜਨੇਊ ਪ੍ਰਾਪਤ ਕਰ ਲੈਂਦੇ ਹਨ ਉਹਨਾਂ ਦਾ ਜੀਵਨ ਧੰਨ ਹੈ। ਕੱਚੇ ਧਾਗੇ ਦਾ ਜਨੇਊ ਸਮੇਂ ਨਾਲ ਪੁਰਾਣਾ ਹੋ ਜਾਂਦਾ ਹੈ। ਟੁੱਟ ਜਾਂਦਾ ਹੈ ਉਸ ਦਾ ਕੋਈ ਲਾਭ ਨਹੀਂ। 'ਆਸਾ ਦੀ ਵਾਰ' ਵਿਚ ਗੁਰੂ ਸਾਹਿਬ ਦਾ ਜਨੇਊ ਬਾਰੇ ਇਕ ਉਦਾਹਰਣ :

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥
ਨਾ ਏਹੁ ਤੁਟੈ ਨ ਮਲੁ ਲਗੈ ਨ ਏਹੁ ਜਲੈ ਨ ਜਾਇ॥
ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ॥[5]

ਸੂਤਕ ਦੀ ਰਸਮ ਵੀ ਉਸ ਸਮੇਂ ਧਰਮ ਦਾ ਅੰਗ ਬਣ ਚੁੱਕੀ ਸੀ। ਜਦ ਤਕ ਬੱਚੇ ਦੇ ਜਨਮ ਤੋਂ ਬਾਦ ਬ੍ਰਾਹਮਣ ਘਰ ਆ ਕੇ ਸੂਤਕ ਨਹੀਂ ਸੀ ਕਢਦਾ ਤਦ ਤਕ ਉਸ ਘਰ ਦਾ ਭੋਜਨ ਬ੍ਰਾਹਮਣਾਂ ਦੇ ਖਾਣ ਲਾਇਕ ਨਹੀਂ ਸੀ ਸਮਝਿਆ ਜਾਂਦਾ ਪਰ ਗੁਰੂ ਸਾਹਿਬ ਨੇ ਇਸ ਰਸਮ ਦਾ ਵਿਰੋਧ ਕੀਤਾ ਤੇ ਕਿਹਾ:

ਜੇਕਰਿ ਸੂਤਕੁ ਮੰਨੀਐ ਸਭ ਤੈ ਸੂਤਕੁ ਹੋਇ॥
ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ॥
ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ॥
ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭ ਕੋਇ॥
ਸੂਤਕੁ ਕਿਉ ਕਰਿ ਰਖੀਐ ਸੂਤਕੁ ਪਵੈ ਰਸੋਇ
ਨਾਨਕ ਸੂਤਕੁ ਏਵ ਨ ਉਤਰੈ ਗਿਆਨੁ ਉਤਾਰੇ ਧੋਇ॥[6]

Sri Satguru Jagjit Singh Ji eLibrary NamdhariElibrary@gmail.com

ਇਸ ਤਰ੍ਹਾਂ ਜਿਥੇ ਗੁਰੂ ਸਾਹਿਬ ਨੇ ਜਨੇਊ ਅਤੇ ਸੂਤਕ ਦੀ ਰਸਮ ਦਾ ਵਿਰੋਧ ਕੀਤਾ ਉਥੇ ਉਹਨਾਂ ਨੇ ਲੋਕਾਈ ਨੂੰ ਅਸਲੀ ਜਨੇਊ ਅਤੇ ਸੂਤਕ ਬਾਰੇ ਚੇਤੰਨ ਕੀਤਾ ਜਿਸ ਨਾਲ ਰੂਹਾਨੀ ਬੀਮਾਰੀਆਂ ਦੂਰ ਹੁੰਦੀਆਂ ਹਨ:

ਤਗੁ ਨ ਇੰਦ੍ਰੀ ਤਗੁ ਨ ਨਾਰੀ।।
ਭਲਕੇ ਥੁਕ ਪਵੈ ਨਿਤ ਦਾੜੀ।।
ਤਗੁਨ ਪੈਰੀ ਤਗੁ ਨ ਹਥੀ।
ਤਗੁ ਨ ਜਿਹਵਾ ਤਗੁ ਨ ਅਖੀ।।
ਵੇ ਤਗਾ ਆਪੇ ਵਤੈ ।।
ਵਟਿ ਧਾਗੇ ਅਵਰਾ ਘਤੈ।।
ਲੈ ਭਾੜਿ ਕਰੇ ਵੀਆਹੁ।।
ਕਢਿ ਕਾਗਲੁ ਦਸੇ ਰਾਹੁ।।
ਸੁਣਿ ਵੇਖਹੁ ਲੋਕਾ ਇਹੁ ਵਿਡਾਣੁ।।
ਮਨਿ ਅੰਧਾ ਨਾਉ ਸੁਜਾਣੁ।।[7]

ਮਨ ਕਾ ਸੂਤਕੁ ਲੋਭੁ ਹੈ ਜਿਹਵਾ ਸੂਤਕੁ ਕੂੜੁ।।
ਅੱਖੀ ਸੂਤਕੁ ਵੇਖਣਾ ਪਰਤ੍ਰਿਅ ਪਰਧਨ ਰੂਪੁ।।
ਕੰਨੀ ਸੂਤਕੁ ਕੰਨਿ ਪੈ ਲਾਇਤਬਾਰੀ ਖਾਹਿ।।
ਨਾਨਕ ਹੰਸਾ ਆਦਮੀ ਬਧੇ ਜਮ ਪੁਰਿ ਜਾਹਿ।।[8]

ਇਸ ਸਚਾਈ ਨੂੰ ਗੁਰੂ ਸਾਹਿਬ ਸਮਾਜ ਦੇ ਸਾਹਮਣੇ ਇਸ ਤਰ੍ਹਾਂ ਪੇਸ਼ ਕਰਦੇ ਹਨ:

Sri Satguru Jagjit Singh Ji eLibrary NamdhariElibrary@gmail.com

ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ॥
ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ॥
ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ॥
ਨਾਨਕ ਜਿਨ੍ਹੀ ਗੁਰਮੁਖਿ ਬੁਝਿਆ ਤਿਨ੍ਹਾ ਸੂਤਕੁ ਨਾਹਿ॥[9]

ਮੱਧਕਾਲ ਵਿਚ ਮੂਰਤੀ ਪੂਜਾ ਜੋਰਾਂ ਤੇ ਸੀ ਲੋਕ ਮੂਰਤੀ ਪੂਜਾ ਵਿਚ ਵਿਸ਼ਵਾਸ ਰੱਖਦੇ ਹੋਏ ਦਰਖਤਾਂ, ਨਾਗਾਂ, ਸਮਾਧੀਆਂ, ਮੜ੍ਹੀਆਂ ਅਤੇ ਮਸਾਣਾਂ ਦੀ ਪੂਜਾ ਕਰੀ ਜਾਂਦੇ ਸਨ। ਗੁਰੂ ਸਾਹਿਬ ਨੇ ਲੋਕਾਂ ਨੂੰ ਅਸਲੀਅਤ ਸਮਝਾਈ ਕਿ ਇਹ ਮੂਰਤੀਆਂ ਕਿਸੇ ਨੂੰ ਪਾਰ ਨਹੀਂ ਉਤਾਰ ਸਕਦੀਆਂ। ਗੁਰੂ ਨਾਨਕ ਨੇ ਲੋਕਾਂ ਨੂੰ ਨਾਮ ਸਿਮਰਨ ਤੇ ਪ੍ਰਭੂ ਦੀ ਅਰਾਧਨਾ ਵੱਲ ਪ੍ਰੇਰਿਆ। ਉਸ ਸਮੇਂ ਲੋਕ ਤੀਰਥ ਸਥਾਨਾਂ ਤੇ ਜਾ ਕੇ ਇਸ਼ਨਾਨ ਕਰਨ ਨੂੰ ਮੁਕਤੀ ਦਾ ਸਾਧਨ ਮੰਨਦੇ ਸਨ। ਇਸੀ ਕਾਰਣ ਭਾਰਤ ਵਿਚ ਅਨੇਕਾਂ ਤੀਰਥ ਬਣੇ ਹੋਏ ਹਨ। ਹੁਣ ਵੀ ਕਈ ਲੋਕਾਂ ਦਾ ਇਹ ਵਿਸ਼ਵਾਸ ਹੈ ਕਿ ਤੀਰਥ ਯਾਤਰਾ ਕਰਨ ਨਾਲ ਮੁਕਤੀ ਪ੍ਰਾਪਤ ਹੁੰਦੀ ਹੈ ਪਰ ਗੁਰੂ ਨਾਨਕ ਨੇ ਬਾਹਰੀ ਇਸ਼ਨਾਨ ਕਰਨ ਤੇ ਅੰਦਰ ਮੈਲ ਛਲ ਕਪਟ ਰੱਖਣ ਦਾ ਖੰਡਨ ਕੀਤਾ ਹੈ। ਉਹਨਾਂ ਅਨੁਸਾਰ:

ਨਾਤਾ ਧੋਤਾ ਥਾਇ ਨ ਪਾਈ॥[10]

ਕਰਣੀ ਬਾਝਹੁ ਭਿਸਤਿ ਨ ਪਾਇ॥[1111]

ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ॥
ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ॥[12]

ਮੱਧਕਾਲ ਵਿਚ ਲੋਕਾਂ ਦਾ ਵਿਸ਼ਵਾਸ ਸੀ ਕਿ ਸੰਧਿਆ ਬੰਦਨ, ਧਾਰਮਿਕ, ਗ੍ਰੰਥਾਂ ਦਾ ਪਾਠ ਕਰਨ ਨਾਲ ਪਰਮਾਤਮਾ ਨੂੰ ਪਾਇਆ ਜਾ ਸਕਦਾ ਹੈ, ਪਰ ਗੁਰੂ ਨਾਨਕ ਅਨੁਸਾਰ ਇਹ ਸਾਰੇ ਕਰਮ ਕਾਂਡ ਮਨ ਦੀ ਪਵਿੱਤਰਤਾ ਤੋਂ ਬਿਨ੍ਹਾਂ ਵਿਅਰਥ ਹਨ। ਉਹਨਾਂ ਨੇ ਨਾਮ ਸਿਮਰਨ

ਤੇ ਜ਼ੋਰ ਦਿੱਤਾ :

ਪੜਿ ਪੁਸਤਕ ਸੰਧਿਆ ਬਾਦੰ।।
ਸਿਲ ਪੂਜਸਿ ਬਗੁਲ ਸਮਾਧੰ।।
ਮੁਖਿ ਝੂਠ ਬਿਭੂਖਣ ਸਾਰੰ।।
ਤ੍ਰੈਪਾਲ ਤਿਹਾਲ ਬਿਚਾਰੰ।।
ਗਲਿ ਮਾਲਾ ਤਿਲਕੁ ਲਿਲਾਟੰ।।
ਦੁਇ ਧੋਤੀ ਬਸਤ੍ਰ ਕਪਾਟੰ।।
ਜੇ ਜਾਣਸਿ ਬ੍ਰਹਮੰ ਕਰਮੰ।।
ਸਭਿ ਫੋਕਟ ਨਿਸਚਉ ਕਰਮੰ।।[13]

ਇਸ ਤਰ੍ਹਾਂ ਵਹਿਮ, ਪਾਖੰਡ, ਦਿਖਾਵਾ ਸਮਾਜ ਨੂੰ ਗਿਰਾਵਟ ਵਲ ਲੈ ਜਾ ਰਹੇ ਸਨ। ਧਰਮ ਦੇ ਅਸਲੀ ਅਰਥ ਲੋਕਾਂ ਤੋਂ ਕੋਹਾਂ ਦੂਰ ਜਾ ਚੁੱਕੇ ਸਨ। ਡਾ. ਤਾਰਨ ਸਿੰਘ ਦੇ ਵਿਚਾਰ ਇਸ ਸੰਦਰਭ ਵਿਚ ਵਰਨਣ ਯੋਗ ਹਨ:

ਕੋਈ ਕੌਮ ਕੁਚਲੀ ਤਦ ਜਾਂਦੀ ਹੈ ਤੇ ਜਬਰ ਦਾ ਸ਼ਿਕਾਰ ਤਦ ਹੀ ਹੋ ਸਕਦੀ ਹੈ ਜੇ ਉਸ ਵਿਚੋਂ ਸਚਾਈ, ਸਦਾਚਾਰ ਤੇ ਪ੍ਰਭੂ ਪਿਆਰ ਨਿਕਲ ਚੁੱਕੇ ਹੋਣ ਤੇ ਉਸਦਾ ਇਖ਼ਲਾਕ ਕਮਜ਼ੋਰ ਹੋ ਗਿਆ ਹੋਵੇ ਤੇ ਉਥੋਂ ਦੇ ਰਜੇ ਤੇ ਪਰਜਾ ਦੋਵੇਂ ਆਪਣੇ ਧਰਮ ਤੋਂ ਹਾਰ ਚੁੱਕੇ ਹੋਣ।[14]

ਗੁਰੂ ਨਾਨਕ ਯੁੱਗ ਵਿਚ ਪਾਖੰਡਾਂ ਨੇ ਧਰਮ ਦਾ ਸਥਾਨ ਗ੍ਰਹਿਣ ਕੀਤਾ ਹੋਇਆ ਸੀ। ਪਰਮਾਤਮਾ ਦੇ ਅਸਲੀ ਸਰੂਪ ਦਾ ਗਿਆਨ ਕਿਸੇ ਨੂੰ ਨਹੀਂ ਸੀ। ਨਿਰੰਕਾਰ ਦੇ ਗਿਆਨ ਦੀ ਪ੍ਰਾਪਤੀ ਲਈ ਲੋਕ ਅਨੇਕ ਪ੍ਰਕਾਰ ਦੇ ਭੇਸ ਧਾਰਣ ਕਰਰਹੇ ਸਨ ਪਰ ਗੁਰੂ ਨਾਨਕ ਅਨੁਸਾਰ

ਅਨੁਸਾਰ ਨਿਰੀਆਂ ਗੱਲਾਂ ਨਾਲ ਗਿਆਨ ਨਹੀਂ ਪ੍ਰਾਪਤ ਹੁੰਦਾ ਜਦ ਤਕ ਪਰਮਾਤਮਾ ਦੀ ਮਿਹਰ ਨਾ ਹੋਵੇ:

ਨਾਨਕ ਨਿਰਭਉ ਨਿਰੰਕਾਰੁ ਹੋਰਿ ਕੇਤੇ ਰਾਮ ਰਵਾਲ।।
ਕੇਤੀਆ ਕੰਨ੍ਹ ਕਹਾਣੀਆ ਕੇਤੇ ਬੇਦ ਬੀਚਾਰ।।
ਕੇਤੇ ਨਚਹਿ ਮੰਗਤੇ ਗਿੜਿ ਮੁੜਿ ਪੂਰਹਿ ਤਾਲ।।
ਬਾਜਾਰੀ ਬਾਜਾਰ ਮਹਿ ਆਇ ਕਢਹਿ ਬਾਜਾਰ।।
ਗਾਵਹਿ ਰਾਜੇ ਰਾਣੀਆ ਬੋਲਹਿ ਆਲ ਪਤਾਲ।।
ਲਖ ਟਕਿਆ ਕੇ ਮੁੰਦੜੇ ਲਖ ਟਕਿਆ ਕੇ ਹਾਰ।।
ਜਿਤੁ ਤਨਿ ਪਾਈਅਹਿ ਨਾਨਕਾ ਸੇ ਤਨ ਹੋਵਹਿ ਛਾਰ।।
ਗਿਆਨੁ ਨ ਗਲੀਈ ਢੂਢੀਐ ਕਥਨਾ ਕਰੜਾ ਸਾਰੁ।।
ਕਰਮਿ ਮਿਲੈ ਤਾ ਪਾਈਐ ਹੋਰ ਹਿਕਮਤਿ ਹੁਕਮੁ ਖੁਆਰ।।[15]

ਗੁਰੂ ਨਾਨਕ ਨੇ ਇਸ ਵਾਰ ਰਾਹੀਂ ਲੋਕਾਈ ਨੂੰ ਨਾਮ ਸਿਮਰਨ ਵਲ ਪ੍ਰੇਰਿਆ। ਸੱਚਾ ਸੁੱਚਾ ਧਰਮ ਮਨੁੱਖ ਨੂੰ ਮਾਨਵਵਾਦੀ ਰਾਹਾਂ ਤੇ ਤੁਰਨ ਲਈ ਪ੍ਰੇਰਦਾ ਹੈ। ਸ੍ਰੇਸ਼ਟ ਧਰਮ ਅਨੁਸਾਰ ਕੂੜ ਅਗਿਆਨਤਾ ਅਤੇ ਪਾਖੰਡਾਂ ਨੂੰ ਛਡ ਦੇਣਾ ਚਾਹੀਦਾ ਹੈ। ਇਸ ਸੰਦਰਭ ਵਿਚ ਡਾ. ਵਜੀਰ ਸਿੰਘ ਦੇ ਵਿਚਾਰ ਇਸ ਤਰ੍ਹਾਂ ਹਨ:

> ਧਰਮ ਵੀ ਹਰ ਮਨੁੱਖ ਵਿਚ ਦੈਵੀ ਜੋਤ ਪਛਾਣਣ ਦੀ ਸਿਖਿਆ ਦਿੰਦਾ ਹੈ, ਜਿਸ ਤੋਂ ਨੈਤਿਕ ਵਿਹਾਰ ਦੀ ਭਾਵਨਾ ਪ੍ਰਫੁੱਲਤ ਹੁੰਦੀ ਹੈ। ਇਸ ਕਰਤੱਵ ਦਾ ਇਕ ਸਰੂਪ ਆਪਣੇ ਕੋਲ ਇਕਰਾਰ ਨੇਕ-ਨੀਤੀ ਨਾਲ ਨਿਭਾਉਂਦਾ ਹੈ। ਜਦੋਂ ਅਸੀਂ ਕਿਸੇ ਵਿਅਕਤੀ ਨਾਲ ਕੀਤਾ ਵਾਅਦਾ ਪੂਰਾ ਨਹੀਂ ਕਰਦੇ ਤਾਂ ਅਸੀਂ ਉਸ ਵਿਅਕਤੀ ਦੀ ਮਨੁੱਖਤਾ ਦਾ ਨਿਰਾਦਰ

ਕਰਦੇ ਹਾਂ। ਜਦੋਂ ਕਿਸੇ ਸਾਥੀ ਦੇ ਵਿਸ਼ਵਾਸ ਸ਼ਰਧਾ ਜਾ ਜੀਵਨ ਜਾਚ ਨੂੰ ਆਦਰ ਨਾ ਦਿੱਤਾ ਜਾਏ ਅਤੇ ਦਿਲ ਦੁਖਾਵਾਂ ਵਤੀਰਾ ਅਖਤਿਆਰ ਕੀਤਾ ਜਾਏ ਤਾਂ ਇਹ ਨੈਤਿਕ ਦ੍ਰਿਸ਼ਟੀ ਤੋਂ ਕੋਝਾ ਸਲੂਕ ਹੈ। ਦੂਸਰੇ ਪਾਸੇ ਹਰ ਕਿਸੇ ਦੇ ਅਗਿਆਨ ਵਹਿਮ-ਪ੍ਰਸਤੀ ਅਤੇ ਪਾਖੰਡ ਨੂੰ ਬਿਨਾਂ ਆਲੋਚਨਾ ਅਤੇ ਰੋਕ ਟੋਕ ਚਲਦੇ ਰਹਿਣ ਦੇਣਾ ਸਮਾਜਿਕ ਪ੍ਰਗਤੀ ਸੰਬੰਧੀ ਆਪਣੇ ਫਰਜ਼ਾਂ ਵਿਚ ਕੋਤਾਹੀ ਹੈ।[16]

ਗੁਰੂ ਨਾਨਕ ਨੇ ਈਸ਼ਵਰ ਦੇ ਸਰੂਪ ਬਾਰੇ ਕਿਹਾ ਕਿ ਈਸ਼ਵਰ ਇਕ ਹੈ, ਉਹ ਸਰਬ ਵਿਆਪਕ ਹੈ, ਉਸ ਸਮੇਂ ਲੋਕਾਈ ਵਿਚ ਈਸ਼ਵਰ ਬਾਰੇ ਭਿੰਨ ਭਿੰਨ ਵਿਚਾਰ ਪ੍ਰਚਲਤ ਸਨ। ਵੇਦਾਂਤ ਵਿਚ 'ਓ' ਸ਼ਬਦ ਨੂੰ ਪਰਮਾਤਮਾ ਦਾ ਸੂਚਕ ਮੰਨਿਆ ਜਾਂਦਾ ਸੀ। ਹਿੰਦੂ ਈਸ਼ਵਰ ਦੇ ਨਿਰਗੁਣ ਅਤੇ ਸਰਗੁਣ ਸਰੂਪ ਵਿਚ ਵਿਸ਼ਵਾਸ ਰਖਦੇ ਸਨ। ਨਾਥ ਜੋਗੀ ਆਦਿ ਨਾਥ ਨੂੰ ਸੰਸਾਰ ਦਾ ਮੁੱਢ ਮੰਨਦੇ ਸਨ। ਹਿੰਦੂ ਬ੍ਰਹਮਾ ਵਿਸ਼ਨੂੰ ਮਹੇਸ਼ ਨੂੰ ਸ੍ਰਿਸ਼ਟੀ ਰਚਨਾ ਦਾ ਮਾਲਕ ਤੇ ਸੰਘਾਰਕ ਮੰਨਦੇ ਸਨ। ਇਸਲਾਮ ਧਰਮ ਵਿਚ ਹਜਰਤ ਮੁਹੰਮਦ ਸਾਹਿਬ ਨੂੰ ਪਰਮਾਤਮਾ ਦਾ ਰਸੂਲ ਮੰਨਦੇ ਸਨ। ਕਲਮੇ ਵਿਚ ਜਦ ਤਕ ਹਜਰਤ ਮੁਹੰਮਦ ਸਾਹਿਬ ਨੂੰ ਰਸੂਲ ਨਾ ਮੰਨਿਆ ਜਾਏ ਤਦ ਤਕ ਰੱਬੀ ਸਿਫਤ ਪੂਰੀ ਨਹੀਂ ਹੁੰਦੀ।

'ਆਸਾ ਦੀ ਵਾਰ' ਵਿਚ ਵੀ ਗੁਰੂ ਨਾਨਕ ਨੇ ਈਸ਼ਵਰ ਦੀ ਏਕਤਾ ਬਾਰੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਹੈ:

ਸਚਾ ਸਾਹਿਬੁ ਏਕੁ ਤੂੰ ਜਿਨਿ ਸਚੋ ਸਚੁ ਵਰਤਾਇਆ।।[17]

ਉਸ ਸਮੇਂ ਕਈ ਸਾਧੂ, ਸੰਤਾਂ, ਪੀਰਾਂ, ਫਕੀਰਾਂ ਨਾਥਾਂ ਜੋਗੀਆਂ ਨੇ ਆਪਣੇ ਆਪ ਨੂੰ ਰੱਬ ਕਹਿਣਾ ਸ਼ੁਰੂ ਕਰ ਦਿੱਤਾ ਸੀ। ਗੁਰੂ ਨਾਨਕ ਨੇ ਉਸ ਸਮੇਂ ਦੇ ਲੋਕਾਂ ਨੂੰ ਇਸ ਬਾਰੇ ਸੁਚੇਤ ਕੀਤਾ ਤੇ ਕਿਹਾ, ਪਰਮਾਤਮਾ ਇਕ ਹੈ ਨਾ ਉਸ ਦਾ ਆਦਿ ਹੈ ਨਾ ਅੰਤ।

Sri Satguru Jagjit Singh Ji eLibrary NamdhariElibrary@gmail.com

ਅੰਤੁ ਨ ਜਾਪੈ ਪਾਰਾਵਾਰੁ[18]

ਤੇਰਾ ਅੰਤ ਨ ਜਾਈ ਲਖਿਆ[19]

ਗੁਰੂ ਨਾਨਕ ਨੇ ਈਸ਼ਵਰ ਦੀ ਏਕਤਾ ਤੇ ਸਰਬ-ਵਿਆਪਕਤਾ ਦੇ ਨਾਲ ਇਸ ਗੱਲ ਤੇ ਵੀ ਜ਼ੋਰ ਦਿੱਤਾ ਕਿ ਇਹ ਸੰਸਾਰ ਮਿਥਿਆ ਤੇ ਤਿਆਗਣ ਯੋਗ ਨਹੀਂ, ਇਹ ਮਨੁੱਖ ਲਈ ਅਰਥਵਾਨ ਕਾਰਜ-ਭੂਮੀ ਹੈ। ਇਸ ਪ੍ਰਸੰਗ ਵਿਚ ਡਾ. ਜਗਬੀਰ ਸਿੰਘ ਇਸ ਤਰ੍ਹਾਂ ਲਿਖਦੇ ਹਨ:

> ਮਾਨਵ ਜੀਵਨ ਕਾਰਜ ਕਰਨ ਲਈ ਸੁਤੰਤਰ ਹੈ, ਪਰ ਉਹ ਆਪਣੇ ਚੰਗੇ ਮੰਦੇ ਕਰਮਾਂ ਲਈ ਜਿੰਮੇਵਾਰ ਅਤੇ ਜਵਾਬਦੇਹ ਵੀ ਹੈ। ਗੁਰੂ ਨਾਨਕ ਦੇ ਧਰਮ ਚਿੰਤਨ ਦਾ ਖਾਸ ਪਹਿਲੂ ਹੈ। ਇਥੇ ਮਾਨਵ ਸੁਤੰਤਰਤਾ ਦੀ ਸੀਮਾ ਨੂੰ ਪਛਾਣਿਆ ਗਿਆ ਹੈ ਅਤੇ ਨਾਲ ਹੀ ਜੀਵਨ ਦੀ ਅਧਿਆਤਮਕ ਦਿਸ਼ਾ ਦੇ ਮਹੱਤਵ ਨੂੰ ਵੀ ਸਾਕਾਰ ਕੀਤਾ ਹੈ ਸਚ ਅਤੇ ਕੂੜਿਆਰ ਦੇ ਸੰਕਲਪਾਂ ਰਾਹੀਂ ਇਸ ਪਉੜੀ ਵਿਚ ਮਨੁੱਖ ਦੀ ਜੀਵਨ-ਯਾਤਰਾ ਤੇ ਦੂਹਰੇ ਪਾਸਾਰ ਵਲ ਸੰਕੇਤ ਕੀਤਾ ਗਿਆ ਹੈ ਸ੍ਰਿਸ਼ਟੀ ਰਚਨਾ ਬ੍ਰਹਮ ਦੇ ਸੰਦਰਭ ਵਿਚ ਤਾਂ ਇਕ 'ਖੇਲ' ਹੈ ਪਰ ਮਾਨਵ ਸੰਦਰਭ ਵਿਚ ਇਹ ਅਰਥਵਾਨ ਕਾਰਜ ਭੂਮੀ ਹੈ। ਮਾਨਵ ਲਈ ਇਹ ਖੇਡ ਨਹੀਂ ਸਗੋਂ ਸੰਜੀਦਾ ਹੋਂਦ ਹੈ। ਇਥੇ ਕੀਤੇ ਗਏ ਕੰਮਾਂ ਅਥਵਾ ਜੀਵਨ ਵਿਧੀ ਨੂੰ ਬ੍ਰਹਮ ਦੇ ਨਿਗਰਾਨ 'ਧਰਮ' ਦੀ ਕਚਿਹਿਰੀ ਵਿਚ ਪਰਖਿਆ ਜਾਵੇਗਾ। 'ਸੱਚੇ' ਨੂੰ 'ਦਰਬਾਰ' ਵਿਚ ਥਾਂ ਮਿਲੇਗੀ ਤਾ 'ਕੂੜਿਆਰ' ਨੂੰ ਦੋਜਕਿ ਵਿਚ ਧਕਿਆ ਜਾਵੇਗਾ। ਸੰਕਲਪੀ ਪੱਧਰ ਤੇ ਇਹ ਮਾਨਵ ਲਈ ਚੋਣ ਅਤੇ ਨਿਰਣੇ ਦੀ ਲੋੜ ਨੂੰ ਦ੍ਰਿੜ ਕਰਦੀ ਹੈ।[20]

Sri Satguru Jagjit Singh Ji eLibrary NamdhariElibrary@gmail.com

'ਆਸਾ ਦੀ ਵਾਰ' ਵਿਚ ਉਸ ਸਮੇਂ ਪ੍ਰਚਲਤ ਬਾਹਰੀ ਆਚਾਰਾਂ ਦੀ ਝਾਕੀ ਚਿਤ੍ਰਿਤ ਹੈ। ਇਹਨਾਂ ਬਾਹਰੀ ਆਚਾਰਾਂ ਪ੍ਰਤੀ ਉਸ ਯੁੱਗ ਵਿਚ ਬੜਾ ਵਿਸ਼ਵਾਸ ਸੀ। ਮੂਰਤੀ ਪੂਜਾ, ਤੀਰਥ ਯਾਤਰਾ, ਵੇਦ ਪੁਰਾਣਾਂ ਦਾ ਅਧਿਐਨ ਜੋ ਹਿੰਦੂ ਮਤ ਵਿਚ ਪ੍ਰਚਲਤ ਸੀ, ਮੁਸਲਮਾਨ ਕੁਰਾਨ ਆਦਿ ਪੜ੍ਹਦੇ ਸਨ। ਲੋਕ ਇਨ੍ਹਾਂ ਦੇ ਅਸਲੀ ਭਾਵਾਂ ਨੂੰ ਨਹੀਂ ਸਮਝਦੇ ਸਨ ਪਰ ਰੂੜ੍ਹਤਾ ਵਜੋਂ ਇਹਨਾਂ ਨੂੰ ਆਪਣੇ ਜੀਵਨ ਦਾ ਮੂਲ ਆਧਾਰ ਸਮਝਦੇ ਸਨ।

ਹਿੰਦੂ ਮ੍ਰਿਤਕ ਸਰੀਰ ਨੂੰ ਸਾੜਦੇ ਸਨ, ਮੁਸਲਮਾਨ ਦਬਾਉਣ ਵਿਚ ਵਿਸ਼ਵਾਸ ਰਖਦੇ ਸਨ। ਉਹਨਾਂ ਦਾ ਖਿਆਲ ਸੀ ਕਿ ਸਾੜਨ ਨਾਲ ਸਰੀਰ ਦੋਜ਼ਕ ਦੀ ਅੱਗ ਵਿਚ ਸੜਦਾ ਹੈ। ਗੁਰੂ ਨਾਨਕ ਲੋਕਾਂ ਦੀ ਇਸ ਵਿਚਾਰ ਧਾਰਾ ਦਾ ਵਿਅੰਗ ਕਰਦੇ ਹੋਏ 'ਆਸਾ ਦੀ ਵਾਰ' ਵਿਚ ਕਹਿੰਦੇ ਹਨ:

ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ ॥
ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ॥
ਜਲਿ ਜਲਿ ਰੋਵੈ ਬਪੁੜੀ ਝੜਿ ਝੜਿ ਪਵਹਿ ਅੰਗਿਆਰ॥
ਨਾਨਕ ਜਿਨਿ ਕਰਤੈ ਕਾਰਣੁ ਕੀਆ ਸੋ ਜਾਣੈ ਕਰਤਾਰੁ॥[21]

ਉਸ ਸਮੇਂ ਤੀਰਥਾਂ ਤੇ ਜਾਣਾ ਵੀ ਮੁਕਤੀ ਦਾ ਸਾਧਨ ਮੰਨਿਆ ਜਾਂਦਾ ਸੀ ਪਰ ਗੁਰੂ ਨਾਨਕ ਅਨੁਸਾਰ ਜੇ ਸਾਡੇ ਕਰਮ ਚੰਗੇ ਨਹੀਂ ਤਾਂ ਇਹਨਾਂ ਅਠਸਠ ਤੀਰਥਾਂ ਦੇ ਇਸ਼ਨਾਨ ਕਰਨ ਨਾਲ ਵੀ ਕੋਈ ਲਾਭ ਨਹੀਂ। ਇਸ ਸੰਬੰਧ ਵਿਚ 'ਆਸਾ ਦੀ ਵਾਰ' ਵਿਚੋਂ ਇਕ ਉਦਾਹਰਣ:

ਅਠਸਠਿ ਤੀਰਥ ਜੇ ਨਾਵਹਿ ਉਤਰੈ ਨਾਹੀ ਮੈਲ॥
ਜਿਨ ਪਟੁ ਅੰਦਰਿ ਬਾਹਰਿ ਗੁਦੜੁ ਤੇ ਭਲੇ ਸੰਸਾਰ॥
ਤਿਨ ਨੇਹੁ ਲਗਾ ਰਬ ਸੇਤੀ ਦੇਖਨੇ ਵੀਚਾਰਿ॥[22]

ਗੁਰੂ ਨਾਨਕ ਮਨੁੱਖ ਨੂੰ ਨਾਮ ਸਿਮਰਣ ਤੇ ਜ਼ੋਰ ਦਿੰਦੇ ਹੋਏ ਕਹਿੰਦੇ ਹਨ ਕਿ

ਲੱਖਾਂ ਨੇਕੀ ਦੇ ਕੰਮ, ਦਾਨ ਪੁੰਨ ਤਪ, ਧਰਮ ਪੁਸਤਕਾਂ ਦਾ ਪਾਠ, ਜੰਗ ਵਿਚ ਬਹਾਦਰੀ ਦੇ ਕਾਰਨਾਮੇ ਆਦਿ ਕੁਝ ਵੀ ਮਨੁੱਖ ਕਰੇ ਪਰ ਪਰਮਾਤਮਾ ਦੀ ਬਖਸ਼ਿਸ਼ ਦਾ ਪਾਤਰ ਬਣਨ ਲਈ ਪ੍ਰਭੂ ਪਰਮਾਤਮਾ ਦਾ ਨਾਮ ਸਿਮਰਨਾ ਹੀ ਉੱਤਮ ਮਤ ਹੈ। ਇਸ ਸੰਬੰਧ ਵਿਚ 'ਆਸਾ ਦੀ ਵਾਰ' ਵਿਚੋਂ ਇਕ ਉਦਾਹਰਣ:

ਲਖ ਨੇਕੀਆ ਚੰਗਿਆਈਆ ਲਖ ਪੁੰਨਾ ਪਰਵਾਣੁ।।
ਲਖ ਤਪ ਉਪਰਿ ਤੀਰਥਾਂ ਸਹਜ ਜੋਗ ਬੇਬਾਣ।।
ਲਖ ਸੂਰਤਣ ਸੰਗਰਾਮ ਰਣ ਮਹਿ ਛੁਟਹਿ ਪਰਾਣ।।
ਲਖ ਸੁਰਤੀ ਲਖ ਗਿਆਨ ਧਿਆਨ ਪੜੀਅਹਿ ਪਾਠ ਪੁਰਾਣ।।
ਜਿਨਿ ਕਰਤੈ ਕਰਣਾ ਕੀਆ ਲਿਖਿਆ ਆਵਣ ਜਾਣੁ।।
ਨਾਨਕ ਮਤੀ ਮਿਥਿਆ ਕਰਮੁ ਸਚਾ ਨੀਸਾਣੁ।।[23]

ਗੁਰੂ ਨਾਨਕ ਅਨੁਸਾਰ ਮਨੁੱਖ ਨੂੰ ਨੇਕ ਕਰਮ ਕਰਨੇ ਚਾਹੀਦੇ ਹਨ। ਸ਼ਰੀਰ ਨੂੰ ਭੇਖ ਵਰਤ ਆਦਿ ਕਿਸੇ ਤਰ੍ਹਾਂ ਦੇ ਕਰਮ ਵਿਚ ਪਾਉਣ ਦੀ ਲੋੜ ਨਹੀਂ ।' ਆਸਾ ਦੀ ਵਾਰ' ਵਿਚ ਉਹਨਾਂ ਨੇ ਇਸ ਲੋਕ ਦੀਆਂ ਗਲਤ ਰਸਮਾਂ ਤੇ ਵਾਰ ਵਾਰ ਵਿਅੰਗ ਕਰਕੇ ਮਾਨਵ ਨੂੰ ਬੁਰਾਈਆਂ ਤੋਂ ਸੁਚੇਤ ਕੀਤਾ.:

ਲਿਖਿ ਲਿਖਿ ਪੜਿਆ।। ਤੇਤਾ ਕੜਿਆ।।
ਬਹੁ ਤੀਰਥ ਭਵਿਆ।। ਤੇਤੋ ਲਵਿਆ।।
ਬਹੁ ਭੇਖ ਕੀਆ ਦੇਹੀ ਦੁਖੁ ਦੀਆ।।
ਸਹੁ ਵੇ ਜੀਆ ਅਪਣਾ ਕੀਆ।।
ਅੰਨੁ ਨ ਖਾਇਆ ਸਾਦੁ ਗਵਾਇਆ।।
ਬਹੁ ਦੁਖੁ ਪਾਇਆ ਦੂਜਾ ਭਾਇਆ।।
ਬਸਤ੍ਰ ਨ ਪਹਿਰੈ ।। ਅਹਿਨਿਸਿ ਕਹਰੈ।।

Sri Satguru Jagjit Singh Ji eLibrary NamdhariElibrary@gmail.com

ਮੋਨਿ ਵਿਗੂਤਾ ਕਿਉ ਜਾਗੈ ਗੁਰ ਬਿਨੁ ਸੂਤਾ।।

ਪਗ ਉਪੇਤਾਣਾ ਆਪਣਾ ਕੀਆ ਕਮਾਣਾ।।

ਅਲੁਮਲੁ ਖਾਈ ਸਿਰਿ ਛਾਈ ਪਾਈ।।

ਮੂਰਖਿ ਅੰਧੈ ਪਤਿ ਗਵਾਈ।।

ਵਿਣੁ ਨਾਵੈ ਕਿਛੁ ਥਾਇਨ ਪਾਈ।।

ਰਹੈ ਬੇਬਾਣੀ ਮੜੀ ਮਸਾਣੀ ।।

ਅੰਧ ਨ ਜਾਣੈ ਫਿਰਿ ਪਛੁਤਾਣੀ।।

ਸਤਿਗੁਰੁ ਭੇਟੇ ਸੋ ਸੁਖ ਪਾਏ।।

ਹਰਿ ਕਾ ਨਾਮੁ ਮੰਨਿ ਵਸਾਏ।।

ਨਾਨਕ ਨਦਰਿ ਕਰੇ ਸੋ ਪਾਏ ।।

ਆਸ ਅੰਦੇਸੇ ਤੇ ਨਿਹਕੇਵਲੁ ਹਉਮੈ ਸਬਦਿ ਜਲਾਏ।।[24]

ਗੁਰੂ ਨਾਨਕ ਯੁੱਗ ਵਿਚ ਧਰਮ ਮਨੁੱਖ ਨੂੰ ਰਾਹ ਦਸਣ ਦੀ ਬਜਾਏ ਕੁਰਾਹੇ ਪਾ ਰਿਹਾ ਸੀ। ਉਸ ਸਮੇਂ ਮਨੁੱਖ ਦਾ ਚਰਿਤਰ ਗਿਰ ਚੁੱਕਿਆ ਸੀ। ਪਾਖੰਡੀ ਲੋਕਾਂ ਦਾ ਬੋਲਬਾਲਾ ਸੀ। ਸਚਾਈ ਦੀ ਥਾਂ ਤੇ ਝੂਠ ਫਰੇਬ ਪ੍ਰਧਾਨ ਸੀ। ਮਨੁੱਖੀ ਜੀਵਨ ਦਾ ਧਾਰਮਿਕ ਪੱਖ ਤਾਂ ਹੀ ਮਨੁੱਖ ਨੂੰ ਸਚਿਆਰਤਾ ਵੱਲ ਵਧਾ ਸਕਦਾ ਹੈ ਜੇ ਇਹ ਮਨੁੱਖ ਦਾ ਚਰਿਤਰ ਬਣਾਵੇ। ਉੱਚੇ ਸੁੱਚੇ ਤੇ ਨੇਕ ਵਿਹਾਰ ਨਾਲ ਹੀ ਮਨੁੱਖ ਮਾਨਵਵਾਦੀ ਰਾਹ ਤੇ ਤੁਰ ਸਕਦਾ ਹੈ। ਇਸ ਬਾਰੇ ਡਾ. ਹਰਿਭਜਨ ਸਿੰਘ ਦੇ ਵਿਚਾਰ ਧਿਆਨ ਯੋਗ ਹਨ:

ਮੱਥੇ ਵਿਚ ਜੋਤ, ਆਤਮਾ ਵਿਚ ਚੇਤਨਾ ਅਤੇ ਦੇਹੀ ਵਿਚ ਬਲ
ਇਕੋ ਵੇਲੇ ਜਾਗਦਾ ਹੈ ਅਤੇ ਫੇਰ ਜਾਗਿਆ ਹੀ ਰਹਿੰਦਾ ਹੈ।
ਮਨੁੱਖ ਕੁਝ ਕਰਨ ਲਈ ਉਦਮ ਕਰਦਾ ਹੈ। ਇਸੇ ਦਿਨ ਧਰਮ
ਨੂੰ ਚਰਿਤ੍ਰ ਦੀ ਪਾਹ ਲਗਦੀ ਹੈ। ਮਨੁੱਖੀ ਧਰਮ ਮਨੁੱਖੀ ਜਾਮੇ

Sri Satguru Jagjit Singh Ji eLibrary NamdhariElibrary@gmail.com

> ਦੀ ਮਜਬੂਰੀ ਹੈ। ਚਰਿਤ੍ਰ ਮਨੁੱਖ ਦੀ ਆਪਣੀ ਕਮਾਈ ਹੈ। ਚਰਿਤ੍ਰ ਤੋਂ ਬਿਨਾਂ ਧਰਮ ਬੇਜਾਨ ਹੈ ਕਿਉਂਕਿ ਇਸਦੇ ਪਾਸ ਵਿਦਰੋਹ ਦਾ ਤੇਜ ਨਹੀਂ ਹੁੰਦਾ।[25]

ਗੁਰੂ ਨਾਨਕ ਨੇ ਮਨੁੱਖ ਨੂੰ ਸਚਾਈ ਅਤੇ ਮਾਨਵਤਾ ਵਲ ਵਧਣ ਲਈ ਸੰਗਤ ਦਾ ਸੰਕਲਪ ਦਿਤਾ। ਨਾਮ ਸਿਮਰਨ ਜਾਂ ਪੂਜਾ ਪਾਠ ਵਿਅਕਤੀਗਤ ਵੀ ਹੋ ਸਕਦਾ ਹੈ ਤੇ ਸਮੂਹਿਕ ਰੂਪ ਵਿਚ ਵੀ। ਸੰਗਤ ਤੋਂ ਭਾਵ ਪੂਜਾ ਲਈ ਸਭੀ ਜਾਂ ਸਮੂਹਿਕ ਸਭਾ ਹੈ। ਦੋਨਾਂ ਦਾ ਆਪਣਾ ਹੀ ਮਹੱਤਵ ਹੈ। ਸੰਗਤ ਵਿਚ ਬੈਠ ਕੇ ਨਾਮ ਜਾਪ ਕਰਨਾ ਮਨੁੱਖ ਨੂੰ ਮਾਨਵਤਾ ਵਲ ਲੈ ਜਾਣ ਵਾਲਾ ਕਦਮ ਹੈ ਇਸ ਨਾਲ ਮਨੁੱਖ ਵਿਚ ਸਮਾਨਤਾ ਅਤੇ ਭਰਾਤਰੀਅਤਾ ਦੀ ਭਾਵਨਾ ਜਾਗਦੀ ਹੈ। ਦੂਸਰੀ ਤਰਫ ਵਿਅਕਤੀਗਤ ਪੂਜਾ ਪਾਠ ਸਾਧਨਾ, ਕਰਮ ਧਰਮ ਦਾ ਵੀ ਆਪਣਾ ਹੀ ਮਹੱਤਵ ਹੈ। ਵਿਅਕਤੀਗਤ ਪੂਜਾ ਪਾਠ ਨਾਲ ਮਨੁੱਖ ਅੰਦਰ ਹਉਮੈ ਦੇ ਭਾਵ ਪੈਦਾ ਹੁੰਦੇ ਹਨ ਅਤੇ ਵਿਅਕਤੀਗਤ ਸਾਧਨਾ ਵਿਅਕਤੀ ਨੂੰ ਵਿਅਕਤੀ ਨਾਲੋਂ ਅਲਗ ਕਰਦੀ ਹੈ। ਇਸੀ ਕਾਰਣ ਗੁਰੂ ਸਾਹਿਬ ਨੇ ਮਨੁੱਖ ਨੂੰ ਸਮਾਨਤਾ ਅਤੇ ਭਰਾਤਰੀਅਤਾ ਵਲ ਲੈ ਜਾਣ ਲਈ 'ਸਾਧ ਸੰਗਤ' ਰੂਪੀ ਪੁਲ ਬਣਾ ਦਿਤਾ ਹੈ। ਇਸ ਸੰਦਰਭ ਵਿਚ ਪ੍ਰਿੰਸੀਪਲ ਸਤਿਬੀਰ ਸਿੰਘ ਲਿਖਦੇਹਨ।

> ਜੋ ਗੁਰੂ ਨਾਨਕ ਦੇਵ ਜੀ ਨੇ 'ਸਾਧ ਸੰਗਤ' ਦਾ ਪੁਲ ਬਣਾ ਦਿਤਾ। ਇਕਠਿਆਂ ਭਗਤੀ ਕਰਨ ਦਾ ਢੰਗ ਦੱਸਿਆ। ਵਿਅਕਤੀਗਤ ਤੋਂ ਉਚਾ ਚੁੱਕ ਕੇ ਜਮਾਤੀ ਭਾਵ ਪੈਦਾ ਕੀਤੇ। ਇਸੇ ਸਾਧ ਸੰਗਤ ਦਾ ਸਦਕਾ ਅੱਗੇ ਜਾ ਕੇ ਪੰਥ ਦੀ ਸਾਜਨਾ ਹੋਈ। ਸੰਗਤ ਉਤੇ ਜੋਰ ਦੇਣ ਨਾਲ ਇਕੱਠੇ ਬੈਠਣ ਦਾ ਢੰਗ ਸਾਰਿਆਂ ਨੂੰ ਆਇਆ। ਗੁਰੂ ਨਾਨਕ ਜੀ ਵਿਅਕਤੀਗਤ ਭਾਵਾਂ ਨੂੰ ਚੰਗਾ ਨਹੀਂ ਸਨ ਸਮਝਦੇ। ਆਪਣੀ ਭੁਖ ਮਿਟਾਉਣੀ ਜਾਤੀ ਪੂਜਾ ਹੈ। ਇਹ ਅਹਿਸਾਸ ਪੈਦਾ ਹੋ ਜਾਏ ਕਿ

ਸਾਰੇ
ਜਦ ਭਤ/ਭੁੱਖੇ ਹਨ, ਸਾਨੂੰ ਸ਼ਾਂਤੀ ਨਹੀਂ; ਸੰਗਤੀ ਭਾਵ ਪੈਦਾ ਕਰ ਦੇਵੇਗਾ। ਇਹ ਵੀ ਸੰਨਿਆਸ ਦੀ ਹੀ ਸਵਾਰੀ ਹੋਈ ਕਿਸਮ ਹੈ ਕਿ ਸਾਨੂੰ ਕੀ ਜੋ ਮਰਜ਼ੀ ਪਿਆ ਹੋਵੇ। ਗੁਰੂ ਨਾਨਕ ਜੀ ਕਹਿੰਦੇ ਹਨ, ਸਾਨੂੰ ਹੈ। ਇਹ ਹੀ ਸੁਣ ਸੁਣ ਕੇ ਹਿੰਦੁਸਤਾਨ ਤੰਗ ਆ ਗਿਆ ਸੀ ਕਿ 'ਸਾਧੂ ਨ ਚਲੇ ਜਮਾਤ', ਹੁਣ 'ਸਾਧ ਸੰਗਤ' ਬਣੀ। ਮੁਹਸਨਫ਼ਾਨੀ ਲਿਖਦਾ ਹੈ ਕਿ ਗੁਰੂ ਨਾਨਕ ਜੀ ਦਾ ਵੱਡਾ ਕੰਮ ਹੀ 'ਸੰਗਤਾਂ' ਥਾਪਣਾ ਸੀ।[26]

ਮਨੁੱਖ ਨੂੰ ਕਾਮ, ਕ੍ਰੋਧ, ਲੋਭ, ਮੋਹ ,ਅਹੰਕਾਰ ਪੰਜਾਂ ਵਿਕਾਰਾਂ ਤੇ ਕਾਬੂ ਪਾਉਣਾ ਚਾਹੀਦਾ ਹੈ। ਇਹ ਮਨੁੱਖ ਨੂੰ ਧਰਮੀ ਬਣਨ ਵਿਚ ਰੁਕਾਵਟ ਪੈਦਾ ਕਰਦੇ ਹਨ। ਅਹੰਕਾਰ ਅਗਿਆਨਤਾ ਦਾ ਪ੍ਰਤੀਕ ਹੈ। ਨਿਮਰਤਾ ਤੇ ਸਦਾਚਾਰ ਧਰਮ ਦੇ ਆਧਾਰ ਹਨ।

.. ਊਭੈ ਸਬੇ ਹੀ ਸਹਿ ਨਿਬੜੇ ਚੁਣਿ ਵਖਿ ਕਢੇ ਜਜਮਾਲਿਆ।[27]

ਮੱਧਕਾਲ ਵਿਚ ਨਾਥ ਜੋਗੀ ਸਿਧ ਆਦਿ ਖਾਸ ਕਿਸਮ ਦਾ ਭੇਖ ਧਾਰ ਕੇ ਲੋਕਾਂ ਨੂੰ ਤਿਆਗ ਦਾ ਉਪਦੇਸ਼ ਦਿੰਦੇ ਸਨ ਉਹਨਾਂ ਅਨੁਸਾਰ ਗ੍ਰਿਹਸਥ ਦਾ ਤਿਆਗ ਕਰਨ ਨਾਲ ਰਬ ਦੀ ਪ੍ਰਾਪਤੀ ਹੁੰਦੀ ਸੀ। ਪਰ ਗੁਰੂ ਸਾਹਿਬ ਨੇ 'ਆਸਾ ਦੀ ਵਾਰ' ਵਿਚ ਅਜੇਹੇ ਲੋਕਾਂ ਬਾਰੇ ਕਿਹਾ:

ਜਤੀ ਸਦਾਵਹਿ ਜੁਗਤਿ ਨ ਜਾਣਹਿ ਛਡਿ ਬਹਹਿ ਘਰ ਬਾਰੁ।।[28]

ਗੁਰੂ ਨਾਨਕ ਨੇ ਲੋਕਾਈ ਨੂੰ ਗ੍ਰਿਹਸਥ ਦੀ ਮਹਾਨਤਾ ਦੱਸੀ ਅਤੇ ਮਨੁੱਖ ਨੂੰ ਸੰਸਾਰ ਵਿਚ ਕਮਲ ਫੁਲ ਵਾਂਗ ਮੋਹ ਮਾਇਆ ਮਮਤਾ ਦੇ ਚਿਕੜ ਤੋਂ ਉਪਰ ਉਠ ਕੇ ਰਹਿਣ ਲਈ ਕਿਹਾ।

ਬ੍ਰਾਹਮਣ ਵੀ ਉਸ ਸਮੇਂ ਆਜੀਵਿਕਾ ਖਾਤਰ ਲੋਕਾਂ ਨੂੰ ਉਲਟੇ ਰਸਤੇ ਪਾ ਰਹੇ ਸਨ। ਹਰ ਸ਼ਹਿਰ ਹਰ ਘਰ ਦਾ ਆਪਣਾ ਵੱਖਰਾ ਹੀ ਦੇਵਤਾ ਸੀ। ਜਿਸ ਲਈ ਉਹ ਮੰਦਰ

Sri Satguru Jagjit Singh Ji eLibrary NamdhariElibrary@gmail.com

ਬਣਵਾਉਂਦੇ ਅਤੇ ਉਸਦੀ ਪੂਜਾ ਕਰਦੇ ਸਨ। ਏਸੇ ਸਮੇਂ ਗੁਰੂ ਨਾਨਕ ਨੇ ਸਰਬਤ ਦੇ ਭਲੇ ਦਾ ਸਮਾਜਿਕ ਆਦਰਸ਼ ਲੋਕਾਂ ਦੇ ਸਾਹਮਣੇ ਰੱਖਿਆ। ਉਹਨਾਂ ਨੇ ਮਨੁੱਖ ਨੂੰ ਪਸ਼ੂਤਾ ਤੋਂ ਉਪਰ ਉਠਾਇਆ। ਉਹਨਾਂ ਅਨੁਸਾਰ ਮਨੁੱਖ ਦਾ ਸਭ ਤੋਂ ਵੱਡਾ ਧਰਮ ਕਿਸੇ ਦੇ ਦੁੱਖ ਨੂੰ ਦੂਰ ਕਰਨਾ ਅਤੇ ਇਸ ਲੋਕ ਨੂੰ ਸੁਖੀ ਬਣਾਉਣਾ ਹੈ।

ਕਾਲਾ ਸਿੰਘ ਬੇਦੀ ਅਨੁਸਾਰ ਗੁਰੂ ਸਾਹਿਬ ਨੇ ਧਰਮ ਦਾ ਮਨੋਰਥ ਇਸ ਰਚਨਾ ਵਿਚ ਬੜੇ ਸੁੰਦਰ ਢੰਗ ਨਾਲ ਇਹ ਦੱਸਿਆ ਹੈ ਕਿ ਸਦਾ ਧਰਮ ਆਦਰਸ਼ਕ ਮਨੁੱਖ ਅਤੇ ਆਦਰਸ਼ਕ ਸਮਾਜ ਪੈਦਾ ਕਰਦਾ ਹੈ। ਉਹ ਕੋਈ ਧਰਮ ਹੀ ਨਹੀਂ, ਜਿਸ ਵਿਚ ਵਹਿਮ, ਭਰਮ, ਮਕਰ, ਫਰੇਬ, ਧੋਖੇਬਾਜ਼ੀ, ਪਾਖੰਡ, ਦੁਰਾਚਾਰ, ਜ਼ੁਲਮ, ਅਨਿਆਇ ਤੇ ਕੁਕਰਮ ਆਦਿ ਦਾਖਲ ਹੋ ਜਾਣ। ਐਸੇ ਧਰਮ ਦਾ ਕੋਈ ਲਾਭ ਨਹੀਂ ਜਿਸ ਨੂੰ ਘਟੀਆ ਜੀਵਨ ਦਾ ਮਾਧਿਅਮ ਬਣਾ ਲਿਆ ਜਾਏ। ਇਹ ਕੋਈ ਧਰਮ ਨਹੀਂ ਜਿਸਦੇ ਪਰਦੇ ਹੇਠ ਮਨੁੱਖਤਾ ਦਾ ਗਲ ਘੁੱਟ ਦਿੱਤਾ ਜਾਏ।[28]

ਕੁਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਗੁਰੂ ਨਾਨਕ ਨੇ 'ਆਸਾ ਦੀ ਵਾਰ' ਵਿਚ ਮੱਧਕਾਲ ਵਿਚ ਆ ਚੁੱਕੀ ਧਾਰਮਿਕ ਗਿਰਾਵਟ ਦੀ ਨਿਖੇਧੀ ਕੀਤੀ ਅਤੇ ਕਰਮ ਕਾਂਡਾਂ ਤੇ ਵਿਅਰਥ ਦੇ ਫੋਕੇ ਰਸਮਾਂ ਰਿਵਾਜਾਂ ਨੂੰ ਨਿੰਦਿਆ। ਮਨੁੱਖ ਨੂੰ ਉਹਨਾਂ ਨੂੰ ਤਿਆਗਣ ਅਤੇ ਸੱਚਾ ਸੁੱਚਾ ਸਰਲ ਜੀਵਨ ਬਤੀਤ ਕਰਨ ਲਈ ਕਿਹਾ। ਨਾਲ ਹੀ ਪ੍ਰਭੂ ਦੀ ਪ੍ਰਾਪਤੀ ਲਈ ਹਉਮੈ ਦਾ ਤਿਆਗ, ਨਾਮ ਸਿਮਰਨ ਤੇ ਸੇਵਾ ਵਲ ਲੋਕਾਈ ਨੂੰ ਪ੍ਰੇਰਿਆ।

Sri Satguru Jagjit Singh Ji eLibrary NamdhariElibrary@gmail.com

## ਹਵਾਲੇ ਅਤੇ ਟਿੱਪਣੀਆਂ


1. ਬਸੰਤ ਹਿੰਡੋਲੁ ਮਹਲਾ ੧, ਆਦਿ ਗ੍ਰੰਥ, ਪੰ. 1191
2. ਵਾਰ ਆਸਾ, ਮਹਲਾ ੧, ਆਦਿ ਗ੍ਰੰਥ, ਪੰ. 471
3. ਵਾਰ ਪਹਿਲੀ , ਭਾਈ ਗੁਰਦਾਸ
4. ਵਾਰ ਆਸਾ, ਮਹਲਾ ੧, ਆਦਿ ਗ੍ਰੰਥ, ਪੰ. 473
5. ਉਹੀ, ਪੰ. 471
6. ਉਹੀ, ਪੰ. 472
7. ਉਹੀ, ਪੰ. 471
8. ਉਹੀ, ਪੰ. 472
9. ਉਹੀ, ਪੰ. 472-473
10. ਆਦਿ ਗ੍ਰੰਥ, ਪੰ. 951
11. ਉਹੀ, ਪੰ. 952
12. ਵਾਰ ਆਸਾ, ਮਹਲਾ ੧, ਆਦਿ ਗ੍ਰੰਥ, ਪੰ. 472
13. ਉਹੀ, ਪੰ. 470
14. ਡਾ. ਤਾਰਨ ਸਿੰਘ, ਗੁਰੂ ਨਾਨਕ ਚਿੰਤਨ ਤੇ ਕਲਾ, ਪੰ. 210
15. ਵਾਰ ਆਸਾ, ਮਹਲਾ ੧, ਆਦਿ ਗ੍ਰੰਥ, ਪੰ. 464-465
16. ਡਾ. ਵਜ਼ੀਰ ਸਿੰਘ, ਨੈਤਿਕ ਨਿਯਮ, ਪੰ. 80-81


Sri Satguru Jagjit Singh Ji eLibrary NamdhariElibrary@gmail.com

17. ਵਾਰ ਆਸਾ, ਮਹਲਾ ੧, <u>ਆਦਿ ਗ੍ਰੰਥ,</u> ਪੰ. 467

18. <u>ਆਦਿ ਗ੍ਰੰਥ,</u> ਪ. 5

19. ਵਾਰ ਆਸਾ, ਮਹਲਾ ੧, <u>ਆਦਿ ਗ੍ਰੰਥ,</u> ਪੰ. 469

20. ਡਾ. ਜਗਬੀਰ ਸਿੰਘ, <u>ਬਾਣੀ ਸੰਸਾਰ,</u> ਪੰ. 87-8[illegible]

21. ਵਾਰ ਆਸਾ, ਮਹਲਾ ੧, <u>ਆਦਿ ਗ੍ਰੰਥ,</u> ਪੰ. 466

22. ਉਹੀ, ਪੰ. [illegible]

23. ਉਹੀ, ਪੰ. 467

24. ਉਹੀ, ਪੰ. 467-468

25. ਡਾ. ਹਰਿਭਜਨ ਸਿੰਘ, <u>ਅਧਿਐਨ ਤੇ ਅਧਿਆਪਨ,</u> ਪੰ. 132-13[illegible]

26. ਪ੍ਰਿ. ਸਤਿਬੀਰ ਸਿੰਘ, <u>ਸਾਡਾ ਇਤਿਹਾਸ</u> (ਭਾਗ ਪਹਿਲਾ), ਪੰ. 43

27. ਵਾਰ ਆਸਾ, ਮਹਲਾ ੧, <u>ਆਦਿ ਗ੍ਰੰਥ,</u> ਪੰ. 463

28. ਵਾਰ ਆਸਾ, ਮਹਲਾ ੧, <u>ਆਦਿ ਗ੍ਰੰਥ,</u> ਪੰ. 470

29. ਕਾਲਾ ਸਿੰਘ ਬੇਦੀ, <u>ਵਾਰਕਾਰ ਗੁਰੂ ਨਾਨਕ,</u> ਪੰ. 30

ਅਧਿਆਇ ਪੰਜਵਾਂ :

*
*
*
*
*

## ਆਸਾ ਦੀ ਵਾਰ ਵਿਚ ਸਭਿਆਚਾਰਕ ਸਥਿਤੀ ਦੀ ਚੇਤਨਾ

Sri Satguru Jagjit Singh Ji eLibrary NamdhariElibrary@gmail.com

## ਆਸਾ ਦੀ ਵਾਰ ਵਿਚ ਸਭਿਆਚਾਰਕ ਸਥਿਤੀ ਦੀ ਚੇਤਨਾ

ਸਭਿਆਚਾਰ ਆਪਣੇ ਆਪ ਵਿਚ ਇਕ ਬਹੁਤ ਵਿਸ਼ਾਲ ਸੰਕਲਪ ਹੈ ਜਿਸ ਵਿਚ ਕਿਸੇ ਮਨੁੱਖੀ ਸਮਾਜ ਦੇ ਜੀਵਨ ਦੇ ਸਾਰੇ ਖੇਤਰਾਂ ਵਿਚਲੀਆਂ ਉਹ ਕਿਰਿਆਵਾਂ ਅਤੇ ਉਹਨਾਂ ਨੂੰ ਕਰਨ ਦੀ ਵਿਧੀਆਂ ਆ ਜਾਂਦੀਆਂ ਹਨ, ਜੋ ਇਕ ਮਨੁੱਖੀ ਸਮਾਜ ਨੂੰ ਦੂਸਰੇ ਮਨੁੱਖੀ ਸਮਾਜਾਂ ਨਾਲੋਂ ਨਿਖੇੜ ਦੀਆਂ ਹਨ। ਸਭਿਆਚਾਰ ਇਕ ਕੁਦਰਤੀ ਵਰਤਾਰਾ ਹੈ। ਕਿਸੇ ਸਮਾਜ ਦੇ ਵਰਤ-ਵਿਹਾਰ, ਪਹਿਰਾਵੇ, ਰਹਿਣ-ਸਹਿਣ ਅਤੇ ਖਾਣ ਪੀਣ ਦੇ ਢੰਗ ਜੋ ਕਿਸੇ ਸਮਾਜ ਦੀ ਨਿਵੇਕਲੀ ਪਛਾਣ ਕਰਾਵਾਉਂਦੇ ਹਨ, ਇਹੋ ਅੰਸ਼ ਹੀ ਸਭਿਆਚਾਰ ਹਨ ਅਤੇ ਇਹਨਾਂ ਅੰਸ਼ਾਂ ਦਾ ਸਮੂਹ ਹੀ ਸਭਿਆਚਾਰ ਹੈ। ਸਭਿਆਚਾਰ ਦਾ ਸੰਬੰਧ ਹਮੇਸ਼ਾਂ ਕਿਸੇ ਜਨ-ਸਮੂਹ ਜਾਂ ਸਮਾਜ ਨਾਲ ਹੁੰਦਾ ਹੈ। ਜਿਸਦੇ ਨਾਂ ਨਾਲ ਇਹ ਜਾਣਿਆ ਜਾਂਦਾ ਹੈ। ਸਭਿਆਚਾਰ ਦਾ ਵਿਕਾਸ ਪ੍ਰਕਿਰਤਕ ਮਨੁੱਖ ਨੂੰ ਸਮਾਜਕ ਮਨੁੱਖ ਬਣਾਉਣ ਤਕ ਦਾ ਹੈ।

> ਸਭਿਆਚਾਰ ਉਹ ਜਟਿਲ ਸਮੂਹ ਹੈ ਜਿਸ ਵਿਚ ਗਿਆਨ, ਵਿਸ਼ਵਾਸ, ਕਲਾ, ਨੈਤਿਕਤਾ, ਕਾਨੂੰਨ ਰੀਤਾਂ-ਰਿਵਾਜ ਅਤੇ ਹੋਰ ਸਭ ਸਮਰੱਥਾਵਾਂ ਅਤੇ ਆਦਤਾਂ ਆ ਜਾਂਦੀਆਂ ਹਨ, ਜਿਹੜੀਆਂ ਮਨੁੱਖ , ਸਮਾਜ ਦੇ ਇਕ ਮੈਂਬਰ ਹੋਣ ਦੇ ਨਾਤੇ, ਗ੍ਰਹਿਣ ਕਰਦਾ ਹੈ।[1]

ਟਾਇਲਰ ਦੀ ਇਹ ਪਰਿਭਾਸ਼ਾ ਭਾਵੇਂ ਸਭਿਆਚਾਰ ਨੂੰ ਇਕ ਜਟਿਲ ਸਮੁੱਚ ਦੇ ਰੂਪ ਵਿਚ ਵਿਚਾਰਦੀ ਹੈ ਪਰੰਤੂ ਦਿਨ ਪ੍ਰਤੀ ਦਿਨ ਮਨੁੱਖੀ ਗਿਆਨ ਵਿਚ ਵਾਧਾ ਹੋਣ ਦੇ ਫਲਸਰੂਪ ਇਹ ਪਰਿਭਾਸ਼ਾ ਅਧੂਰੀ ਪ੍ਰਤੀਤ ਹੋਣ ਲਗ ਪਈ ਹੈ। ਇਸ ਪਰਿਭਾਸ਼ਾ ਨੂੰ ਪਰਵਰਤੀ ਮਾਨਵ ਵਿਗਿਆਨੀਆਂ ਨੇ ਸੰਪੂਰਣ ਕਰਨ ਦੀ ਕੋਸ਼ਿਸ਼ ਕੀਤੀ ਹੈ।

ਅਮਰੀਕੀ ਮਾਨਵ ਵਿਗਿਆਨੀ ਹਿਰਸ ਕੋਵਿਟਸ ਨੇ ਸਭਿਆਚਾਰ ਦੀਆਂ ਦੋ

ਦਿੱਤੀਆਂ ਹਨ:

ਸਭਿਆਚਾਰ ਵਾਤਾਵਰਣ ਦਾ ਮਨੁੱਖ ਸਿਰਜਿਆ ਭਾਗ ਹੈ।[2]

ਸਭਿਆਚਾਰ ਮਨੁੱਖੀ ਵਿਹਾਰ ਦੇ ਸਿੱਖੇ ਹੋਏ ਭਾਗ ਨੂੰ ਕਹਿੰਦੇ ਹਨ।[3]

ਇਹਨਾਂ ਵਿਚੋਂ ਪਹਿਲੀ ਪਰਿਭਾਸ਼ਾ ਪ੍ਰਕਿਰਤੀ ਅਤੇ ਮਨੁੱਖ ਦੇ ਵਿਰੋਧ ਨੂੰ ਪੇਸ਼ ਕਰਦੀ ਹੈ। ਪ੍ਰਕਿਰਤੀ ਨੂੰ ਮਾਨਵੀ ਲੋੜਾਂ ਅਨੁਸਾਰ ਢਾਲਣ ਦੇ ਯਤਨਾਂ ਵਿਚੋਂ ਹੀ ਸਭਿਆਚਾਰ ਨੇ ਜਨਮ ਲਿਆ ਹੈ।

ਦੂਜੀ ਪਰਿਭਾਸ਼ਾ ਵਿਚ ਜੀਵ ਵਿਗਿਆਨਕ ਅਤੇ ਸਮਾਜਕ ਵਿਹਾਰ ਵਿਚਲੇ ਵਿਰੋਧ ਨੂੰ ਪੇਸ਼ ਕੀਤਾ ਗਿਆ ਹੈ।

ਸਭਿਆਚਾਰ ਨਿਰੰਤਰ ਬਦਲਦਾ ਰਹਿੰਦਾ ਹੈ। ਵੀਹਵੀਂ ਸਦੀ ਦੇ ਅੱਧ ਤੱਕ ਮਨੁੱਖ ਦੀ ਵਾਕਫੀਅਤ ਸਭਿਆਚਾਰ ਬਾਰੇ ਬਹੁਤ ਵੱਧ ਗਈ ਤੇ ਸਾਡੇ ਸਾਹਮਣੇ ਬਹੁਤ ਸਾਰੀਆਂ ਪਰਿਭਾਸ਼ਾਵਾਂ ਆਉਂਦੀਆਂ ਹਨ। ਕ੍ਰੋਇਬਰ ਨੇ ਸੌ ਤੋ ਵੱਧ ਪਰਿਭਾਸ਼ਾਵਾਂ ਇਕੱਠੀਆਂ ਕਰਕੇ ਸਰਵਮਾਨੀਯ ਪਰਿਭਾਸ਼ਾ ਤਿਆਰ ਕੀਤੀ:

> ਸਭਿਆਚਾਰ ਪ੍ਰਤੀਕਾਂ ਅਤੇ ਮਨੁੱਖੀ ਕਾਰੀਗਰੀ ਦੁਆਰਾ ਪ੍ਰਾਪਤ ਅਤੇ ਸੰਚਰਿਤ ਵਿਵਹਾਰ ਦੇ ਕੁਝ ਨਮੂਨਿਆਂ ਦਾ ਸਮੂਹ ਹੈ- ਉਦਾਹਰਣ ਲਈ ਭਾਸ਼ਾ ਅਤੇ ਕਲਾ ਦੁਆਰਾ ਪ੍ਰਾਪਤ ਅਤੇ ਸੰਚਰਿਤ ਵਿਵਹਾਰ ਦੇ ਕੁਝ ਨਮੂਨੇ। ਵਿਵਹਾਰ ਦੇ ਅਜਿਹੇ ਨਮੂਨੇ ਪਰੰਪਰਾਗਤ ਵਿਚਾਰਾਂ ਅਤੇ ਮੁੱਲਾਂ ਉਪਰ ਆਧਾਰਿਤ ਹੁੰਦੇ ਹਨ ਅਤੇ ਇਹ ਕਿਸੇ ਵਿਸ਼ੇਸ਼ ਮਾਨਵੀ ਗਰੁੱਪ ਦੀ ਵਿਸ਼ਿਸ਼ਟਤਾ ਦਰਸਾਉਂਦੇ ਹਨ।[4]

ਸਭਿਆਚਾਰ ਲੋਕਾਂ ਦੇ ਕਿਸੇ ਸਮੂਹ ਦੇ ਨਜ਼ਰ ਆਉਂਦੇ ਵਿਵਹਾਰ ਦਾ ਨਾਂ ਨਹੀਂ ਸਗੋਂ ਇਸਦੇ ਅਮੂਰਤੀਕਰਣ ਦਾ ਨਾਂ ਹੈ। ਹਰ ਮਨੁੱਖ ਸਭਿਆਚਾਰ ਅਤੇ ਸਮਾਜ ਦਾ ਇਕ ਮੈਂਬਰ ਹੈ।

Sri Satguru Jagjit Singh Ji eLibrary NamdhariElibrary@gmail.com

ਕਿਉਂਕਿ ਹਰ ਸਭਿਆਚਾਰ ਕਿਸੇ ਨਾ ਕਿਸੇ ਮਨੁੱਖੀਸਮਾਜ ਵਿਚ ਵਿਦਮਾਨ ਹੈ ਜਿਵੇਂ ਪੰਜਾਬੀ ਸਭਿਆਚਾਰ ਪੰਜਾਬੀ ਸਮਾਜ ਵਿਚ ਹੀ ਵਿਦਮਾਨ ਹੈ।

'ਆਸਾ ਦੀ ਵਾਰ' ਵਿਚ ਪ੍ਰਸਤੁਤ ਪੰਜਾਬੀ ਸਭਿਆਚਾਰ ਦੀ ਜੋ ਝਲਕ ਨਜ਼ਰ ਆਉਂਦੀ ਹੈ ਉਹ ਗੁਰੂ ਸਾਹਿਬ ਦੇ ਵੇਲੇ ਦਾ ਸਭਿਆਚਾਰ ਹੈ। 'ਆਸਾ ਦੀ ਵਾਰ' ਵਿਚ ਤਤਕਾਲੀ ਸਮਾਜਕ, ਰਾਜਨੀਤਿਕ, ਧਾਰਮਿਕ, ਸਭਿਆਚਾਰ ਦੇ ਵਿਸਤ੍ਰਿਤ ਪਹਿਲੂਆਂ ਤੇ ਚਰਚਾ ਕੀਤੀ ਮਿਲਦੀ ਹੈ। ਬੋਲੀ, ਪਹਿਰਾਵਾ, ਖਾਣ ਪੀਣ , ਰਹਿਣਸਹਿਣ ਆਦਿ ਦਾ ਲੇਖਾ ਜੋਖਾ ਜੋ 'ਆਸਾ ਦੀ ਵਾਰ' ਵਿਚ ਦ੍ਰਿਸ਼ਟੀਗੋਚਰ ਹੁੰਦਾ ਹੈ ਉਹ ਕਿਸੇ ਤਤਕਾਲੀਨ ਸਾਹਿਤਕਕਿਰਤ ਵਿਚੋਂ ਨਹੀਂ ਮਿਲਦਾ।

ਮਹਾਨ ਚਿੰਤਕ ਜੀਵਨ ਦੀ ਪੜਚੋਲ ਕਰਕੇ ਕਦਰਾਂ ਕੀਮਤਾਂ, ਦੀ ਆਲੋਚਨਾ ਕਰਦਾ ਹੈ ਅਤੇ ਨਵੀਆਂ ਨਰੋਈਆਂ ਕਦਰਾਂ ਕੀਮਤਾਂ ਨੂੰ ਉਭਾਰ ਕੇ ਪ੍ਰਗਤੀਸ਼ੀਲ ਵਿਚਾਰਾਂ ਦਾ ਪ੍ਰਗਟਾਵਾ ਕਰਦਾ ਹੈ। 'ਆਸਾ ਦੀ ਵਾਰ' ਵਿਚ ਅਜਿਹਾ ਪ੍ਰਗਟਾਵਾ ਥਾਂ ਥਾਂ ਤੇ ਕੀਤਾ ਮਿਲਦਾ ਹੈ। ਭਾਵੇਂ ਇਹ ਪ੍ਰਗਟਾਵਾ ਪ੍ਰਮੁੱਖ ਤੌਰ ਤੇ ਸਮਾਜਕ ਜੀਵਨ ਸੰਬੰਧੀ ਆਪਣੇ ਨਿਜੀ ਅਨੁਭਵ ਦਾ ਹੀ ਕੀਤਾ ਹੈ ਪਰੰਤੂ ਸਮਾਜਕ ਜੀਵਨ ਜਨ-ਸਮੂਹ ਦੇ ਵਰਤਾਰੇ ਦੇ ਪੈਟਰਨ ਅਨੁਸਾਰ ਹੀ ਗਤੀਸ਼ੀਲ ਹੋਣ ਕਾਰਣ ਇਹ ਵਰਤਾਰਾ ਉਸ ਸਮਾਜ ਦੇ ਸਭਿਆਚਾਰ ਨੂੰ ਅਭਿਵਿਅਕਤ ਕਰਦਾ ਹੈ। ਸਮਾਜਕ ਜੀਵਨ ਦਾ ਚਿਤਰਣ ਜਨ-ਸਮੂਹ ਦੇ ਜੀਵਨ ਚਰਿਤਰ, ਹਰਕਤਾਂ ਅਤੇ ਮਾਨਸਿਕ ਅਵਸਥਾ ਦੁਆਰਾ ਵੀ ਉਜਾਗਰ ਹੁੰਦਾ ਹੈ।

ਸਭਿਆਚਾਰ ਵਿਚ ਸਮਾਜ ਦੀਆਂ ਰਸਮਾਂ, ਰੀਤਾਂ, ਵਹਿਮਾਂ, ਭਰਮਾਂ ਧਾਰਮਿਕ ਵਿਸ਼ਵਾਸ਼ਾਂ ਆਦਿ ਸੰਬੰਧਾਂ ਵਿਚ ਸਥਾਪਤ ਕਦਰਾਂਕੀਮਤਾਂ ਵਿਚੋਂ ਜੀਵਨ ਲਈ ਉਹਨਾਂ ਦੀ ਸਾਰਥਕਤਾ ਜਾਂ ਨਿਰਾਰਥਕਤਾ, ਦਾ ਖੰਡਨ ਜਾਂ ਮੰਡਨ ਵੀ ਸਾਹਿਤਕਾਰ ਨੇ ਕਰਨਾ ਹੁੰਦਾਹੈ। 'ਆਸਾ ਦੀ ਵਾਰ' ਵਿਚ ਹਿੰਦੂ ਧਰਮ, ਮੁਸਲਮਾਨ, ਜੈਨ, ਜੋਗ ਮਤ ਬੁੱਧ ਆਦਿ ਹੋਰ ਕਈ ਧਰਮਾਂ ਦੀਆਂ ਪ੍ਰਚਲਤ

Sri Satguru Jagjit Singh Ji eLibrary NamdhariElibrary@gmail.com

ਮਰਯਾਦਾਵਾਂ ਦਾ ਖੰਡਨ ਗੁਰੂ ਨਾਨਕ ਨੇ ਕੀਤਾ ਅਤੇ ਆਪਣੇ ਮਤ ਦਾ ਮੰਡਨ ਵੀ ਕੀਤਾ ਹੈ। ਗੁਰੂ ਨਾਨਕ ਨੇ ਸੱਚੀ ਆਰਤੀ ਗਾਉਣ ਅਤੇ ਝੂਠੀ ਆਰਤੀ ਤਿਆਗਣ ਲਈ ਲੋਕਾਂ ਨੂੰ ਪ੍ਰੇਰਿਆ ਹੈ। ਗੁਰੂ ਸਾਹਿਬ ਦੀ ਪਾਣੀ ਦੇਣ ਵਾਲੀ ਸਾਖੀ ਵੀ ਕਿਸੇ ਨਾ ਕਿਸੇ ਰੂਪ ਵਿਚ ਪ੍ਰਚਲਤ ਧਾਰਮਿਕ ਰੀਤਾਂ ਦਾ ਖੰਡਨ ਕਰਦੀ ਹੈ।

ਜੀਵਨ ਦੇ ਧਾਰਮਿਕ ਪੱਖ ਨੂੰ 'ਆਸਾ ਦੀ ਵਾਰ' ਵਿਚ ਬੜੇ ਸਾਦੇ ਅਤੇ ਸਿੱਧੇ ਤਰੀਕੇ ਨਾਲ ਪੇਸ਼ ਕੀਤਾ ਗਿਆ ਹੈ। ਸਭਿਆਚਾਰ ਦੇ ਘੇਰੇ ਵਿਚ ਧਾਰਮਿਕ ਪੁਸਤਕਾਂ ਦਾ ਜ਼ਿਕਰ ਵੀ ਕੀਤਾ ਗਿਆ ਹੈ:

ਚਾਰੇ ਵੇਦ ਹੋਏ ਸਚਿਆਰ।।
ਪੜਹਿ ਗੁਣਹਿ ਤਿਨ੍ ਵੀਚਾਰ।।
ਭਾਉ ਭਗਤਿ ਕਰਿ ਨੀਚੁ ਸਦਾਏ।।
ਤਉ ਨਾਨਕ ਮੋਖੰਤਰੁ ਪਾਏ।।[5]

'ਆਸਾ ਦੀ ਵਾਰ' ਵਿਚ ਕਿਸੇ ਧਰਮ ਪੁਸਤਕ ਦਾ ਖੰਡਨ ਨਹੀਂ ਸਗੋਂ ਉਹਨਾਂ ਦੀ ਪੂਜਾ ਅਤੇ ਉਹਨਾਂ ਦੇ ਅਮਲ ਤੋਂ ਟੁੱਟੇ ਰੂਪ ਦਾ ਖੰਡਨ ਹੈ। ਗੁਰੂ ਸਾਹਿਬ ਵੇਦਾਂ ਦੇ ਅਰਥ ਭਾਵ ਤੋਂ ਤੁਰ ਕੇ ਉਹਨਾਂ ਪਿਛੇ ਕਾਰਜਸ਼ੀਲ ਭਾਵਨਾ ਤਕ ਅਪੜਨ ਦੀ ਸਿਖਿਆ ਦੇਂਦੇ ਹਨ। ਬਾਹਰਲੇ ਪਠਨ-ਪਾਠਨ ਜਾਂ ਅਰਚਾ-ਪੂਜਾ ਨੂੰ ਉਹ ਧਰਮ ਦੇ ਪਤਨ ਦਾ ਪ੍ਰਮਾਣ ਮੰਨਦੇ ਹਨ। ਵੇਦਾਂ ਦੀ ਭਾਵਨਾ ਤੋਂ ਟੁੱਟੇ ਹੋਏ ਲੋਕਾਂ ਦੀ ਕਪੋਲ ਕਲਪਨਾ ਨੂੰ ਗੁਰੂ ਸਾਹਿਬ ਆਪਣੇ ਤਿੱਖੇ ਵਿਅੰਗ ਦਾ ਨਿਸ਼ਾਨਾ ਬਣਾਇਆ ਹੈ। ਗੁਰੂ ਨਾਨਕ ਮਨੁੱਖ ਨੂੰ ਉਸ ਦੇ ਕੀਤੇ ਹੋਏ ਚੰਗੇ ਮਾੜੇ ਕੰਮਾਂ ਦਾ ਭੁਗਤਾਨ ਹੋਣ ਦੀ ਚਿਤਾਵਨੀ ਵੀ ਇਸ ਪਉੜੀ ਵਿਚ ਦੇਂਦੇ ਹਨ। ਉਹਨਾਂ ਅਨੁਸਾਰ ਜਿਸ ਤਰ੍ਹਾਂ ਦੀ ਇੱਛਾ ਰੱਖ ਕੇ ਵਿਅਕਤੀ ਪਾਠ ਪੂਜਾ ਕਰਦਾ ਹੈ ਉਸ ਨੂੰ ਉਸ ਤਰ੍ਹਾਂ ਦਾ ਹੀ ਫਲ ਪ੍ਰਾਪਤ ਹੁੰਦਾ ਹੈ ਜੇ ਕਰ ਉਹ ਯੁੱਗਾਂ ਤੇ ਵੇਦਾਂ ਦੇ ਪਾਠ ਦਾ ਸਿਮਰਨ ਆਪਣੀ ਅਲਪ

Sri Satguru Jagjit Singh Ji eLibrary NamdhariElibrary@gmail.com

ਮਤ ਅਨੁਸਾਰ ਕਰਦਾ ਹੈ ਤਾਂ ਉਸ ਨੂੰ ਇਸ ਦਾ ਮਾੜਾ ਫਲ ਭੁਗਤਣਾ ਪੈਂਦਾ ਹੈ। ਸਤ ਯੁਗ ਦੀ ਗੱਲ ਕਰਦੇ ਹੋਏ ਗੁਰੂ ਨਾਨਕ ਦੱਸਦੇ ਹਨ ਮਨੁੱਖ ਦਾ ਸਰੀਰ ਇਕ ਰੱਥ ਵਾਂਗ ਹੈ ਅਤੇ ਇਸ ਨੂੰ ਚਲਾਉਣ ਵਾਲਾ ਇਕ ਸਾਰਥੀ ਹੈ ਇਸ ਸਰੀਰ ਦਾ ਰੱਥ ਅਤੇ ਰਥਵਾਨ ਦੋਵੇਂ ਬਦਲਦੇ ਰਹਿੰਦੇ ਹਨ । ਭਿੰਨ ਭਿੰਨ ਯੁਗਾਂ ਵਿਚ ਰੱਥ ਤੇ ਰਥਵਾਨ ਭਿੰਨ ਭੰਨ ਸਨ। ਸਤ ਯੁਗ ਵਿਚ ਮਨੁੱਖੀ ਸਰੀਰ ਰੂਪੀ ਰੱਥ ਨੂੰ ਚਲਾਉਣ ਵਾਲੀ ਸ਼ਕਤੀ ਸੰਤੋਖ ਸੀ ਅਤੇ ਧਰਮ ਇਸ ਰਥ ਨੂੰ ਚਲਾਉਂਦਾ ਸੀ (ਭਾਵ ਸਤ ਯੁਗ ਦੇ ਲੋਕ ਧਰਮ ਨੂੰ ਪ੍ਰਧਾਨਤਾ ਦੇਂਦੇ ਸੀ ਲੋਕ ਮਾੜੇ ਕੰਮ ਕਰਨ ਲਈ ਧਰਮ ਦਾ ਡਰ ਮੰਨਦੇ ਸਨ) ਤ੍ਰੇਤਾ ਯੁਗ ਵਿਚ ਇੰਦਰੀਆਂ ਨੂੰ ਕਾਬੂ ਵਿਚ ਰੱਖਣ ਵਾਲਾ ਸੰਜਮ ਦਾ ਰੱਥ ਹੁੰਦਾ ਸੀ ਅਤੇ 'ਜ਼ੋਰ' ਸਾਰਥੀ ਦਾ ਕੰਮ ਕਰਦਾ ਸੀ। ਤ੍ਰੇਤਾ ਯੁਗ ਵਿਚ ਮਨੁੱਖ ਸੰਜਮ ਰਾਹੀਂ ਬਲਵਾਨ ਹੁੰਦਾ ਸੀ। ਇਸੇ ਪ੍ਰਕਾਰ ਹੀ ਦੁਆਪਰ ਯੁਗ ਦਾ ਰੱਥ ਤਪ ਸੀ। ਉਸ ਦਾ ਸਾਰਥੀ ਸੱਚ ਸੀ (ਭਾਵ ਇਸ ਯੁਗ ਵਿਚ ਸੱਚ ਦੀ ਤਪਸਿਆ ਦਾ ਜ਼ੋਰ ਸੀ ਦੁਆਪਰ ਯੁਗ ਦੀ ਇਕ ਉਦਾਹਰਣ ਸ੍ਰੀ ਕ੍ਰਿਸ਼ਨ ਦੇ ਜੀਵਨ ਨਾਲ ਸੰਬੰਧਤ ਇਸ ਪ੍ਰਕਾਰ ਹੈ:

ਜੁਜ ਮਹਿ ਜੋਰਿ ਛਲੀ ਚੰਦ੍ਰਾਵਲਿ
ਕਾਨ੍ਹ ਕ੍ਰਿਸਨੁ ਜਾਦਮੁ ਭਇਆ।।
ਪਾਰਜਾਤੁ ਗੋਪੀ ਲੈ ਆਇਆ
ਬਿੰਦ੍ਰਾਬਨ ਮਹਿ ਰੰਗੁ ਕੀਆ।।[6]

ਕਲਯੁਗ ਵਿਚ ਤ੍ਰਿਸ਼ਨਾ ਅਗਨੀ ਦਾ ਰੱਥ ਹੈ ਅਤੇ ਝੂਠ ਉਸ ਦਾ ਸਾਰਥੀ ਹੈ। ਇਸ ਯੁਗ ਵਿਚ ਲੋਕ ਆਪਣੀਆਂ ਇਛਾਵਾਂ ਦੀ ਪੂਰਤੀ ਝੂਠ ਦਾ ਸਹਾਰਾ ਲੈ ਕੇ ਕਰਦੇ ਹਨ। ਯੁਗਾਂ ਦਾ ਪ੍ਰਭਾਵ ਜਗਤ ਤੇ ਨਹੀਂ ਹੈ, ਜਗਤ ਦੇ ਜੀਵਾਂ ਦਾ ਸੁਭਾਉ ਤੇ ਆਚਰਨ ਬਦਲਣ ਨਾਲ ਯੁਗ ਬਦਲ ਜਾਂਦਾ ਹੈ।

'ਆਸਾ ਦੀ ਵਾਰ' ਵਿਚ ਬਾਹਰੀ ਭੇਖ ਆਡੰਬਰਾਂ ਦੀ ਬਾਰ ਬਾਰ ਨਿੰਦਾ ਕੀਤੀ ਗਈ ਹੈ। ਜਦੋਂ ਬਾਹਰਲੇ ਕਰਮ ਕਾਂਡ ਦੀ ਅੰਦਰੂਨੀ ਸੋਚ ਨਾਲੋਂ ਵਿਛੁੰਨਤਾ ਹੋ ਜਾਂਦੀ ਹੈ ਤਾਂ ਤਾਂ ਧਰਮ ਮਹਿਜ ਇਕ ਦਿਖਾਵਾ ਬਣ ਕੇ ਰਹਿ ਜਾਂਦਾ ਹੈ। ਪ੍ਰਚਲਤ ਧਰਮ ਦੇ ਕਰਮ ਕਾਂਡਾਂ ਦਾ ਜ਼ਿਕਰ ਇਸ ਵਾਰ ਵਿਚ ਬਾਰ ਬਾਰ ਮਿਲਦਾ ਹੈ। ਸੱਚੇ ਜਨੇਊ ਦੀ ਪਰਿਭਾਸ਼ਾ ਗੁਰੂ ਸਾਹਿਬ ਇਉਂ ਕਰਦੇ ਹਨ:

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ।।
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ।।[7]

ਉਸ ਸਮੇਂ ਜੇ ਕਿਸੇ ਘਰ ਵਿਚ (ਸੂਤਕ) ਭਾਵ ਬੱਚੇ ਦਾ ਜਨਮ ਹੁੰਦਾ ਹੈ ਤਾਂ ਉਸ ਘਰ ਨੂੰ ਅਪਵਿੱਤਰ ਮੰਨਿਆ ਜਾਂਦਾ ਸੀ ਤੇ ਉਸ ਘਰ ਦਾ ਭੋਜਨ ਉਦੋਂ ਤੱਕ ਖਾਣ ਯੋਗ ਨਹੀਂ ਸੀ ਸਮਝਿਆ ਜਾਂਦਾ ਜਦ ਤੱਕ ਉਸ ਘਰ ਵਿਚੋਂ ਸੂਤਕ ਦੀ ਅਵਧੀ ਖਤਮ ਨਹੀਂ ਸੀ ਹੋ ਜਾਂਦੀ ਤੇ ਹਵਨ ਪੂਜਾ ਨਹੀਂ ਕਰਵਾਈ ਜਾਂਦੀ ਸੀ ਪਰ ਗੁਰੂ ਨਾਨਕ ਅਨੁਸਾਰ ਭਰਮਾਂ ਵਿਚ ਪਿਆਂ ਸੂਤਕ ਨਹੀਂ ਸੀ ਉਤਰਦਾ ਇਸ ਨੂੰ (ਪ੍ਰਭੂ ਦਾ) ਗਿਆਨ ਹੀ ਧੋ ਕੇ ਲਾਹ ਸਕਦਾ ਹੈ।

ਬਾਹਰੀ ਭੇਖ ਦੀ ਤਾਂ ਗੁਰੂ ਨਾਨਕ ਨੇ ਬਾਰ ਬਾਰ ਆਲੋਚਨਾ ਕੀਤੀ ਹੈ:

ਮਥੈ ਟਿਕਾ ਤੇੜਿ ਧੋਤੀ ਕਖਾਈ।।
ਹਥਿ ਛੁਰੀ ਜਗਤ ਕਾਸਾਈ।।
ਨੀਲ ਬਸਤ੍ਰ ਪਹਿਰਿ ਹੋਵਹਿ ਪਰਵਾਣੁ।।
ਮਲੇਛ ਧਾਨੁ ਲੇ ਪੂਜਹਿ ਪੁਰਾਣੁ।।
ਅਭਾਖਿਆ ਕਾ ਕੁਠਾ ਬਕਰਾ ਖਾਣਾ।।
ਚਉਕੇ ਉਪਰਿ ਕਿਸੈ ਨ ਜਾਣਾ।।[8]

ਗੁਰੂ ਨਾਨਕ ਨੇ ਇਸ ਵਾਰ ਵਿਚ ਸਭਿਆਚਾਰ ਦਾ ਇਕ ਹੋਰ ਪੱਖ ਕਈ ਪ੍ਰਕਾਰ

Sri Satguru Jagjit Singh Ji eLibrary NamdhariElibrary@gmail.com

ਦੇ ਭੁਲੇਖੇ ਪੈਦਾ ਕਰਨ ਵਾਲੇ ਲੋਕਾਂ ਦੇ ਪਾਤਰ ਚਿਤਰਣ ਦੀ ਵਿਧੀ ਦੁਆਰਾ ਵੀ ਪੇਸ਼ ਕੀਤਾ ਹੈ। ਉਹਨਾਂ ਨੇ ਪਹਿਰਾਵੇ ,ਭੇਖ ਅਤੇ ਲੋਕਾਂ ਵਿਚ ਭਰਮ ਪੈਦਾ ਕਰਨ ਵਾਲੀਆਂ ਨਵੀਆਂ ਨਵੀਆਂ ਤਰਕੀਬਾਂ ਨੂੰ ਸੰਜੀਦਗੀ ਤੇ ਨਾਟਕੀ ਢੰਗ ਨਾਲ ਪੇਸ਼ ਕੀਤਾ ਹੈ:

ਵਾਇਨਿ ਚੇਲੇ ਨਚਨਿ ਗੁਰ।।
ਪੈਰ ਹਲਾਇਨਿ ਫੇਰਨਿ ਸਿਰ।।
ਉਡਿ ਉਡਿ ਰਾਵਾ ਝਾਟੈ ਪਾਇ।।
ਵੇਖੈ ਲੋਕੁ ਹਸੈ ਘਰਿ ਜਾਇ।।
ਰੋਟੀਆ ਕਾਰਣਿ ਪੂਰਹਿ ਤਾਲ।।
ਆਪੁ ਪਛਾੜਹਿ ਧਰਤੀ ਨਾਲਿ।।
ਗਾਵਨਿ ਗੋਪੀਆ ਗਾਵਨਿ ਕਾਨ੍ ।।
ਗਾਵਨਿ ਸੀਤਾ ਰਾਜੇ ਰਾਮ।।
ਨਿਰਭਉ ਨਿਰੰਕਾਰੁ ਸਚੁ ਨਾਮੁ।।
ਜਾ ਕਾ ਕੀਆ ਸਗਲ ਜਹਾਨੁ।।[9]

'ਆਸਾ ਦੀ ਵਾਰ' ਵਿਚ ਲੋਕਧਾਰਾ ਵਿਚ ਪ੍ਰਚਲਤ ਵਹਿਮਾਂ ਭਰਮਾਂ ਨੂੰ ਮੰਨਣਾ, ਦਰਖਤਾਂ ਦੀ ਪੂਜਾ ਕਰਨੀ, ਤੀਰਥਾਂ ਤੇ ਜਾਣਾ, ਦਾਨ ਪੁੰਨ ਕਰਨਾ, ਮੜ੍ਹੀਆਂ ਦੀ ਪੂਜਾ ਪਿੱਤਰਾਂ ਦੀ ਪੂਜਾ, ਵਰਤ, ਸੂਤਕ ਮੰਨਣਾ, ਪਸ਼ੂਆਂ ਦੀ ਬਲੀ ਹੋਰ ਅਨੇਕਾਂ ਵਹਿਮਾਂ ਭਰਮਾਂ ਅਤੇ ਧਾਰਮਿਕ ਕਰਮ ਕਾਂਡਾਂ ਦੀਆਂ ਧੱਜੀਆਂ ਉਡਾਈਆਂ ਹੋਈਆਂ ਮਿਲਦੀਆਂ ਹਨ। ਸੰਖ, ਘੜਿਆਲ ਵਜਾਉਣਾ, ਸਵਾਂਗ ਬਣਾ ਕੇ ਨਚਣਾ, ਪੁਸਤਕਾਂ ਪੜ੍ਹਨੀਆਂ ਆਦਿ ਭਰਮਾਂ ਵਿਚੋਂ ਨਿਕਲਣ ਲਈ ਮਨੁੱਖ ਨੂੰ ਪ੍ਰੇਰਿਆ ਗਿਆ ਹੈ:

Sri Satguru Jagjit Singh Ji eLibrary NamdhariElibrary@gmail.com

ਪੜਿ ਪੁਸਤਕ ਸੰਧਿਆ ਬਾਦੰ।।

ਸਿਲ ਪੂਜਸਿ ਬਗੁਲ ਸਮਾਧੰ।।

ਮੁਖਿ ਝੂਠ ਬਿਭੂਖਣ ਸਾਰੰ।।

ਤ੍ਰੈਪਾਲ ਤਿਹਾਲ ਬਿਚਾਰੰ।।

ਗਲਿ ਮਾਲਾ ਤਿਲਕੁ ਲਿਲਾਟੰ।।

ਦੁਇ ਧੋਤੀ ਬਸਤ੍ਰ ਕਪਾਟੰ।।

ਜੇ ਜਾਣਸ ਬ੍ਰਹਮੰ ਕਰਮੰ।।

ਸਭਿ ਫੋਕਟ ਨਿਸਚਉ ਕਰਮੰ।।

ਕਹੁ ਨਾਨਕ ਨਿਹਚਉ ਧਿਆਵੈ।।

ਵਿਣੁ ਸਤਿਗੁਰ ਵਾਟ ਨ ਪਾਵੈ।।[10]

ਕੇਤੀਆ ਕੰਨ੍ਹ ਕਹਾਣੀਆ ਕੇਤੇ ਬੇਦ ਬੀਚਾਰ।।

ਕੇਤੇ ਨਚਹਿ ਮੰਗਤੇ ਗਿੜਿ ਮੁੜਿ ਪੂਰਹਿ ਤਾਲ।।

ਬਜਾਰੀ ਬਜਾਰ ਮਹਿ ਆਇ ਕਢਹਿ ਬਜਾਰ।।

ਗਾਵਹਿ ਰਾਜੇ ਰਾਣੀਆ ਬੋਲਹਿ ਆਲ ਪਤਾਲ।।[11]

ਇਸ ਵਾਰ ਵਿਚ ਧਾਰਮਿਕ ਗ੍ਰੰਥਾਂ ਨੂੰ ਧਿਆਨ ਪੂਰਵਕ ਪੜ੍ਹਨ ਦੀ ਸੂਝ ਦਿੱਤੀ ਗਈ ਹੈ। ਇਹਨਾਂ ਨੂੰ ਚਿਤ ਇਕਾਗਰ ਕਰਕੇ ਪੜ੍ਹਨ ਨਾਲ ਭਾਵੇਂ ਕੋਈ ਫਲ ਪ੍ਰਾਪਤ ਹੋ ਜਾਵੇ ਜੇ ਕਰ ਇਹਨਾਂ ਦਾ ਰਟਨ ਹੀ ਕਰਨਾ ਹੋਵੇ ਤਾਂ ਇਸ ਨਾਲ ਕੋਈ ਪ੍ਰਭੂ ਭਗਤੀ ਨਹੀਂ ਹੁੰਦੀ। ਸਗੋਂ ਮਨ ਵਿਚ ਹੰਕਾਰ ਹੀ ਪੈਦਾ ਹੁੰਦਾ ਹੈ। ਇਸ ਪ੍ਰਸੰਗ ਵਿਚ ਗੁਰੂ ਨਾਨਕ ਆਪਣਾ ਮਤ ਸਪਸ਼ਟ ਕਰ ਚੁਕੇ ਹਨ। ਉਹਨਾਂ ਨੇ ਧਾਰਮਿਕ ਪੁਸਤਕਾਂ ਪੜ੍ਹਨ ਅਤੇ ਉਹਨਾਂ ਨੂੰ ਪੜ੍ਹ ਕੇ ਹੰਕਾਰ ਗ੍ਰਸਤ ਨਾ ਹੋਣ ਦਾ ਉਪਦੇਸ਼ ਆਪਣੀ ਰਚਨਾ 'ਆਸਾ ਦੀ ਵਾਰ' ਵਿਚ ਪੇਸ਼ ਕੀਤਾ ਹੈ। ਇਸ ਖੰਡਨ

Sri Satguru Jagjit Singh Ji eLibrary NamdhariElibrary@gmail.com

ਦੁਆਰਾ ਸਮਕਾਲੀ ਲੋਕ ਮਨ ਦੀ ਧਾਰਮਿਕ ਬਿਰਤੀ ਪ੍ਰਸਤੁਤ ਕਰਦੇ ਹੋਏ ਸਭਿਆਚਾਰ ਦੀ ਝਲਕ ਦਿੱਤੀ ਹੈ:

ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ।।
ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ।।
ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ।।
ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ।।
ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ।।[12]

ਇਸੀ ਤਰ੍ਹਾਂ ਹੋਰ ਵੀ ਬਹੁਤ ਸਾਰੀਆਂ ਰੀਤਾਂ ਅਤੇ ਕਰਮ ਕਾਂਡ ਹਨ ਜੋ ਆਪਣੀ ਵਾਸਤਵਿਕਤਾ ਤੋਂ ਟੁੱਟ ਕੇ ਸਿਰਫ ਦਿਖਾਵਾ ਮਾਤਰ ਬਣ ਕੇ ਰਹਿ ਗਏ ਹਨ:

ਬਹੁ ਭੇਖ ਕੀਆ ਦੇਹੀ ਦੁਖੁ ਦੀਆ।।[13]

ਅੰਨੁ ਨ ਖਾਇਆ ਸਾਦੁ ਗਵਾਇਆ।।[14]

ਬਸਤ੍ਰ ਨ ਪਹਿਰੈ ਅਹਿਨਿਸਿ ਕਹਰੈ।।[15]

ਅਲੁਮਲੁ ਖਾਈ ਸਿਰਿ ਛਾਈ ਪਾਈ।।[16]

ਮੂਰਖਿ ਅੰਧੈ ਪਤਿ ਗਵਾਈ।।

ਇਸ ਵਾਰ ਵਿਚ ਹਿੰਦੂ ਧਰਮ ਦੇ ਨਾਲ ਨਾਲ ਇਸਲਾਮੀ ਸਭਿਆਚਾਰ ਬਾਰੇ ਵਿਸਤ੍ਰਿਤ ਜਾਣਕਾਰੀ ਮਿਲਦੀ ਹੈ। ਮੁਸਲਮਾਨਾਂ ਦੀਆਂ ਆਪਣੀਆਂ ਅਲਗ ਧਾਰਮਿਕ ਰੁਚੀਆਂ ਸਨ ਉਹ ਹਿੰਦੂਆਂ ਦੇ ਕਿਸੇ ਧਾਰਮਿਕ ਰਸਮੋ ਰਿਵਾਜ ਨੂੰ ਨਹੀਂ ਮੰਨਦੇ ਸਨ ਅਤੇ ਉਹਨਾਂ ਦੇ

Sri Satguru Jagjit Singh Ji eLibrary NamdhariElibrary@gmail.com

ਉਲਟ ਜੇਕਰ ਹਿੰਦੂ ਧਰਮ ਵਿਚ ਗਊ ਬੱਧ ਤੇ ਉਸ ਦਾ ਮਾਸ ਖਾਣਾ ਵਿਵਰਜਿਤ ਹੈ ਤਾਂ ਮੁਸਲਮਾਨਾਂ ਵਿਚ ਸੂਅਰ ਨੂੰ ਪਵਿੱਤਰ ਮੰਨਿਆ ਜਾਂਦਾ ਹੈ। ਮੁਸਲਮਾਨ ਲਈ ਮੱਕਾ ਕਾਬਾ ਤੀਰਥ ਹੈ। ਹਿੰਦੂਆਂ ਦੇ ਅਨੇਕਾਂ ਤੀਰਥ ਸਥਾਨ ਅਤੇ ਦੇਵੀ ਦੇਵਤੇ ਹਨ। ਮੁਸਲਮਾਨ ਸਿਰਫ ਹਜ਼ਰਤ ਮੁਹੰਮਦ ਸਾਹਿਬ ਦੀ ਇਬਾਦਤ ਕਰਦੇ ਹਨ। ਰੋਜਾ ਵਰਤ ਨਿਮਾਜ ਮੁਸਲਮਾਨ ਦੀ ਪੂਜਾ ਹੈ। ਗੁਰੂ ਨਾਨਕ ਨੇ ਤਅਸਬੀ ਕੱਟੜਤਾ ਤੋਂ ਉਪਰ ਉਠ ਕੇ ਧਰਮ ਦੇ ਵਿਵਹਾਰਕ ਅਮਲ ਤੇ ਜ਼ੋਰ ਦਿੰਦਿਆਂ ਧਰਮ ਦੇ ਸੰਕਲਪ ਨੂੰ ਵਿਸ਼ਾਲ ਅਰਥ ਪ੍ਰਦਾਨ ਕੀਤੇ ਹਨ। ਕਿਉਂਕਿ ਮਜਬੀ ਕਟੜਤਾ ਤੇ ਫੋਕੇ ਕਰਮ ਕਾਂਡ ਮਨੁੱਖ ਨੂੰ ਆਤਮਿਕ ਸੰਤੁਸ਼ਟੀ ਪ੍ਰਦਾਨ ਨਹੀਂ ਕਰਦੇ। ਮੁਸਲਮਾਨਾਂ ਦਾ ਦ੍ਰਿੜ ਵਿਸ਼ਵਾਸ਼ ਸੀ ਕਿ ਰਬ ਮੱਕੇ ਵਸਦਾ ਹੈ। ਗੁਰੂ ਨਾਨਕ ਨੇ ਇਸ ਵਿਚਾਰ ਦਾ ਖੰਡਨ ਕੀਤਾ। ਉਹਨਾਂ ਅਨੁਸਾਰ ਰੱਬ ਕਣ ਕਣ ਵਿਚ ਵਿਦਮਾਨ ਹੈ:

ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ।।[17]

ਗੁਰੂ ਨਾਨਕ ਨੇ ਪਰਾਇਆ ਹੱਕ ਖਾਣ ਤੋਂ ਵੀ ਵਰਜਿਆ ਹੈ:

ਹਕੁ ਪਰਾਇਆ ਨਾਨਕਾ
ਉਸ ਸੂਅਰ ਉਸੁ ਗਾਇ
ਗੁਰੁ ਪੀਰੁ ਹਾਮਾ ਤਾਂ ਭਰੇ ਜਾ ਮੁਰਦਾਰੁ ਨ ਖਾਇ।।[18]

ਹਿੰਦੂ ਮੁਸਲਮਾਨਾਂ ਤੋਂ ਇਲਾਵਾ ਉਸ ਵੇਲੇ ਦੇ ਘਟ ਪ੍ਰਸਿੱਧੀ ਵਾਲੇ ਧਰਮਾਂ ਨੂੰ ਵੀ 'ਆਸਾ ਦੀ ਵਾਰ' ਵਿਚ ਗੁਰੂ ਸਾਹਿਬ ਨੇ ਪੇਸ਼ ਕੀਤਾ ਹੈ। ਜੋਗੀ, ਜਤੀ, ਜੰਗਮ, ਸੰਨਿਆਸੀ, ਭਾਣੜੇ, ਮੰਗਤੇ ,ਅਤੇਹੋਰ ਪਾਖੰਡੀਆਂ ਨੂੰ ਬੜੇ ਖੂਬਸੂਰਤ ਢੰਗ ਨਾਲ ਉਹਨਾਂ ਨੇ ਨਾਟਕੀ ਅੰਦਾਜ਼ ਵਿਚ ਪੇਸ਼ ਕੀਤਾ ਹੈ। ਧਾਰਮਿਕ ਪਾਖੰਡੀ ਕੇਵਲ ਰੋਟੀਆਂ ਕਾਰਣ ਹੀ ਤਾਲ ਪੂਰਦੇ ਹਨ। ਉਹਨਾਂ ਨੂੰ ਕ੍ਰਿਸ਼ਨ ਭਗਤੀ, ਰਾਮ ਭਗਤੀ ਅਤੇ ਹੋਰ ਅਨੇਕਾਂ ਪ੍ਰਕਾਰ ਦੇ ਪਾਖੰਡਾਂ ਦਾ ਜ਼ਿਕਰ ਕਰਦਿਆਂ ਪੇਸ਼ ਕੀਤਾ ਗਿਆ ਹੈ। ਤਤਕਾਲੀ ਸਾਰੇ ਧਰਮਾਂ ਦਾ ਜ਼ਿਕਰ ਬੜੀਸੰਖੇਪਤਾ ਅਤੇ

Sri Satguru Jagjit Singh Ji eLibrary NamdhariElibrary@gmail.com

ਪ੍ਰਵੀਨਤਾ ਨਾਲ ਗੁਰੂ ਨਾਨਕ ਨੇ ਇਸ ਵਾਰ ਵਿਚ ਪੇਸ਼ ਕੀਤਾ ਹੈ:

ਮੁਸਲਮਾਨਾ ਸਿਫਤਿ ਸਰੀਅਤਿ ਪੜਿ ਪੜਿ ਕਰਹਿ ਬੀਚਾਰੁ।।
ਬੰਦੇ ਸੇ ਜਿ ਪਵਹਿ ਬਿਚਿ ਬੰਦੀ ਵੇਖਣ ਕਉ ਦੀਦਾਰੁ।।
ਹਿੰਦੂ ਸਾਲਾਹੀ ਸਾਲਾਹਨਿ ਦਰਸਨਿ ਰੂਪਿ ਅਪਾਰੁ।।
ਤੀਰਥਿ ਨਾਵਹਿ ਅਰਚਾ ਪੂਜਾ ਅਗਰ ਵਾਸੁ ਬਹਕਾਰੁ।।
ਜੋਗੀ ਸੁੰਨਿ ਧਿਆਵਨ੍ਹਿ ਜੇਤੇ ਅਲਖ ਨਾਮੁ ਕਰਤਾਰੁ।।
ਸੂਖਮ ਮੂਰਤਿ ਨਾਮੁ ਨਿਰੰਜਨ ਕਾਇਆ ਕਾ ਆਕਾਰੁ।।
ਸਤੀਆ ਮਨਿ ਸੰਤੋਖੁ ਉਪਜੈ ਦੇਣੈ ਕੈ ਵੀਚਾਰਿ।।
ਦੇ ਦੇ ਮੰਗਹਿ ਸਹਸਾ ਗੂਣਾ ਸੋਭ ਕਰੇ ਸੰਸਾਰੁ।।
ਚੋਰਾ ਜਾਰਾ ਤੈ ਕੂੜਿਆਰਾ ਖਾਰਾਬਾ ਵੇਕਾਰ।।
ਇਕਿ ਹੋਦਾ ਖਾਇ ਚਲਹਿ ਐਥਾਊ ਤਿਨਾ ਭਿ ਕਾਈ ਕਾਰ।।
ਜਲਿ ਥਲਿ ਜੀਆ ਪੁਰੀਆ ਲੋਆ ਆਕਾਰਾ ਆਕਾਰ।।
ਓਇ ਜਿ ਆਖਹਿ ਸੁ ਤੂੰਹੈ ਜਾਣਹਿ ਤਿਨਾ ਭਿ ਤੇਰੀ ਸਾਰ।।
ਨਾਨਕ ਭਗਤਾ ਭੁਖ ਸਾਲਾਹਣੁ ਸਚੁ ਨਾਮੁ ਆਧਾਰੁ।।
ਸਦਾ ਅਨੰਦਿ ਰਹਹਿ ਦਿਨੁ ਰਾਤੀ ਗੁਣਵੰਤਿਆ ਪਾਛਾਰੁ।।[19]

ਸੱਚੀ ਭਗਤੀ ਵਿਚ ਭਗਤ ਨੂੰ ਕਿਸੇ ਸੰਸਾਰਿਕ ਵਸਤੂ ਦੀ ਲੋੜ ਨਹੀਂ ਪੈਂਦੀ। ਪਰਮਾਤਮਾ ਆਪਣੇ ਭਗਤ ਦੀਆਂ ਸਾਰੀਆਂ ਲੋੜਾਂ ਪੂਰੀਆਂ ਕਰਦਾ ਹੈ। ਕੇਵਲ ਸ਼ਰਧਾ ਭਗਤੀ ਨਾਲ ਆਨੰਦ ਦੀ ਪ੍ਰਾਪਤੀ ਹੁੰਦੀ ਹੈ। ਅਜਿਹਾ ਇਨਸਾਨ ਪਰਮਾਤਮਾ ਪਾਸੋਂ ਕੇਵਲ ਆਨੰਦ ਅਤੇ ਮੁਕਤੀ ਦਾ ਦਾਨ ਹੀ ਮੰਗਦਾ ਹੈ। ਉਹ ਜਾਤਾਂ, ਪਾਤਾਂ, ਧਰਮਾਂ ਦੇ ਭੇਦ ਭਾਵਾਂ ਤੋਂ ਉਪਰ ਉਠ ਕੇ ਪਰਮਾਤਮਾ ਦੀ ਰਜ਼ਾ ਵਿਚ ਰਹਿਣ ਲਗ ਜਾਂਦਾ ਹੈ। ਉਸ ਦੀਆਂ ਸਾਰੀਆਂ ਆਸਾਂ ਪੂਰੀਆਂ ਹੋ ਜਾਂਦੀਆਂ ਹਨ।

ਉਸ ਦੀ ਸੇਵਾ ਸਫਲ ਹੋ ਜਾਂਦੀ ਹੈ। ਪਰਮਾਤਮਾ ਨੂੰ ਉਹ ਪਿਆਰਾ ਲਗਣ ਲਗ ਪੈਂਦਾ ਹੈ।

'ਆਸਾ ਦੀ ਵਾਰ' ਵਿਚ ਸੱਚੇ ਸੇਵਕ ਬਾਰੇ ਸਚੀ ਭਗਤੀ ਬਾਰੇ ਸਚੇ ਆਚਰਣ ਬਾਰੇ। ਸਾਦਾ ਜੀਵਨ ਜੀਊਣ ਬਾਰੇ ਲਾ ਹੰਕਾਰ ਤਪ, ਧੂਣੀਆਂ ਤੋਂ ਰਹਿਤ ਸਾਦਗੀ ਨਾਲ ਜੀਵਨਜੀਊਣ ਦਾ ਸਹੀ ਮਾਰਗ ਦਰਸ਼ਨ ਪੇਸ਼ ਕੀਤਾ ਗਿਆ ਹੈ।

ਮੱਧ ਕਾਲ ਵਿਚ ਔਰਤ ਦੀ ਸਥਿਤੀ ਤਰਸਯੋਗ ਸੀ। ਔਰਤ ਬਹੁਤ ਕਮਜ਼ੋਰ ਤੇ ਅਬਲਾ ਜਾਣੀ ਜਾਂਦੀ ਸੀ। ਗੁਰੂ ਸਾਹਿਬ ਨੇ ਸਮਾਜ ਵਿਚ ਇਸਤ੍ਰੀ ਦੇ ਸਥਾਨ ਨੂੰ ਪ੍ਰਸਤੁਤ ਕਰਦੇ ਹੋਏ ਸਭਿਆਚਾਰ ਦੀ ਤਸਵੀਰ ਉਲੀਕੀ ਹੈ। ਉਸ ਸਮੇਂ ਗੁਰੂਨਾਨਕ ਨੇ ਔਰਤ ਦੇ ਹੱਕ ਵਿਚ ਜ਼ੋਰਦਾਰ ਆਵਾਜ਼ ਉਠਾਈ ਅਤੇ ਉਸ ਨੂੰ ਸਤਿਕਾਰ ਯੋਗ ਥਾਂ ਦਿੱਤੀ:

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ।।
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ।।
ਭੰਡੁ ਮੁਆ ਭੰਡੁ ਭਾਲੀਐ ਹੋਵੈ ਬੰਧਾਨੁ।।
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ।।[20]

ਸਾਹਿਤ ਸਮਾਜ ਦਾ ਸ਼ੀਸ਼ਾ ਹੁੰਦਾ ਹੈ। ਸਾਹਿਤਕਾਰ ਸਮਾਜ ਵਿਚ ਵਾਪਰ ਰਹੀਆਂ ਘਟਨਾਵਾਂ ਨੂੰ ਆਪਣੀ ਬੁਧੀ ਅਤੇ ਸਮਰਥਾ ਨਾਲ ਪੇਸ਼ ਕਰਦਾ ਹੈ। ਅਜਿਹਾ ਗੁਰੂ ਨਾਨਕ ਨੇ ਆਪਣੀ ਰਚਨਾ 'ਆਸਾ ਦੀ ਵਾਰ' ਵਿਚ ਉਸ ਸਮੇਂ ਦੀਆਂ ਸਭਿਆਚਾਰਕ, ਸਮਾਜਕ, ਰਾਜਨੀਤਿਕ ਮਾਨਸਕ ਪ੍ਰਸਥਿਤੀਆਂ ਨੂੰ ਬੜੀ ਸੂਖਮਤਾ ਨਾਲ ਦਰਸਾਇਆ ਹੈ। ਉਹਨਾਂ ਦੁਆਰਾ ਵਰਤੇ ਗਏ ਬਿੰਬ ਤੇ ਪ੍ਰਤੀਕ ਤਤਕਾਲੀ ਸਭਿਆਚਾਰ ਦੀ ਬੜੀ ਖ਼ੂਬਸੂਰਤ ਪੇਸ਼ਕਾਰੀ ਕਰਦੇ ਹਨ:

ਕੋਲੂ ਚਰਖਾ ਚਕੀ ਚਕੁ।।
ਥਲ ਵਾਰੋਲੇ ਬਹੁਤੁ ਅਨੰਤੁ।।
ਲਾਟੂ ਮਾਧਾਣੀਆ ਅਨਗਾਹ।।
ਪੰਖੀ ਭਉਦੀਆ ਲੈਨਿ ਨ ਸਾਹ।।[21]

ਗੁਰੂ ਨਾਨਕ ਨੇ ਜਨ ਸਧਾਰਣ ਦੀ ਭਾਸ਼ਾ ਵਿਚ ਪੰਜਾਬੀ ਸਭਿਆਚਾਰ ਦੀ ਗੱਲ ਬੜੇ ਸੁਚੱਜੇ ਢੰਗ ਨਾਲ ਆਪਣੀ ਰਚਨਾ ਵਿਚ ਕੀਤੀ ਹੈ। ਗੁਰੂ ਨਾਨਕ ਨੇ ਧਰਮ ਨਾਲ ਸੰਬੰਧਿਤ ਫੋਕੇ ਕਰਮ ਕਾਂਡਾਂ ਦਾ ਖੰਡਨ ਕੀਤਾ ਹੈ। ਅਖੌਤਾਂ ਮੁਹਾਵਰੇ ਉਹਨਾਂ ਦੀ ਭਾਸ਼ਾ ਦਾ ਪ੍ਰਮੁੱਖ ਅੰਗ ਹਨ। ਲੋਕਗੀਤਾਂ ਮਿਥਾਂ ਅਤੇ ਪਰੀ ਕਹਾਣੀਆਂ ਦੇ ਪ੍ਰਤੀਕਾਂ ਨੂੰ ਵਰਤ ਕੇ ਅੱਧਿਆਤਮਕ ਪੱਧਰ ਦੀ ਵਿਚਾਰ ਨੂੰ ਸੰਸਾਰਿਕ ਪੱਧਰ ਦੇ ਪੇਸ਼ ਕੀਤਾ ਹੈ। ਸ਼ਬਦਾਵਲੀ ਬੜੀ ਸਰਲ ਅਤੇ ਕਈ ਥਾਵਾਂ ਤੇ ਸੋਖੀ ਅਤੇ ਸਥਾਨਕ ਘਟਨਾਵਾਂ ਦੇ ਅਨੁਕੂਲ ਵਰਤੀ ਹੈ। 'ਆਸਾ ਦੀ ਵਾਰ' ਵਿਚ ਜੀਵਨ ਦੀਆਂ ਕਈ ਅਟਲ ਸਚਾਈਆਂ ਦੀ ਵਰਤੋਂ ਕੀਤੀ ਹੋਈ ਮਿਲਦੀ ਹੈ:

ਨਚਣੁ ਕੁਦਣੁ ਮਨ ਕਾ ਚਾਉ।।
ਨਾਨਕ ਅਗੈ ਸੋ ਮਿਲੈ ਖਟੇ ਘਾਲੇ ਦੇਇ
ਘਾਲਿ ਖਾਇ ਕਿਛੁ ਹਥੁ ਦੇਹੁ ਨਾਨਕ ਰਾਹ ਪਛਾਣੇ ਸੇਇ
ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ।।
ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆਂ ਤੱਤ।।
ਭਾਉ ਤੇਰਾ ਨਿਰੰਕਾਰ ਹੈ ਨਾਇ ਲਈਐ ਨਰਕ ਨਾ ਜਾਈਐ
ਨਾਨਕ ਸਚੇ ਨਾਮ ਬਿਨੁ ਕਿਆ ਟਿਕਾ ਕਿਆ ਤਗੁ
ਛੱਡੀਲੇ ਪਾਖੰਡਾ ।। ਨਾਮਿ ਲਇਐ ਜਾਹਿ ਤਰੰਦਾ

ਭੈ ਵਿਚਿ ਪਵਣੁ ਵਹੈ ਸਦ ਵਾਉ।।
ਭੈ ਵਿਚਿ ਚਲਹਿ ਲਖ ਦਰੀਆਉ।।
ਭੈ ਵਿਚਿ ਅਗਨਿ ਕਢੈ ਵੇਗਾਰਿ।।
ਭੈ ਵਿਚਿ ਧਰਤੀ ਦਬੀ ਭਾਰਿ।।
ਭੈ ਵਿਚਿ ਇੰਦੁ ਫਿਰੈ ਸਿਰ ਭਾਰਿ।।
ਭੈ ਵਿਚ ਰਾਜਾ ਧਰਮ ਦੁਆਰੁ।।

Sri Satguru Jagjit Singh Ji eLibrary NamdhariElibrary@gmail.com

ਭੈ ਵਿਚਿ ਸੂਰਜੁ ਭੈ ਵਿਚਿ ਚੰਦੁ॥

ਕੋਰ ਕਰੋੜੀ ਚਲਤ ਨ ਅੰਤੁ॥

ਭੈ ਵਿਚਿ ਸਿਧ ਬੁਧ ਸੁਰ ਨਾਥ॥

ਭੈ ਵਿਚਿ ਆਡਾਣੇ ਆਕਾਸ॥

ਭੈ ਵਿਚਿ ਜੋਧ ਮਹਾਬਲ ਸੂਰ॥

ਭੈ ਵਿਚਿ ਆਵਹਿ ਜਾਵਹਿ ਪੂਰ॥

ਸਗਲਿਆ ਭਉ ਲਿਖਿਆ ਸਿਰਿ ਲੇਖੁ॥

ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ॥

ਅਪਰਾਧੀ ਦੂਣਾ ਨਿਵੈ॥

ਰੋਟੀਆ ਕਾਰਣਿ ਪੂਰਹਿ ਤਾਲ॥

ਪਾਣੀ ਅੰਦਰਿ ਲੀਕ ਜੀਉ ਥਾਉ ਨ ਥੇਹੁ॥

ਇਸ ਵਾਰ ਵਿਚ ਵਰਤੇ ਗਏ ਅਲੰਕਾਰ ਜੋ ਤਤਕਾਲੀ ਸਮਾਜਕ, ਰਾਜਨੀਤਿਕ, ਧਾਰਮਿਕ ਸਭਿਆਚਾਰ ਨੂੰ ਦਰਸਾਉਂਦੇ ਹਨ। 'ਆਸਾ ਦੀ ਵਾਰ' ਵਿਚ ਪ੍ਰਯੁਕਤ ਅਲੰਕਾਰ ਇਸ ਦੀ ਕਾਵਿ ਕਲਾ ਦਾ ਪਰਿਸ਼ਕਾਰ ਤਾਂ ਕਰਦੇ ਹੀ ਹਨ ਪਰੰਤੂ ਇਨ੍ਹਾਂ ਦੇ ਸੋਮੇ ਅਤੇ ਸੋਮਿਆਂ ਵਿਚ ਪ੍ਰਯੁਕਤ ਵਿਭਿੰਨ ਵਸਤੂਆਂ ਆਦਿ ਸਮਕਾਲੀ ਸਭਿਆਚਾਰ ਦੇ ਚਿਤਰਣ ਦਾ ਮਾਧਿਅਮ ਵੀ ਬਣੇ ਹਨ ਜਿਵੇਂ ਕਪਾਹ, ਸੂਤ, ਜਨੇਊ ਆਦਿ।

ਅਨੁਪ੍ਰਾਸ ਅਲੰਕਾਰ ਦੀ ਇਕ ਉਦਾਹਰਣ:

ਅਘੀ ਨੈ ਭੋਗ ਭੋਗਿ ਕੇ ਹੋਇ

ਭਸਮੜਿ ਭਉਰੁ ਸਿਧਾਇਆ॥[22]

Sri Satguru Jagjit Singh Ji eLibrary NamdhariElibrary@gmail.com

ਕਿਤਾਬੀ ਗਿਆਨ ਮਨੁੱਖ ਨੂੰ ਆਤਮਿਕ ਸੰਤੁਸ਼ਟੀ ਪ੍ਰਦਾਨ ਕਰਨ ਦੇ ਸਮਰਥ ਨਹੀਂ ਹੋ ਸਕਦਾ। ਗੁਰੂ ਸਾਹਿਬ ਨੇ ਇਸ ਵਿਚਾਰ ਨੂੰ ਪ੍ਰਗਟਾਉਂਦਿਆਂ ਬੜੇ ਖੂਬਸੂਰਤ ਢੰਗ ਨਾਲ ਵੀਪਸਾ ਅਲੰਕਾਰ ਦੀ ਵਰਤੋਂ ਕੀਤੀ ਹੈ:

ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ ॥
ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ ॥
ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ ॥
ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ ॥
ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥[23]

ਇਸ ਤਰ੍ਹਾਂ ਇਕ ਪਾਸੇ ਜਿੱਥੇ ਇਸ ਵਾਰ ਦੇ ਕਾਵਿਕ ਗੁਣ ਉਜਾਗਰ ਹੁੰਦੇ ਹਨ ਉਥੇ ਉਸ ਦੇ ਨਾਲ ਹੀ ਵਕਤ ਦੇ ਧਾਰਮਿਕ ਸਭਿਆਚਾਰ ਦੀ ਝਲਕ ਵੀ ਪ੍ਰਤਖ ਉਜਾਗਰ ਹੁੰਦੀ ਹੈ। ਅਜਿਹਾ ਕਿਤਾਬੀ ਗਿਆਨ ਜਿਹੜਾ ਕੇਵਲ ਮਨੁੱਖ ਦੇ ਬਾਹਰਲੇ ਕਰਮਾਂ ਨਾਲ ਜੁੜਿਆ ਹੋਣ ਕਰਕੇ ਉਸ ਨੂੰ ਵਾਸਤਵਿਕ ਸੱਚ ਦੀ ਪਛਾਣ ਕਰਾਉਣ ਤੋਂ ਅਸਮਰਥ ਹੈ। 'ਆਸਾ ਦੀ ਵਾਰ' ਵਿਚ ਗੁਰੂ ਸਾਹਿਬ ਨੇ ਥਾਂ ਥਾਂ ਮਧਾਣੀਆਂ, ਲਾਟੂਆਂ, ਚੱਕੀਆਂ ਆਦਿ ਦੀ ਉਪਮਾ ਦੇ ਕੇ ਆਪਣੇ ਵਿਚਾਰਾਂ ਦੀ ਅਭਿਵਿਅਕਤੀ ਕੀਤੀ ਹੈ।

ਹਉਮੈ ਨੂੰ ਇਕ ਲੰਮੀ ਰੋਗ ਦੀ ਤਸ਼ਖੀਹ ਦਿੱਤੀ ਹੈ:

ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥
ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥[24]

'ਆਸਾ ਦੀ ਵਾਰ' ਵਿਚ ਗੁਰੂ ਨਾਨਕ ਨੇ ਆਪਣੇ ਭਾਵਾਂ ਨੂੰ ਰੂਪਮਾਨ ਕਰਨ ਲਈ ਬੜੇ ਪਰ ਸੁੰਦਰ ਰੂਪਕਾਂ ਦੀ ਸਿਰਜਣਾ ਵੀ ਕੀਤੀ ਹੈ:

Sri Satguru Jagjit Singh Ji eLibrary NamdhariElibrary@gmail.com

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ

ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ।।[25]

ਜਦ ਵਿਸ਼ੇਸ਼ ਤਰੀਕੇ ਨਾਲ ਕਵਿਤਾ ਵਿਚ ਅੰਕਿਤ ਭਾਵਾਂ ਨੂੰ ਸਪਸ਼ਟ ਕੀਤਾ ਜਾਵੇ ਤਾਂ ਕਾਵਿ ਲਿੰਗ ਅਲੰਕਾਰ ਹੁੰਦਾ ਹੈ ਜਿਵੇਂ:

ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭ ਨ ਹੋਇ।।

ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨ ਨ ਹੋਇ।।[26]

ਜਦ ਕਿਸੇ ਵਿਚਾਰ ਦਾ ਦਲੀਲ ਨਾਲ ਖੰਡਨ ਮੰਡਨ ਕੀਤਾ ਜਾਏ ਤਾਂ ਯੁਕਤੀ ਅਲੰਕਾਰ ਹੁੰਦਾ ਹੈ:

ਜੇਕਰਿ ਸੂਤਕੁ ਮੰਨੀਐ ਸਭ ਤੈ ਸੂਤਕੁ ਹੋਇ।।

ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ।।

ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ।।

ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭ ਕੋਇ।।

ਸੂਤਕੁ ਕਿਉ ਕਰਿ ਰਖੀਐ ਸੂਤਕੁ ਪਵੈ ਰਸੋਇ।।

ਨਾਨਕ ਸੂਤਕੁ ਏਵ ਨ ਉਤਰੈ ਗਿਆਨੁ ਉਤਾਰੇ ਧੋਇ।।[27]

ਵਿਰੋਧ ਗਿਆਨ ਦਾ ਵਰਨਣ ਅਤੇ ਵਿਪਰਸੇ ਅਲੰਕਾਰ:

ਵਾਇਨਿ ਚੇਲੇ ਨਚਨਿ ਗੁਰ। ਪੈਰ ਹਲਾਇਨਿ ਫੇਰਨਿ ਸਿਰ।।

ਉਡਿ ਉਡਿ ਰਾਵਾ ਝਾਟੈ ਪਾਇ। ਵੇਖੈ ਲੋਕੁ ਹਸੈ ਘਰਿ ਜਾਇ।।[28]

'ਆਸਾ ਦੀ ਵਾਰ' ਵਿਚ ਗੁਰੂ ਨਾਨਕ ਨੇ ਆਪਣੇ ਭਾਵਾਂ ਨੂੰ ਸਪਸ਼ਟ ਕਰਨ ਲਈ ਇਕ ਹੀ ਵਿਚਾਰ ਨੂੰ ਕਈ ਰੂਪਾਂ ਵਿਚ ਦੁਹਰਾਇਆ ਹੈ। ਜਿਵੇਂ 'ਕੂੜ' ਦੀ ਕਲਪਨਾ ਕਈ ਰੂਪਾਂ ਵਿਚ ਕੀਤੀ ਮਿਲਦੀ ਹੈ।

Sri Satguru Jagjit Singh Ji eLibrary NamdhariElibrary@gmail.com

ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ।।

ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ।।

ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨ੍ਹਣਹਾਰ।।

ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ।।

ਕੂੜੁ ਮੀਆ ਕੂੜੁ ਬੀਬੀ ਖਪਿ ਹੋਏ ਖਾਰੁ।।

ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ।।

ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ।।

ਕੂੜੁ ਮਿਠਾ ਕੂੜੁ ਮਾਖਿਉ ਕੂੜੁ ਡੋਬੇ ਪੂਰੁ।।

ਨਾਨਕੁ ਵਖਾਣੈ ਬੇਨਤੀ ਤੁਧੁ ਬਾਝੁ ਕੂੜੋ ਕੂੜੁ।।[29]

ਕੁਲ ਮਿਲਾ ਕੇ 'ਆਸਾ ਦੀ ਵਾਰ' ਗੁਰੂ ਨਾਨਕ ਦੀ ਸ਼ਾਹਕਾਰ ਰਚਨਾ ਹੈ। ਇਹ ਮਧਕਾਲੀਨ ਯੁਗ ਦੀ ਸਮਾਜਕ ਧਾਰਮਿਕ, ਰਾਜਨੀਤਿਕ, ਆਰਥਿਕ, ਅਤੇ ਸਭਿਆਚਾਰਕ ਪਰਿਸਥਿਤੀਆਂ ਦੇ ਦਰਸ਼ਨ ਕਰਵਾਉਣ ਵਾਲੀ ਇਕ ਸੰਪੂਰਨ ਰਚਨਾ ਹੈ ਜਿਨ੍ਹਾਂ ਦੇ ਪ੍ਰਗਟਾਵੇ ਲਈ ਵਰਤੇ ਗਏ ਚਿੰਨ੍ਹ, ਪ੍ਰਤੀਕ, ਅਖੌਤਾਂ ਮੁਹਾਵਰੇ ਤੇ ਅਲੰਕਾਰ ਆਦਿ ਤਤਕਾਲੀ ਸਭਿਆਚਾਰ ਨੂੰ ਹੋਰ ਵੀ ਖੂਬਸੂਰਤੀ ਨਾਲ ਉਜਾਗਰ ਕਰਨ ਵਿਚ ਸਮਰੱਥ ਸਿੱਧ ਹੋਏ ਹਨ।

Sri Satguru Jagjit Singh Ji eLibrary NamdhariElibrary@gmail.com

## ਹਵਾਲੇ ਅਤੇ ਟਿੱਪਣੀਆਂ

1. ਗੁਰਬਖਸ਼ ਸਿੰਘ ਫਰੈਂਕ, *ਸਭਿਆਚਾਰ ਮੁੱਢਲੀ ਜਾਣ - ਪਛਾਣ*, ਪੰ. 18
2. ਉਹੀ, ਪੰ. 19
3. ਉਹੀ, ਪੰ. 19
4. ਡਾ. ਕੁਲਬੀਰ ਸਿੰਘ ਕਾਂਗ, ਪ੍ਰੋ. ਬ੍ਰਹਮ ਜਗਦੀਸ਼ ਸਿੰਘ, *ਸਾਹਿਤ ਸਭਿਆਚਾਰ ਤੇ ਪੰਜਾਬ*, ਪੰ. 10
5. ਵਾਰ ਆਸਾ, ਮਹਲਾ ੧, *ਆਦਿ ਗ੍ਰੰਥ*, ਪੰਨ 470
6. ਉਹੀ, ਪੰ. 470
7. ਉਹੀ, ਪੰ. 471
8. ਉਹੀ, ਪੰ. 471-472
9. ਉਹੀ, ਪੰ. 465
10. ਉਹੀ, ਪੰ. 470
11. ਉਹੀ, ਪੰ. 464
12. ਉਹੀ, ਪੰ. 467
13. ਉਹੀ, ਪੰ. 467
14. ਉਹੀ, ਪੰ. 467
15. ਉਹੀ, ਪੰ. 467
16. ਉਹੀ, ਪੰ. 467
17. ਉਹੀ, ਪੰ. 465

Sri Satguru Jagjit Singh Ji eLibrary NamdhariElibrary@gmail.com

18. ਰਾਗ ਮਾਝ, ਮਹਲਾ ੧, <u>ਆਦਿ ਗ੍ਰੰਥ</u>, ਪੰ. 141

19. ਵਾਰ ਆਸਾ, ਮਹਲਾ ੧, <u>ਆਦਿ ਗ੍ਰੰਥ</u>, ਪੰ. 465-466

20. ਉਹੀ, ਪੰ. 473

21. ਉਹੀ, ਪੰ. 465

22. ਉਹੀ, ਪੰ. 464

23. ਉਹੀ, ਪੰ. 467

24. ਉਹੀ, ਪੰ. 466

25. ਉਹੀ, ਪੰ. 471

26. ਉਹੀ, ਪੰ. 469

27. ਉਹੀ, ਪੰ. 472

28. ਉਹੀ, ਪੰ. 465

29. ਉਹੀ, ਪੰ. 468

## ਨਿਸ਼ਕਰਸ਼

ਇਸ ਸ਼ੋਧ-ਪ੍ਰਬੰਧ ਦਾ ਮੁੱਖ ਸਰੋਕਾਰ ਗੁਰੂ ਨਾਨਕ ਦੇਵ ਜੀ ਦੀ ਰਚਨਾ 'ਆਸਾ ਦੀ ਵਾਰ' ਵਿਚ ਪ੍ਰਕਾਸ਼ਮਾਨ ਹੁੰਦੀ ਉਸ ਸਮੇਂ ਦੀ ਸਮਾਜਕ ਸਥਿਤੀ ਨੂੰ ਉਜਾਗਰ ਕਰਨਾ ਤੇ ਗੁਰੂ ਸਾਹਿਬ ਦੀਆਂ ਟਿਪਣੀਆਂ ਦੇ ਆਧਾਰ ਤੇ ਦਿੱਵਤਾ ਤੇ ਮਾਨਵਤਾ ਦੇ ਸੰਬੰਧਾਂ ਦਾ ਪੁਨਰ ਨਿਰੂਪਣ ਹੈ। 'ਆਸਾ ਦੀ ਵਾਰ' ਇਕ ਅਜਿਹੀ ਸੁਗਠਿਤ ਰਚਨਾ ਹੈ ਜਿਸ ਵਿਚ ਜੇ ਇਕ ਪਾਸੇ ਗੁਰੂ ਸਾਹਿਬ ਨੇ ਦਿੱਵਤਾ ਦੇ ਉਦਾਤ ਤੇ ਅਪਰੰਪਾਰ ਰੂਪ ਅਤੇ ਮਾਨਵੀ ਸਮਾਜ ਦੇ ਨਖਿੱਧ ਵਰਤਾਰਿਆਂ ਨੂੰ ਸਾਂਗੋ-ਪਾਂਗ ਖੜਾ ਕਰ ਦਿੱਤਾ ਹੈ। ਇਕ ਪਾਸੇ ਪ੍ਰਭੂ ਦੀ ਲੀਲਾ ਹੈ ਜਿਸਨੇ ਸ੍ਰਿਸ਼ਟੀ ਦੇ ਅਦੱਭੁਤ ਤੇ ਪਾਰਗਾਮੀ ਰੂਪਾਂ ਨੂੰ ਬੜੇ ਸਸ਼ਕਤ ਬਿੰਬਾਂ ਵਿਚ ਚਿਤਰਿਆ ਹੈ:

ੳ. ਵਿਸਮਾਦੁ ਨਾਦ ਵਿਸਮਾਦ ਵੇਦ।।
ਵਿਸਮਾਦੁ ਜੀਅ ਵਿਸਮਾਦੁ ਭੇਦ।।
ਵਿਸਮਾਦੁ ਰੂਪ ਵਿਸਮਾਦੁ ਰੰਗ।।
ਵਿਸਮਾਦੁ ਨਾਗੇ ਫਿਰਹਿ ਜੰਤ।।
ਵਿਸਮਾਦੁ ਪਉਣੁ ਵਿਸਮਾਦੁ ਪਾਣੀ।।
ਵਿਸਮਾਦੁ ਅਗਨੀ ਖੇਡਹਿ ਵਿਡਾਣੀ।।
ਵਿਸਮਾਦੁ ਧਰਤੀ ਵਿਸਮਾਦ ਖਾਣੀ।।
ਵਿਸਮਾਦੁ ਸਾਦਿ ਲਾਹਿ ਪਰਾਣੀ।।

ਅ. ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ।।
ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ।।
ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰੁ।।
ਕੁਦਰਤਿ ਖਾਣਾ ਪੀਣਾ ਪੈਨ੍ਣ ਕੁਦਰਤਿ ਸਰਬ ਪਿਆਰੁ।।

Sri Satguru Jagjit Singh Ji eLibrary NamdhariElibrary@gmail.com

ਏ. ਭੈ ਵਿਚਿ ਪਵਣੁ ਵਹੈ ਸਦਵਾਉ॥

ਭੈ ਵਿਚਿ ਚਲਹਿ ਲਖ ਦਰੀਆਉ॥

ਭੈ ਵਿਚਿ ਅਗਨਿ ਕਢੈ ਵੇਗਾਰਿ॥

ਭੈ ਵਿਚਿ ਧਰਤੀ ਦਬੀ ਭਾਰਿ॥

ਜਦੋਂ ਗੁਰੂ ਸਾਹਿਬ ਦੀ ਦ੍ਰਿਸ਼ਟੀ ਮਾਨਵੀ ਸੰਸਾਰ ਉਪਰ ਪੈਂਦੀ ਹੈ ਤਾਂ ਸਾਰੇ ਉਦਾਤ ਤੇ ਪਾਰਗਾਮੀ ਪ੍ਰਸੰਗ ਗਾਇਬ ਹੋ ਜਾਂਦੇ ਹਨ ਅਤੇ ਉਨ੍ਹਾਂ ਦੀ ਥਾਂ ਮਨੁੱਖ ਦੀ ਤੁੱਛਤਾ, ਮਲੀਨਤਾ ਅਤੇ ਪਤਨਸ਼ੀਲਤਾ ਦੀਆਂ ਝਾਕੀਆਂ ਉਜਾਗਰ ਹੋ ਉਠਦੀਆਂ ਹਨ:

ੳ. ਮਾਣਸ ਖਾਣੇ ਕਰਹਿ ਨਿਵਾਜ॥

ਛੁਰੀ ਵਗਾਇਨਿ ਤਿਨ ਗਲਿ ਤਾਗ॥

ਤਿਨ ਘਰਿ ਬ੍ਰਾਹਮਣ ਪੂਰਹਿ ਨਾਦ॥

ਉਨ੍ਹਾ ਭਿ ਆਵਹਿ ਓਈ ਸਾਦ॥

ਅ. ਸਭੇ ਟਿਕਾ ਤੇੜਿ ਧੋਤੀ ਕਖਾਈ॥

ਹਥਿ ਛੁਰੀ ਜਗਤ ਕਾਸਾਈ॥

ੲ. ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰ॥

ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ॥

ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨ੍ਹਣਹਾਰੁ॥

ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ॥

ਮੈਂ ਆਪਣੇ ਸ਼ੋਧ-ਪ੍ਰਬੰਧ ਨੂੰ ਪੰਜ ਹਿੱਸਿਆਂ ਵਿਚ ਵੰਡਿਆ ਹੈ। ਪਹਿਲਾ ਅਧਿਆਇ 'ਸਮਾਜਕ ਚੇਤਨਾ ਦਾ ਸਿਧਾਂਤਕ-ਵਿਵੇਚਨ' ਹੈ। ਪਹਿਲਾਂ ਸਮਾਜਕ ਚੇਤਨਾ ਦੀ ਪਰਿਭਾਸ਼ਾ ਦਸੀ ਹੈ ਉਸ ਤੋਂ ਬਾਦ ਸਾਹਿਤ ਵਿਚ ਸਮਾਜਕ ਚੇਤਨਾ ਦਾ ਸਥਾਨ ਅਤੇ ਆਖਿਰ ਵਿਚ ਮੱਧਕਾਲੀਨ ਧਰਮ ਸਾਧਨਾ ਅਤੇ ਮੱਧਕਾਲੀਨ ਸਮਾਜਕ ਚੇਤਨਾ ਬਾਰੇ ਗੱਲ ਕੀਤੀ ਹੈ। ਸਮਾਜਕ

ਚੇਤਨਾ ਦਾ ਸੰਬੰਧ ਸਮਾਜਕ ਜੀਵਨ ਦੇ ਹਰ ਖੇਤਰ ਵਿਚ ਹੁੰਦਾ ਹੈ। ਮਨੁੱਖੀ ਚੇਤਨਾ ਸਮੇਂ ਦੇ ਵਿਕਾਸ ਨਾਲ ਬਦਲਦੀ ਰਹਿੰਦੀ ਹੈ। ਚੇਤਨਾ ਵਿਕਾਸ ਦਾ ਮੂਲ ਅਤੇ ਪ੍ਰਗਤੀ ਦਾ ਕੇਂਦਰ ਹੈ। ਜੋ ਸਭਿਆਚਾਰ ਜਾਂ ਸਭਿਆਚਾਰਕ ਕੀਮਤਾਂ ਮਨੁੱਖ ਨੂੰ ਵਿਰਸੇ ਵਿਚ ਮਿਲਦੀਆਂ ਹਨ ਅਤੇ ਜਿਨ੍ਹਾਂ ਪਰਿਸਥਿਤੀਆਂ ਵਿਚ ਮਨੁੱਖ ਵਿਚਰਦਾ ਹੈ ਜਦੋਂ ਇਨ੍ਹਾਂ ਨਾਲ ਮਨੁੱਖ ਦੀ ਆਤਮ ਪੂਰਤੀ ਅਸੰਭਵ ਹੋ ਜਾਏ ਤਾਂ ਪੁਰਾਣੀਆਂ ਰੀਤਾਂ ਤੇ ਕੀਮਤਾਂ ਨੂੰ ਤਜ ਕੇ ਨਵੀਆਂ ਕੀਮਤਾਂ ਉਤੇ ਨਵੇਂ ਨੈਤਿਕ ਸਰੋਕਾਰ ਉਭਰਨ ਲਗਦੇ ਹਨ ਤਾਂ ਸਮਾਜਕ ਚੇਤਨਾ ਦਾ ਆਰੰਭ ਹੁੰਦਾ ਹੈ।

ਸਾਹਿਤ ਸਮਾਜਕ ਚੇਤਨਾ ਦਾ ਇਕ ਰੂਪ ਹੈ। ਗੁਰੂ ਸਾਹਿਬ ਨੇ 'ਆਸਾ ਦੀ ਵਾਰ' ਰਾਹੀ ਤਤਕਾਲੀਨ ਲੋਕਾਈ ਵਿਚ ਚੇਤਨਾ ਪੈਦਾ ਕੀਤੀ। ਸਾਹਿਤਕਾਰ ਆਪਣੀ ਰਚਨਾ ਦਾ ਵਿਸ਼ਾ ਤੇ ਵਿਚਾਰ ਸਮਾਜ ਵਿਚੋਂ ਹੀ ਗ੍ਰਹਿਣ ਕਰਦਾ ਹੈ।

ਗੁਰੂ ਸਾਹਿਬ ਨੇ 'ਆਸਾ ਦੀ ਵਾਰ' ਰਾਹੀਂ ਲੋਕਾਈ ਵਿਚ ਚੇਤਨਾ ਪੈਦਾ ਕਰਨ ਲਈ ਉਸ ਸਮੇਂ ਦੀ ਸਮਾਜਕ, ਰਾਜਨੀਤਿਕ, ਧਾਰਮਿਕ ਅਤੇ ਸਭਿਆਚਾਰਕ ਜੀਵਨ ਦੀ ਪੇਸ਼ਕਾਰੀ ਕੀਤੀ ਹੈ।

ਮੱਧਕਾਲ ਵਿਚ ਧਰਮ ਕਈ ਹਿਸਿਆਂ ਵਿਚ ਵੰਡਿਆ ਹੋਇਆ ਸੀ। ਉਨ੍ਹਾਂ ਧਰਮਾਂ ਵਿਚ ਕਈ ਤਰ੍ਹਾਂ ਦੇ ਨਿਰਾਰਥਕ ਕਰਮ ਕਾਂਡ ਤੇ ਰਸਮੋ ਰਿਵਾਜ਼ ਪ੍ਰਚੱਲਤ ਸਨ। ਜੰਤਰ ਮੰਤਰ ਅਤੇ ਟੂਣੇ ਟੋਟਕਿਆਂ ਵਿਚ ਵੀ ਲੋਕਾਈ ਦਾ ਵਿਸ਼ਵਾਸ ਵਧਦਾ ਜਾ ਰਿਹਾ ਸੀ। ਜਾਤੀ ਪ੍ਰਥਾ ਜੋਰਾਂ ਤੇ ਸੀ। ਦੂਸਰੀ ਤਰਫ ਗੁਰੂ ਨਾਨਕ ਨੇ ਮੱਧਕਾਲੀਨ ਧਰਮ ਸਾਧਨਾ ਵਿਚ ਪ੍ਰਚਲਤ ਕਰਮ ਕਾਂਡਾਂ ਅਤੇ ਵਹਿਮਾਂ ਭਰਮਾਂ ਦਾ ਖੰਡਨ ਕਰਕੇ ਲੋਕਾਂ ਵਿਚ ਸਮਾਜਕ ਚੇਤਨਾ ਜਗਾਈ ਅਤੇ ਕਿਹਾ ਕਿ ਵਿਅਰਥ ਕਰਮ ਕਾਂਡ ਮੁਕਤੀ ਦਾ ਸਾਧਨ ਨਹੀਂ। ਗੁਰੂ ਸਾਹਿਬ ਨੇ ਲੋਕਾਂ ਨੂੰ ਪਾਖੰਡਾਂ ਦਾ ਤਿਆਗ ਕਰਕੇ ਨਾਮ ਸਿਮਰਨ ਵੱਲ ਪ੍ਰੇਰਿਆ।

ਸ਼ੋਧ-ਪ੍ਰਬੰਧ ਦਾ ਦੂਜਾ ਅਧਿਆਇ 'ਆਸਾ ਦੀ ਵਾਰ' ਵਿਚ ਸਮਾਜਕ ਸਥਿਤੀ ਦੀ

ਚੇਤਨਾ ਹੈ। ਇਸ ਦੇ ਅਗੋਂ ਪੰਜ ਹਿਸੇ ਕੀਤੇ ਹਨ। ਇਸ ਵਿਚ ਪਹਿਲਾਂ ਮਾਨਵਵਾਦ ਦੀ ਪਰਿਭਾਸ਼ਾ ਲਿਖ ਕੇ ਗੁਰੂ ਨਾਨਕ ਦੇਵ ਦੇ ਮਾਨਵਵਾਦ ਦੀ ਗੱਲ ਕੀਤੀ ਹੈ। ਫਿਰ ਆਸਾ ਦੀਵਾਰ ਵਿਚ ਸਮਾਜਕ ਨੈਤਿਕਤਾ ਅਨੈਤਿਕਤਾ ਦੱਸੀ ਹੈ ਫਿਰ ਗੁਰੂ ਸਾਹਿਬ ਦੁਆਰਾ ਕੀਤੇ ਵਹਿਮਾਂ ਭਰਮਾਂ ਅਤੇ ਕਰਮ ਕਾਂਡਾਂ ਦੇ ਖੰਡਨ ਬਾਰੇ ਚਰਚਾ ਕੀਤੀ ਹੈ ਅੰਤ ਵਿਚ ਇਸਤਰੀ ਦੇ ਸਥਾਨ ਬਾਰੇ ਗੁਰੂ ਸਾਹਿਬ ਦੇ ਵਿਚਾਰ ਦਸੇ ਹਨ।

ਮਾਨਵਵਾਦ ਏਕਤਾ ਦਾ ਫਲਸਫਾ ਹੈ, ਇਹ ਸਵੈ ਤੋਂ ਪਰ ਤਕ ਦੀ ਯਾਤਰਾ ਹੈ। ਮਾਨਵਵਾਦ ਬਿਨਾਂ ਕਿਸੇ ਭੇਦ ਭਾਵ ਦੇ ਮਨੁੱਖ ਮਾਤਰ ਦੇ ਹਿਤ ਦੀ ਕਾਮਨਾ ਕਰਦਾ ਹੈ। ਮਾਨਵਵਾਦੀ ਸਾਹਿਤ ਮਨੁਖ ਨੂੰ ਆਪਣੀ ਸੁਤੰਤਰਤਾ, ਆਜ਼ਾਦੀ ਆਤਮ-ਨਿਰਭਰਤਾ ਦੀ ਪ੍ਰਾਪਤੀ ਲਈ ਪ੍ਰੇਰਦਾ ਹੈ। ਜਦੋਂ ਗੁਰੂ ਸਾਹਿਬ 'ਏਕ ਪਿਤਾ ਏਕਸ ਕੇ ਹਮ ਬਾਰਕ' ਜਾਂ 'ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ' ਦੀ ਗੱਲ ਕਰਦੇ ਹਨ ਤਾਂ ਮਾਨਵਵਾਦ ਦੇ ਉਤਕ੍ਰਿਸ਼ਟ ਸੰਕਲਪ ਦਾ ਝਲਕਾਰਾ ਮਿਲਦਾ ਹੈ। ਮਨੁੱਖਾ ਜਨਮ ਸਭ ਜੂਨਾ ਤੋਂ ਦੁਰਲਭ ਅਤੇ ਸ੍ਰੇਸ਼ਟ ਹੈ। ਉਸਨੂੰ ਵਿਅਰਥ ਨਹੀ ਗਵਾਉਣਾ ਚਾਹੀਦਾ। ਉਸ ਨੂੰ ਨਾਮ ਸਿਮਰਨ ਅਤੇ ਲੋਕ ਭਲਾਈ ਦੇ ਕਾਰਜਾਂ ਵਿਚ ਲਗਾਉਣਾ ਚਾਹੀਦਾ ਹੈ। ਉਸ ਸਮੇਂ ਮਨੁਖ ਦਾ ਨੈਤਿਕ ਪਤਨਹੋ ਚੁੱਕਾ ਸੀ। 'ਆਸਾ ਦੀ ਵਾਰ' ਮਨੁਖ ਨੂੰ ਆਤਮਿਕ ਨੀਂਦ ਤੋਂ ਜਗਾਉਣ ਅਤੇ ਉਚਤਾ ਵਲ ਲੈ ਜਾਣ ਦਾ ਰਾਹ ਹੈ। ਗੁਰੂ ਸਾਹਿਬ ਨੇ ਹਉਮੈ ਨੂੰ ਦੀਰਘ ਰੋਗ ਅਤੇ ਪਰਮਾਤਮਾ ਦੇ ਰਾਹ ਵਿਚ ਰੋੜਾ ਦਸਿਆ ਹੈ ਪਰ ਨਾਲ ਹੀ ਗੁਰੂ ਸਾਹਿਬ ਕਹਿੰਦੇ ਹਨ ਗੁਰੂ ਸ਼ਬਦ ਦੁਆਰਾ ਇਸ ਹਉਮੈ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ।

ਮੱਧਕਾਲ ਵਿਚ ਲੋਕਾਈ ਕਰਮ ਕਾਂਡਾਂ ਵਿਚ ਫਸੀ ਹੋਈ ਸੀ। ਗੁਰੂ ਸਾਹਿਬ ਨੇ ਕਰਮ ਕਾਂਡਾਂ ਦਾ ਖੰਡਨ ਕਰਕੇ ਸ਼ੁਭ ਅਮਲਾਂ ਉਤੇ ਜ਼ੋਰ ਦਿੱਤਾ। ਤਤਕਾਲੀਨ ਲੋਕਾਈ ਆਡੰਬਰਾਂ ਅਤੇ ਪਾਖੰਡਾਂ ਵਲ ਰੁਚਿਤ ਸੀ, ਨਾਮ ਸਿਮਰਨ ਨੂੰ ਲੋਕੀ ਭੁਲੀ ਬੈਠੇ ਸਨ। ਗੁਰੂ ਨਾਨਕ ਨੇ ਜਾਤ ਪਾਤ ਦੇ ਬੰਧਨ ਤੋੜ ਕੇ ਮਨੁਖੀ ਹੋਂਦ ਨੂੰ ਗੌਰਵ ਪ੍ਰਦਾਨ ਕੀਤਾ। ਮੱਧਕਾਲੀਨ ਸਮਾਜ ਵਿਚ

Sri Satguru Jagjit Singh Ji eLibrary NamdhariElibrary@gmail.com

ਇਸਤਰੀ ਨੂੰ ਬਹੁਤ ਨਿਰਾਦਰ ਸਹਿਣਾ ਪਿਆ ਪਰ ਗੁਰੂ ਸਾਹਿਬ ਨੇ ਸਭ ਤੋਂ ਪਹਿਲਾਂ ਇਸਤਰੀ ਦੇ ਹੱਕ ਵਿਚ ਆਵਾਜ਼ ਉਠਾਈ ਅਤੇ ਇਸਤਰੀ ਨੂੰ ਸਤਿਕਾਰ ਯੋਗ ਦਰਜਾ ਦਿੱਤਾ।

['ਆਸਾ ਦੀ ਵਾਰ' ਵਿਚ ਰਾਜਨੀਤਿਕ ਤੇ ਇਤਿਹਾਸਕ ਸਥਿਤੀ ਦੀ ਚੇਤਨਾ ਸ਼ੋਧ-ਪ੍ਰਬੰਧ ਦਾ ਤੀਜਾ ਅਧਿਆਇ ਹੈ। ਗੁਰੂ ਸਾਹਿਬ ਨੇ ਲੋਕਾਈ ਦੇ ਮਨਾ ਵਿਚੋਂ ਰਾਜਿਆਂ ਦੀ ਦਹਿਸ਼ਤ ਖਤਮ ਕੀਤੀ ਅਤੇ ਪ੍ਰਚਲਤ ਸਮਾਜ ਵਿਚ ਮਿਲਦੀਆਂ ਗਲਤ ਕੀਮਤਾਂ ਪ੍ਰਤੀ ਜਨ-ਸਧਾਰਣ ਨੂੰ ਸੁਚੇਤ ਕੀਤਾ। ਉਨ੍ਹਾਂ ਦੇ ਸਵੈਮਾਣ ਨੂੰ ਝੰਜੋੜਿਆ ਅਤੇ ਉਨ੍ਹਾਂ ਨੂੰ ਆਪਣੇ ਹੱਕਾਂ ਲਈ ਆਵਾਜ਼ ਬੁਲੰਦ ਕਰਨ ਲਈ ਵੰਗਾਰਿਆ। ਗੁਰੂ ਸਾਹਿਬ ਅਨੁਸਾਰ ਸਭ ਮਾਨਵ ਵਿਰੋਧੀ ਪੱਖ ਜਿਵੇਂ ਰਾਜੇ , ਹਾਕਮ, ਪੰਡਤ , ਮੁਲਾਂ, ਕਾਜੀ ਪੁਰੋਹਤ ਅਤੇ ਉਨ੍ਹਾਂ ਦੁਆਰਾ ਖੜੇ ਕੀਤੇ ਧਾਰਮਿਕ ਤੇ ਸਮਾਜਕ ਪ੍ਰਪੰਚ ਆਦਿ ਸਭ ਸਾਧਾਰਣ ਮਨੁੱਖਾਂ ਨੂੰ ਭੈ ਭੀਤ ਕਰਨ ਦੀਆਂ ਸ਼ਾੜਤਾਂ ਹਨ। ਗੁਰੂ ਸਾਹਿਬ ਨੇ ਕਿਹਾ ਕਿ ਇਹ ਹਾਕਮਾਂ ਦੀਆਂ ਸਵਾਰਥ ਹਿਤ ਸਿਰਜਿਤ ਕਿਰਤਾਂ ਹਨ ਅਤੇ ਇਸ ਸਮਾਜਕ ਵਿਸ਼ਾਦ ਨੂੰ ਪਰਵਰਤਿਤ ਕੀਤਾ ਜਾ ਸਕਦਾ ਹੈ।]

ਤਤਕਾਲੀਨ ਸਮਾਜ ਵਿਚ ਧਰਮ ਦਾ ਅਸਲੀ ਰੂਪ ਮਿਟ ਚੁਕਿਆ ਸੀ। ਧਾਰਮਿਕ ਖੇਤਰ ਵਿਚ ਧੁੰਧੂਕਾਰ ਸੀ। ਇਕ ਪਾਸੇ ਬੁੱਤ-ਪ੍ਰਸਤੀ ਅਤੇ ਪਾਖੰਡ ਸਨ ਦੂਜੇ ਪਾਸੇ ਜੁਲਮ ਤੇ ਤਸ਼ੱਦਦ ਕਾਰਨ ਸੰਸਾਰ ਵਿਚ ਗਿਲਾਨੀ, ਗੁਲਾਮੀ ਅਤੇ ਨਿਰਾਸਤਾ ਮਚੀ ਹੋਈ ਸੀ। ਅਸਲੀਅਤ ਦੀ ਥਾਂ ਕੇਵਲ ਦਿਖਾਵਾ ਰਹਿ ਗਿਆ ਸੀ। ਗੁਰੂ ਸਾਹਿਬ ਦੇ ਇਨ੍ਹਾਂ ਵਿਚਾਰਾਂ ਨੂੰ ਮੂਰਤੀਮਾਨ ਕਰਨ ਲਈ ਚੌਥਾ ਅਧਿਆਇ 'ਆਸਾ ਦੀ ਵਾਰ' ਵਿਚ ਧਾਰਮਿਕ ਸਥਿਤੀ ਦੀ ਚੇਤਨਾ' ਰੱਖਿਆ ਹੈ। ਗੁਰੂ ਸਾਹਿਬ ਨੇ ਲੋਕਾਈ ਨੂੰ ਨਾਮ ਸਿਮਰਨ ਅਤੇ ਇਕ ਪਰਮਾਤਮਾ ਦੀ ਉਪਾਸਨਾ ਲਈ ਪ੍ਰੇਰਿਆ। ਗੁਰੂ ਸਾਹਿਬ ਨੇ ਕਿਹਾ ਕਿ ਕੇਵਲ ਨਾਮ ਸਿਮਰਨ ਦੁਆਰਾ ਹੀ ਮਨੁੱਖ ਇਸ ਵਿਖਮ ਭਵ ਸਾਗਰ ਤੋਂ ਪਾਰ ਹੋ ਸਕਦਾ ਹੈ। ਸ੍ਰੇਸ਼ਟ ਧਰਮ ਅਨੁਸਾਰ ਮਨੁੱਖ ਨੂੰ ਕੂੜ ਅਗਿਆਨਤਾ ਅਤੇ ਪਾਖੰਡਾਂ ਨੂੰ ਛੋੜ ਦੇਣਾ ਚਾਹੀਦਾ ਹੈ। ਇਹ ਮਨੁੱਖ ਨੂੰ ਧਰਮੀ ਬਣਨ ਵਿਚ ਰੁਕਾਵਟ ਪੈਦਾ ਕਰਦੇ ਹਨ।

Sri Satguru Jagjit Singh Ji eLibrary NamdhariElibrary@gmail.com

ਪੰਜਵੇਂ ਅਧਿਆਇ ਵਿਚ ਸਭਿਆਚਾਰਕ ਸਥਿਤੀ ਦੇ ਸੰਦਰਭ ਵਿਚ ਗੱਲ ਕੀਤੀ ਗਈ ਹੈ। ਉਸ ਸਮੇਂ ਪ੍ਰਚਲਤ ਰਸਮੋ ਰਿਵਾਜ ਅਤੇ ਪੂਜਾ ਵਿਧੀਆਂ ਬਾਰੇ ਦੱਸਣ ਦੀ ਕੋਸ਼ਿਸ਼ ਕੀਤੀ ਹੈ। ਗੁਰੂ ਸਾਹਿਬ ਨੇ ਕਿਸੇ ਧਰਮ ਜਾਂ ਧਾਰਮਿਕ ਪੁਸਤਕ ਦਾ ਖੰਡਨ ਨਹੀਂ ਕੀਤਾ ਬਲਕਿ ਉਨ੍ਹਾਂ ਵਿਚ ਪ੍ਰਚਲਤ ਕਰਮ ਕਾਂਡਾਂ ਅਤੇ ਕੁਰੀਤੀਆਂ ਦਾ ਖੰਡਨ ਕੀਤਾ ਹੈ। 'ਆਸਾ ਦੀ ਵਾਰ' ਵਿਚ ਗੁਰੂ ਸਾਹਿਬ ਨੇ ਕੇਵਲ ਕਿਸੇ ਇਕ ਮਤ ਦੇ ਅਨੁਯਾਈਆਂ ਦੀ ਗੱਲ ਨਹੀਂ ਕੀਤੀ ਸਗੋਂ ਸਾਰੇ ਧਰਮਾਂ ਦੇ ਪੈਰੋਕਾਰਾਂ ਵਿਚ ਇਸ ਪ੍ਰਵਿਰਤੀ ਦਾ ਉਲੇਖ ਕੀਤਾ ਹੈ। ਜੇ ਇਕ ਪਾਸੇ ਜਨੇਊਧਾਰੀ ਕਸਾਈ ਹੈ ਦੂਜੇ ਪਾਸੇ ਆਦਮ ਖੋਰ ਨਮਾਜ਼ੀ। ਅਜਿਹੇ ਪਾਖੰਡੀ ਲੋਕਾਂ ਦੇ ਸਾਰੇ ਕਰਮ ਕਾਂਡ ਉਸ ਕੂੜ ਦਾ ਵਰਤਾਰਾ ਹਨ ਜਿਸਦੇ ਮਾਰੂ ਪ੍ਰਭਾਵਾਂ ਨੇ ਜਿਉਣੇ ਮਨੁੱਖਾਂ ਨੂੰ ਮੁਰਦਾ ਬਣਾ ਦਿਤਾ ਹੈ।

ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰ।।

ਇਸ ਦੇ ਨਾਲ ਹੀ ਗੁਰੂ ਸਾਹਿਬ ਸ਼ਾਸਕਾਂ ਤੇ ਸ਼ਾਸਿਤਾਂ ਦੇ ਸੰਬੰਧਾਂ ਨੂੰ ਸਭਿਆਚਾਰਕ ਪਰਿਪੇਖ ਤੋਂ ਵਿਚਾਰ ਅਧੀਨ ਲਿਆਉਂਦੇ ਹਨ। ਸ਼ਾਸਕ ਤੇ ਸ਼ਾਸਿਤ ਦੇ ਸੰਬੰਧ ਕਦੇ ਵੀ ਬਰਾਬਰੀ ਦੇ ਨਹੀਂ ਹੋ ਸਕਦੇ। ਸ਼ਾਸਕ ਅਚੇਤ ਜਾਂ ਸੁਚੇਤ ਦਬਾਉ ਦੁਆਰਾ ਸ਼ਾਸਿਤ ਨੂੰ ਆਪਣੇ ਸਭਿਆਚਾਰਕ ਰੂਪਾਂ ਨੂੰ ਗ੍ਰਹਿਣ ਕਰਨ ਲਈ ਮਜਬੂਰ ਕਰਦਾ ਹੈ। ਇਥੋਂ ਤਕ ਹਾਰੇ ਹੋਏ ਸਭਿਆਚਾਰ ਆਪਣੇ ਪਰਮਾਤਮਾ ਦੇ ਨਾਂ ਤਕ ਬਦਲ ਲੈਂਦੇ ਹਨ। ਆਪਣੀ ਬਾਣੀ, ਬਾਣਾ ਤੇ ਬੋਲਾ ਤਕ ਤਿਆਗ ਦੇਂਦੇ ਹਨ:

ਕਲਿ ਮਹਿ ਬੇਦੁ ਅਥਰਬਣੁ ਹੂਆ ਨਾਉ ਖੁਦਾਈ ਅਲਹੁ ਭਇਆ।।
ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ।।

ਅਜਿਹੇ ਸਮੇਂ ਜਦੋਂ ਭਾਰਤੀ ਲੋਕ ਆਪਣੀ ਮਾਨਵੀ ਸਮਾਜਕ ਅਤੇ ਆਤਮਕ ਪਛਾਣ ਗਵਾ ਰਹੇ ਸਨ ਉਦੋਂ ਗੁਰੂ ਸਾਹਿਬ ਨੇ 'ਆਸਾ ਦੀ ਵਾਰ' ਰਾਹੀਂ ਇਕ ਨਵੇਂ ਯੁਗ ਦਾ ਆਗਾਜ਼

Sri Satguru Jagjit Singh Ji eLibrary NamdhariElibrary@gmail.com

ਕੀਤਾ ਜਿਹੜਾ ਆਪਣੇ ਸਮੇਂ ਦੇ ਸਚ ਨੂੰ ਪਛਾਣ ਕੇ ਅਜਿਹੀ ਸਭਿਆਚਾਰਕ ਕ੍ਰਾਂਤੀ ਲਿਆ ਸਕੇ ਜਿਹੜੀ ਮਨੁੱਖ ਨੂੰ ਅਖੰਡ ਅਸਤ ਤੇ ਕੂੜ ਦੇ ਹਨੇਰਿਆਂ ਵਿਚੋਂ ਗਿਆਨ, ਸਤ ਅਤੇ ਸੁਤੰਤਰਤਾ ਵਲ ਲਿਜਾ ਸਕੇ।

## ਪੁਸਤਕ ਸੂਚੀ

ਅਤਰ ਸਿੰਘ (ਪ੍ਰੋ.), ਦ੍ਰਿਸ਼ਟੀਕੋਣ, ਲੁਧਿਆਣਾ, ਲਾਹੌਰ ਬੁਕ ਸ਼ਾਪ, 1963

———. ਸਮਦਰਸ਼ਨ, ਅੰਮ੍ਰਿਤਸਰ, ਰਘਬੀਰ ਰਚਨਾ ਪ੍ਰਕਾਸ਼ਨ, 1975

ਅਵਨੇਰ, ਜੋਸ਼, ਮਾਰਕਸਵਾਦੀ ਸੁਹਜ ਸ਼ਾਸਤਰ ਦੀਆਂ ਬੁਨਿਆਦਾਂ, ਚੰਡੀਗੜ੍ਹ ਪੰਜਾਬ ਬੁੱਕ ਸੈਂਟਰ, ਸੰਨ ਰਹਿਤ

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ

ਅਮੋਲ, ਸ.ਸ., ਨਾਨਕ ਬੋਲੈ ਅੰਮ੍ਰਿਤ ਬਾਣੀ (ਭਾਗ - 1) ਲੁਧਿਆਣਾ, ਸ਼ਾਂਤੀ ਪ੍ਰਕਾਸ਼ਨ, 1977

ਏ.ਓਵਰਾਰੈਂਕੋ, ਸਮਾਜਵਾਦੀ ਯਥਾਰਥਵਾਦ ਅਤੇ ਆਧੁਨਿਕ ਸਾਹਿਤਕ ਪ੍ਰਕ੍ਰਿਆ, ਚੰਡੀਗੜ੍ਹ, ਪੰਜਾਬ ਬੁੱਕ ਸੈਂਟਰ,

ਸਾਹਿਬ ਸਿੰਘ (ਪ੍ਰੋ.), ਆਸਾ ਦੀ ਵਾਰ ਸਟੀਕ, ਅੰਮ੍ਰਿਤਸਰ, ਸਿੰਘ ਬ੍ਰਦਰਜ਼, 1970

———. ਦਸ ਵਾਰਾਂ ਸਟੀਕ, ਲੁਧਿਆਣਾ, ਲਾਹੌਰ ਬੁਕ ਸ਼ਾਪ, ਮਿਤੀਹੀਣ

ਸੂਰੀ, ਕਰਤਾਰ ਸਿੰਘ, (ਡਾ.), ਵਿਚਾਰ ਵਿਮਰਸ਼, ਅੰਮ੍ਰਿਤਸਰ, ਨਾਨਕ ਸਿੰਘ ਪੁਸਤਕਮਾਲਾ, 1976

ਸਤਿਬੀਰ ਸਿੰਘ (ਪ੍ਰਿੰ.), ਸਾਡਾ ਇਤਿਹਾਸ (ਦਸ ਪਾਤਸ਼ਾਹੀਆਂ) (1469-1708) ਭਾਗ ਪਹਿਲਾ, ਜਲੰਧਰ, ਨਿਊ ਬੁਕ ਕੰ ਪਨੀ, 1984

Sri Satguru Jagjit Singh Ji eLibrary NamdhariElibrary@gmail.com

ਹਰਿਭਜਨ ਸਿੰਘ (ਡਾ.), ਅਧਿਐਨ ਤੇ ਅਧਿਆਪਨ, ਅੰਮ੍ਰਿਤਸਰ, ਨਵਚੇਤਨ ਪਬਲਿਸ਼ਰਜ਼, 1970

______, ਸਾਹਿਤ ਸ਼ਾਸਤਰ, ਅੰਮ੍ਰਿਤਸਰ, ਨਵਚੇਤਨ ਪਬਲਿਸ਼ਰਜ਼, 1973

ਕੰਗ, ਕੁਲਬੀਰ ਸਿੰਘ (ਡਾ.), ਮਹਾਂਕਵੀ ਗੁਰੂ ਨਾਨਕ (ਪੁਨਰ ਮੁਲੰਕਣ ਤੇ ਪੁਨਰ ਵਿਆਖਿਆ), ਅੰਮ੍ਰਿਤਸਰ, ਰਘਬੀਰ ਰਚਨਾ ਪ੍ਰਕਾਸ਼ਨ, 1977

ਕੰਗ, ਕੁਲਬੀਰ ਸਿੰਘ (ਡਾ.) ਤੇ ਬ੍ਰਹਮ ਜਗਦੀਸ਼ ਸਿੰਘ (ਪ੍ਰੋ.) ਸਾਹਿਤ ਸਭਿਆਚਾਰ ਤੇ ਪੰਜਾਬ, ਅੰਮ੍ਰਿਤਸਰ, ਲੋਕ ਸਾਹਿਤ ਪ੍ਰਕਾਸ਼ਨ, 1987

ਕੋਹਲੀ, ਸੁਰਿੰਦਰ ਸਿੰਘ (ਡਾ.) ਤੇ ਮੁਦਰਾ ਬਚਨ ਸਿੰਘ (ਸਹਾਇਕ ਸੰਪਾ.), ਗੁਰੂ ਨਾਨਕ ਜੀਵਨ ਦਰਸ਼ਨ ਅਤੇ ਕਾਵਿ ਕਲਾ, ਚੰਡੀਗੜ੍ਹ, ਪੰਜਾਬ ਯੂਨੀਵਰਸਿਟੀ, ਪਬਲੀਕੇਸ਼ਨ ਬਿਊਰੋ, 1969

ਕੋਹਲੀ, ਸੁਰਿੰਦਰ ਸਿੰਘ (ਡਾ.), ਪੰਜਾਬੀ ਸਾਹਿਤ ਦਾ ਇਤਿਹਾਸ, ਚੰਡੀਗੜ੍ਹ, ਪੰਜਾਬ ਯੂਨੀਵਰਸਿਟੀ, ਪਬਲੀਕੇਸ਼ਨ ਬਿਊਰੋ, 1967

______ (ਸੰਪਾ.), ਗੁਰੂ ਤੇਗ ਬਹਾਦਰ ਜੀਵਨ ਸਮਾਂ ਅਤੇ ਰਚਨਾ, ਚੰਡੀਗੜ੍ਹ, ਪਬਲੀਕੇਸ਼ਨ ਬਿਊਰੋ, ਪੰਜਾਬ ਯੂਨੀਵਰਸਿਟੀ, 1976

ਕੋਹਲੀ, ਕੁਲਵੰਤ ਕੌਰ (ਡਾ.), ਗੁਰੂ ਨਾਨਕ ਦੇਵ ਜੀ ਦਾ ਜੀਵ ਦਾ ਸੰਕਲਪ, ਪਟਿਆਲਾ, ਭਾਸ਼ਾ ਵਿਭਾਗ ਪੰਜਾਬ, 1979

ਕਾਹਨ ਸਿੰਘ (ਭਾਈ), ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਪਟਿਆਲਾ, ਭਾਸ਼ਾ ਵਿਭਾਗ ਪੰਜਾਬ, 1960

ਕਿਸ਼ਨ ਸਿੰਘ (ਪ੍ਰੋ.), ਸਿਖ ਇਨਕਲਾਬ ਦਾ ਮੋਢੀ, ਗੁਰੂ ਨਾਨਕ, ਲੁਧਿਆਣਾ, ਪੰਜਾਬੀ ਸਾਹਿਤ ਅਕਾਡਮੀ, 1973

Sri Satguru Jagjit Singh Ji eLibrary NamdhariElibrary@gmail.com

ਖੁਰਸ਼ੀਦ, ਆਧੁਨਿਕ ਪੰਜਾਬੀ ਕਵਿਤਾ ਵਿਚ ਨਵੀਆਂ ਪ੍ਰਵਿਰਤੀਆਂ, ਅੰਮ੍ਰਿਤਸਰ, ਹਰਬਖਸ਼ ਪਬਲੀਕੇਸ਼ਨ, 1973

ਗਰੇਵਾਲ, ਹਰਵਿੰਦਰ ਕੌਰ (ਐਮ.ਏ), ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਵਾਰਾਂ ਦੀ ਸਮਾਜਕ ਮਹੱਤਤਾ, ਜਲੰਧਰ, ਹਜ਼ੂਰੀਆ ਐਂਡ ਸਨਜ਼, 1976

ਗੁਰਦਾਸ (ਭਾਈ), ਵਾਰਾਂ,

ਗੁਰਬਖਸ਼ (ਅਨੁਵਾਦਕ), ਗੁਰੂ ਨਾਨਕ ਲੇਖ ਸੰਗ੍ਰਹਿ, ਮਾਸਕੋ, ਪ੍ਰਗਤੀ ਪ੍ਰਕਾਸ਼ਨ, 1977

ਗੁਰਮੁਖ ਨਿਹਾਲ ਸਿੰਘ, ਗੁਰੂ ਨਾਨਕ ਜੀਵਨ ਯੁਗ ਅਤੇ ਉਪਦੇਸ਼, ਨਵੀਂ ਦਿੱਲੀ, ਗੁਰੂ ਨਾਨਕ ਫਾਊਂਡੇਸ਼ਨ, 1969

ਗੁਰਦੇਵ ਸਿੰਘ, ਗੁਰੂ ਨਾਨਕ ਵਿਚਾਰ ਅਤੇ ਕਾਵਿ ਕਲਾ, ਲੁਧਿਆਣਾ, ਲਾਹੌਰ ਬੁਕ ਸ਼ਾਪ, (ਮਿਤੀਹੀਣ)

ਗਿੱਲ, ਨਿਰਮਲ ਸਿੰਘ (ਡਾ.), ਗੁਰੂ ਨਾਨਕ ਬਾਣੀ ਵਿਚ ਮੁਕਤੀ ਮਾਰਗ, ਜਲੰਧਰ, 581, ਐਲ, ਮਾਡਲ ਟਾਊਨ, 1982

ਘੁੰਮਣ, ਬਿਕਰਮ ਸਿੰਘ (ਡਾ.), ਆਸਾ ਦੀ ਵਾਰ ਚਿੰਤਨ ਤੇ ਕਲਾ, ਅੰਮ੍ਰਿਤਸਰ, ਲਿਟਰੇਚਰ ਹਾਊਸ, 1981

———, ਮੱਧਕਾਲੀਨ ਪੰਜਾਬੀ ਸਾਹਿਤ, ਅੰਮ੍ਰਿਤਸਰ, ਚੀਨ ਪ੍ਰਿੰਟਿੰਗ ਪ੍ਰੈਸ, 1989

ਛਾਬੜਾ, ਜਗਜੀਤ ਸਿੰਘ, ਗੁਰੂ ਨਾਨਕ ਬਾਣੀ ਇਕ ਅਧਿਐਨ, ਜਲੰਧਰ, ਸੀਮਾ ਪ੍ਰਕਾਸ਼ਨ, 1971

ਜਗਤਾਰ, ਜਗੀਰ ਸਿੰਘ (ਸੰਪਾ.), ਗੁਰੂ ਨਾਨਕ ਇਕ ਦ੍ਰਿਸ਼ਟੀਕੋਣ, ਬਰਨਾਲਾ, ਮੁਹਾਂਦਰਾ ਪ੍ਰਕਾਸ਼ਨ, 197[illegible]

Sri Satguru Jagjit Singh Ji eLibrary NamdhariElibrary@gmail.com

ਜਗਬੀਰ ਸਿੰਘ,(ਡਾ.), ਗੁਰੂ ਨਾਨਕ ਬਾਣੀ ਵਿਚ ਨੈਤਿਕਤਾ ਦਾ ਸੰਕਲਪ, ਪਟਿਆਲਾ, ਭਾਸ਼ਾ ਵਿਭਾਗ ਪੰਜਾਬ, 1973

———, ਬਾਣੀ,ਸੰਸਾਰ, ਦਿੱਲੀ, ਰਵਿੰਦਰ ਪ੍ਰਕਾਸ਼ਨ, 1975

ਜਸਬੀਰ ਕੌਰ (ਡਾ.), ਨਾਨਕ ਬਾਣੀ ਵਿਚ ਵਿਅਕਤੀ ਤੇ ਸਮਾਜ ਦਾ . ਲਪ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1972

ਜੋਧ ਸਿੰਘ (ਭਾਈ), ਗੁਰਮਤਿ ਨਿਰਣਯ, ਲੁਧਿਆਣਾ , ਮਾਡਲ ਟਾਊਨ, 1932

———, ਗੁਰੂ ਨਾਨਕ ਬਾਣੀ, ਨਵੀਂ ਦਿੱਲੀ, ਨੈਸ਼ਨਲ ਬੁਕ ਟਰੱਸਟ ਇੰਡੀਆ , 1971

ਜੋਸ਼, ਮਹਿੰਦਰ ਸਿੰਘ, ਆਸਾ ਦੀ ਵਾਰ ਸਟੀਕ, ਲੁਧਿਆਣਾ, ਸਿੱਖ ਮਿਸ਼ਨਰੀ ਕਾਲਜ, 1983

ਜੱਗੀ, ਰਤਨ ਸਿੰਘ (ਡਾ.), ਗੁਰੂ ਨਾਨਕ ਦੀ ਵਿਚਾਰਧਾਰਾ , ਦਿੱਲੀ, ਨਵਯੁਗ ਪਬਲਿਸ਼ਰਜ਼, 1969

ਤਾਰਨ ਸਿੰਘ (ਡਾ.), ਗੁਰੂ ਨਾਨਕ ਚਿੰਤਨ ਤੇ ਕਲਾ, ਅੰਮ੍ਰਿਤਸਰ, ਕਸਤੂਰੀ ਲਾਲ ਐਂਡ ਸਨਜ਼, 1963

ਤਿਵਾੜੀ, ਵਿਸ਼ਵਾਨਾਥ (ਡਾ.), ਕ੍ਰਾਂਤੀਕਾਰੀ ਗੁਰੂ ਨਾਨਕ, ਚੰਡੀਗੜ੍ਹ, ਪਬਲੀਕੇਸ਼ਨ ਬਿਊਰੋ ਪੰਜਾਬ ਯੂਨੀਵਰਸਿਟੀ, 1969

ਥਿੰਦ, ਕਰਨੈਲ ਸਿੰਘ (ਡਾ.), ਲੋਕਯਾਨ ਅਤੇ ਮਧਕਾਲੀਨ ਪੰਜਾਬੀ ਸਾਹਿਤ, ਅੰਮ੍ਰਿਤਸਰ ਰਵੀਸਾਹਿਤ ਪ੍ਰਕਾਸ਼ਨ, 1973

ਦਾਪਿ, ਦੇਵਿੰਦਰ ਕੌਰ (ਡਾ.), ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਗੁਰੂ ਨਾਨਕ ਬਾਣੀ ਵਿਚ ਭਗਤੀ ਸਭਿਆਚਾਰ ਦਾ ਚਿਤ੍ਰਨ, ਪਟਿਆਲਾ, ਭਾਸ਼ਾ ਵਿਭਾਗ ਪੰਜਾਬ, 1983


Sri Satguru Jagjit Singh Ji eLibrary NamdhariElibrary@gmail.com

ਦੀਵਾਨ ਸਿੰਘ (ਡਾ.), ਗੁਰੂ ਨਾਨਕ ਦੀ ਸਾਹਿਤਕ ਪ੍ਰਤਿਭਾ ਤੇ ਹੋਰ ਲੇਖ, ਅੰਮ੍ਰਿਤਸਰ, ਫ਼ਕੀਰ ਸਿੰਘ ਐਂਡ ਸਨਜ਼, 1968

ਦੁਸਾਂਝ, ਸੁਰਿੰਦਰ ਸਿੰਘ, ਗੁਰੂ ਨਾਨਕ ਬਾਰੇ ਸੱਚ ਦੀ ਖੋਜ, ਲੁਧਿਆਣਾ, ਸਾਹਿਤ ਕਲਾ ਪ੍ਰਕਾਸ਼ਨ, 1972

ਨਰਿੰਦਰ ਕੌਰ, ਆਸਾ ਦੀ ਵਾਰ ਦਾ ਆਲੋਚਨਾਤਮਕ ਅਧਿਐਨ, 1968

ਪਦਮ, ਪਿਆਰਾ ਸਿੰਘ (ਸੰਪਾ.), ਪੰਜਾਬੀ ਵਾਰਾਂ, ਲੁਧਿਆਣਾ, ਲਾਹੌਰ ਬੁਕ ਸ਼ਾਪ, 1951

———, ਸ੍ਰੀ ਗੁਰੂ ਗ੍ਰੰਥ ਪ੍ਰਕਾਸ਼, ਪਟਿਆਲਾ, ਕਲਮ ਮੰਦਿਰ ਲੋਅਰ ਮਾਲ, 1990

ਪਲੈਖਾਨੋਵ, ਜੀਵੀ., ਕਲਾ ਅਤੇ ਸਮਾਜਕ ਜੀਵਨ, ਮਾਸਕੋ, ਪ੍ਰੋਗ੍ਰੈਸ ਪਬਲਿਸ਼ਰਜ਼, ਲਿਮਟਿਡ, 1979

ਫਰੈਂਕ, ਗੁਰਬਖ਼ਸ਼ ਸਿੰਘ, ਸਭਿਆਚਾਰ ਮੁਢਲੀ ਜਾਣ-ਪਛਾਣ, ਅੰਮ੍ਰਿਤਸਰ, ਦੀ ਕੋਆਪਰੇਟਿਵ ਪੰਜਾਬੀ ਰਾਈਟਰਜ਼/ਸੋਸਾਇਟੀ ਲਿਮਟਿਡ, 1984

———, ਵਿਰੋਧ ਵਿਕਾਸ ਤੇ ਸਾਹਿਤ, ਲੁਧਿਆਣਾ, ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ ਲਿਮਟਿਡ, 1985

ਬੇਦੀ, ਕਾਲਾ ਸਿੰਘ (ਡਾ.) ਵਾਰਕਾਰ ਗੁਰੂ ਨਾਨਕ, ਦਿੱਲੀ, ਪੰਜਾਬੀ ਬੁਕ ਸਟੋਰ, 1968

———, ਗੁਰੂ ਨਾਨਕ ਦਰਸ਼ਨ, ਨਵੀਂ ਦਿੱਲੀ, ਪੰਜਾਬੀ ਪ੍ਰਕਾਸ਼ਨ, 1965

———, ਵਾਰਾਂ ਗੁਰੂ ਨਾਨਕ, ਨਵੀਂ ਦਿੱਲੀ, ਪੰਜਾਬੀ ਬੁਕ ਸਟੋਰ, 1969

ਮਹਿਤਾਬ ਸਿੰਘ, ਗਿਆਨੀ, ਆਸਾ ਦੀ ਵਾਰ ਸਟੀਕ, ਅੰਮ੍ਰਿਤਸਰ, ਫੁਲਵਾੜੀ ਏਜੰਸੀ ਬਾਜ਼ਾਰ, ਮਾਈ ਸੇਵਾਂ,


Sri Satguru Jagjit Singh Ji eLibrary NamdhariElibrary@gmail.com

ਮਨਮੋਹਨ ਸਿੰਘ (ਡਾ.), ਭਗਤੀ ਅੰਦੋਲਨ ਪ੍ਰਤੀ ਗੁਰੂ ਨਾਨਕ ਦੇਵ ਜੀ ਦੀ ਦੇਣ, ਨਵੀਂ ਦਿੱਲੀ, ਮਨਦੀਪ ਪ੍ਰਕਾਸ਼ਨ, 1975

ਮੱਧਕਾਲੀਨ ਪੰਜਾਬੀ ਸਾਹਿਤ, ਭਾਸ਼ਾ ਵਿਭਾਗ ਪੰਜਾਬ, 1970

ਰਾਹੀ, ਗੁਰਬਚਨ ਸਿੰਘ, ਗੁਰੂ ਨਾਨਕ ਬਾਣੀ [illegible] ਵਿਵੇਚਨ, ਅੰਮ੍ਰਿਤਸਰ, ਨਿਊ ਏਜ ਬੁਕ ਸੈਂਟਰ, 1977

ਰਾਜਿੰਦਰ ਕੌਰ, ਗੁਰੂ ਨਾਨਕ ਵਿਚਾਰਧਾਰਾ, ਜਲੰਧਰ, ਅਕਾਲ ਸਤਿਸੰਗ ਪਬਲਿਸ਼ਿੰਗ ਹਾਊਸ, 1977

ਰੈਨਾ, ਰਾਜਕੌਰ (ਡਾ.), ਗੁਰੂ ਨਾਨਕ ਕਾਵਿ ਵਿਚ ਆਚਾਰ -ਨੀਤੀ (ਨੈਤਿਕਤਾ ਦਾ ਸੰਕਲਪ, ਕਸ਼ਮੀਰ (ਬਾਰਾਮੂਲਾ) ਜਗਜੀਤ ਪ੍ਰਕਾਸ਼ਨ,1973

ਵਜ਼ੀਰ ਸਿੰਘ (ਡਾ.), ਗੁਰੂ ਨਾਨਕ ਬਾਣੀ ਚਿੰਤਨ, ਲੁਧਿਆਣਾ, ਲਾਹੌਰ ਬੁਕ ਸ਼ਾਪ, 1969

———, ਧਰਮ ਦਾ ਦਾਰਸ਼ਨਿਕ ਪੱਖ, ਪਟਿਆਲਾ, ਪੰਜਾਬੀ ਯੂਨੀਵਰਸਿਟੀ ਪਬਲੀਕੇਸ਼ਨ ਬਿਊਰੋ, 1986

———, ਨੈਤਿਕ ਨਿਯਮ, ਪਟਿਆਲਾ, ਪੰਜਾਬੀ ਯੂਨੀਵਰਸਿਟੀ, 1970

ਵੋਹਰਾ, ਆਸ਼ਾ ਨੰਦ (ਡਾ.), ਸ੍ਰੀ ਗੁਰੂ ਨਾਨਕ ਦੇਵ ਜੀ ਰਚਿਤ ਆਸਾ ਦੀ ਵਾਰ (ਇਕ ਸਾਂਸਕ੍ਰਿਤਿਕ ਅਧਿਐਨ), ਰੋਹਤਕ, ਜੈਨ ਬੁਕ ਡਿਪੋ, 1971

ਵਿ.ਗਿ.ਅਫ਼ਾਨਾਸਏਵ, ਦਾਰਸ਼ਨਿਕ ਗਿਆਨ ਦੇ ਮੁਢਲੇ ਨਿਯਮ, ਮਾਸਕੋ, ਪ੍ਰਗਤੀ ਪ੍ਰਕਾਸ਼ਨ, 1978

ਸ਼ੇਰਗਿੱਲ, ਸੁਰਿੰਦਰ ਸਿੰਘ (ਡਾ.), ਪੰਜਾਬੀ ਸਭਿਆਚਾਰ ਦੀ ਰੂਪ ਰੇਖਾ, ਲੁਧਿਆਣਾ, ਲਾਹੌਰ ਬੁਕ ਸ਼ਾਪ, 1986


Sri Satguru Jagjit Singh Ji eLibrary NamdhariElibrary@gmail.com

## ਪਤਰਕਾਵਾਂ

ਆਲੋਚਨਾ (ਗੁਰੂ ਨਾਨਕ ਅੰਕ), ਪੰਜਾਬੀ ਸਾਹਿਤ ਅਕਾਡਮੀ, 1969

ਗੁਰਮਤਿ ਪ੍ਰਕਾਸ਼ (ਗੁਰੂ ਨਾਨਕ ਬਾਣੀ ਅੰਕ), ਅੰਮ੍ਰਿਤਸਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਤੰਬਰ, 1969

______, ਉਹੀ, ਨਵੰਬਰ, 1982

______, ਉਹੀ, ਅਗਸਤ, 1970

______, ਉਹੀ, ਸਤੰਬਰ, 1983

______, ਉਹੀ, ਨਵੰਬਰ, 1983

ਸਾਹਿਤ ਸਮਾਚਾਰ ਦਾ ਗੁਰੂ ਸਾਹਿਤ ਅੰਕ, ਲੁਧਿਆਣਾ, ਲਾਹੌਰ ਬੁੱਕ ਸ਼ਾਪ, 197

ਜਾਗ੍ਰਤੀ ਦਸੰਬਰ, 1988

ਨਾਨਕ ਪ੍ਰਕਾਸ਼ ਪਤ੍ਰਿਕਾ, ਦਸੰਬਰ, 1987

ਪੰਜਾਬੀ ਦੁਨੀਆ (ਗੁਰੂ ਨਾਨਕ ਅੰਕ) ਭਾਗ ਪਹਿਲਾ, ਪਟਿਆਲਾ, ਭਾਸ਼ਾ ਵਿਭਾਗ ਪੰਜਾਬ,

ਪਰਖ, ਗੁਰੂ ਨਾਨਕ ਸਿਮ੍ਰਿਤੀ ਅੰਕ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਨੰਬਰ 1, 1969

ਖੋਜ ਪਤ੍ਰਿਕਾ, ਅੰਕ 4, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1970

ਖੋਜ ਪਤ੍ਰਿਕਾ ਗੁਰੂ ਨਾਨਕ ਵਿਸ਼ੇਸ਼ ਅੰਕ, 1969, ਪੰਜਾਬੀ ਯੂਨੀਵਰਸਿਟੀ, ਪਟਿਆਲਾ,

## ਸੋਧ-ਪ੍ਰਬੰਧ :

ਬਲਜੀਤ ਕੌਰ, ਗੁਰੂ ਨਾਨਕ ਬਾਣੀ ਵਿਚ ਮਾਨਵਵਾਦ ਦਾ ਸੰਕਲਪ, ਚੰਡੀਗੜ੍ਹ, ਪੰਜਾਬ ਯੂਨੀਵਰਸਿਟੀ, 1990

Sri Satguru Jagjit Singh Ji eLibrary NamdhariElibrary@gmail.com

ਹਿੰਦੀ ਪੁਸਤਕਾਂ :

ਵਕੇਲੋ, ਘੋਰ ਮ. ਕੋਵਲਜਨ, ਇਤਿਹਾਸਕ ਭੌਤਿਕਵਾਦ ਸਮਾਜ ਦੇ ਮਾਰਕਸਵਾਦੀ ਸਿਧਾਂਤ ਦੀ ਰੂਪ ਰੇਖਾ, ਮਾਸਕੋ , ਪ੍ਰਗਤੀ ਪ੍ਰਕਾਸ਼ਨ, 1974

ਨਵਲ ਕਿਸ਼ੋਰ (ਡਾ.), ਮਾਨਵਵਾਦ ਅਤੇ ਸਾਹਿਤ, ਦਿੱਲੀ, ਰਾਧਾ ਕ੍ਰਿਸ਼ਨ ਅਨਸਾਰੀ ਰੋਡ, 1972

ਦਿਵੇਦੀ, ਹਜਾਰੀ ਪ੍ਰਸ਼ਾਦ (ਡਾ.), ਮਧਕਾਲੀਨ ਧਰਮ ਸਾਧਨਾ, ਇਲਾਹਾਬਾਦ, ਸਾਹਿਤਯ ਭਵਨ ਪ੍ਰਾ. ਲਿ. 1962

———, ਮੱਧਕਾਲੀਨ ਬੋਧ ਕਾ ਸਵਰੂਪ, ਚੰਡੀਗੜ੍ਹ, ਪਬਲੀਕੇਸ਼ਨ ਬਿਊਰੋ, ਪੰਜਾਬ ਯੂਨੀਵਰਸਿਟੀ, 1970

ਮਿਸ਼ਰ, ਜਯ ਰਾਮ (ਡਾ.), ਨਾਨਕ ਬਾਣੀ, ਇਲਾਹਾਬਾਦ, ਮਿਤਰ ਪ੍ਰਕਾਸ਼ਨ

ਵਰਮਾ, ਸੁਰੇਂਦਰ (ਡਾ.), ਨੀਤੀ ਸ਼ਾਸਤਰ ਕੀ ਸਮਕਾਲੀਨ ਪ੍ਰਵਿਰਤੀਆਂ, ਭੁਪਾਲ ਮਧਯ ਪ੍ਰਦੇਸ਼ ਹਿੰਦੀ ਗ੍ਰੰਥ ਅਕਾਡਮੀ, 1981

ਨਾਮਵਰ ਸਿੰਘ (ਡਾ.), ਕਵਿਤਾ ਕੇ ਨਏ ਪ੍ਰਤਿਮਾਨ, ਦਿੱਲੀ ਰਾਜ ਕਮਲ, ਪ੍ਰਕਾਸ਼ਨ 1974

<u>English Books</u> :

Attar Singh (Dr.), <u>Secularism and Sikh Faith</u>, Amritsar Guru Nanak Dev University, 1973

Anand, Balwant Singh, <u>Guru Nanak: Religion and Ethics</u>, Patiala, Panjabi University, 1968

Avtar Singh, <u>Ethics of the Sikhs</u>, Patiala, Panjabi University, 1970

Bal, Surjit Singh, <u>Life of Guru Nanak</u>, Chandigarh, Publication Bureau, Panjab University, 1969

Banerjee Indubhushan, <u>Evolution of the Khalsa</u>, Vol.I, Calcutta, A.R. Mukherjee, 2, College square, 1947

Cunningham, J.D., <u>History of the Sikh</u>, Oxford University Press, 1918

Darshan Singh (Dr.) <u>The Religion of Guru Nanak</u>, Ludhiana, Lyall Book Depot, 1970

Deol, Gurdev Singh, <u>Social and Political Philosophy of Guru Nanak and Guru Gobind Singh</u>, Jallandhar, New Academic Publishing Col, 1976

Eliot, T. S. <u>Selected Essays</u>, London, Faber and Faber, 1932

Gupta, Hari Ram, <u>History of Sikh Gurus</u>, New Delhi U.C Kapur & Sons, 1974

Ganda Singh, <u>Sources of the life and Teachings of Guru Nanak</u> (Ed.) Patiala, Panjabi University, 1969

Grewal, J.S., *Guru Nanak in History*, Chandigarh Panjab University, 1969

Harbans Singh, *Prospectives on Guru Nanak*, (Seminar Papers) Patiala Panjabi University, 1975

Jodh Singh (Bhai), *Some Studies in Sikhism*, Ludhiana, Lahore Book Shop, 1953

Kohli, Surinder Singh(Dr.) *A Critical Study of Adi Granth*, New Delhi, The Panjabi Writers Co-operative Industrial Society Ltd., New Delhi, 1961

Narang, Gokal Chand, (Sir) *Transformation of Sikhism*, New Delhi, New Books Society of India, 1956

P.Thomas, *Indian Women Through the Ages*, New York: Asia Publishing House, 1964

Payne, C.H., *The Short History of the Sikhs*, London, Nelson, N.D

Puran Singh (Prof.) *The Spirit Born People*, Director Language Deptt., Panjab, 1970

Radha Krishnan, *Recovery of Faith*, New Delhi, Orient Paper backs, 1969

Sohan Singh, *Asa Di War, TheBallad of God and Man* Amritsar, Deptt. of Guru Nanak Sikh Studies, Guru Nanak Dev University, 1982

Wazir Singh (Dr.) *Humanism of Guru Nanak* (A Philosophical Inquiry) Ess Ess Publications, 1977

**Encyclopedias:**

Encyclopedia Britanica, 1768, A New Survey of Universal Knowledge, Vol. II Gurrnery to Hydroxylenines, Ency. Bri. Chicago, London, Toronto.

Encyclopedia of Religion and Ethics, Vol. II & IV

**Magazines :**

Journal of Medieval Indian Literature, Vol. IV March-Sept. 1978 Nos. 1 & 2 ,Sheikh Baba Farid Chair in Medieval Indian Literature, Chandigarh, Panjab University (International Seminar Papers on Guru Nanak, Panjabi University, Patiala, Studies in Sikhism and Comparative Religion Vol. I, No.1 Oct. 1982, New Delhi Guru Nanak Foundation.

Sri Satguru Jagjit Singh Ji eLibrary NamdhariElibrary@gmail.com